INTERNATIONAL

# ਪੰਜਾਬੀ ਟ੍ਰਿਬਿਊਨ

BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca

Vol.32 / No.17
24 April, 2026
੧੧ ਵੈਸਾਖ ਨਾਨਕਸ਼ਾਹੀ ਸੰਮਤ ੫੫੮

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

Sarup Singh Chandi
Ph: 604-572-5050
1st & 2nd Mortgage
Fast and Easy Approval
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

## ਸ਼ਰਧਾਂਜ਼ਲੀ ਦਿਵਸ - 28 ਅਪ੍ਰੈਲ 2026




ਸਰੀ (ਏਕਜੋਤ ਸਿੰਘ): ਕੈਨੇਡਾ ’ਚ ਹਰ ਸਾਲ, 28 ਅਪ੍ਰੈਲ ਦਾ ਦਿਨ ਕੰਮਾਂ ‘ਤੇ ਜਾਣ ਵਾਲੇ ਵਿਅਕਤੀਆਂ ਅਤੇ ਉਹ ਲੋਕ ਜੋ ਕੰਮ ਕਰਦੇ ਸਮੇਂ ਆਪਣੀ ਜਾਨ ਗੁਆ ਚੁੱਕੇ ਹਨ, ਨੂੰ ਯਾਦ ਕਰਨ ਲਈ ਇਸ ਦਿਨ ਸ਼ਰਧਾਂਜ਼ਲੀ ਦਿਵਸ ਵਜੋਂ ਮਨਾਉਂਦੇ ਹਨ। ਪੂਰੇ ਕੈਨੇਡਾ ਵਿੱਚ, 28 ਅਪ੍ਰੈਲ ਨੂੰ ਸੋਗ ਦਾ ਦਿਨ ਮਨੋਨੀਤ ਕੀਤਾ ਗਿਆ ਹੈ। ਹਰ ਸਾਲ, ਪੂਰੇ ਸੂਬੇ ਵਿੱਚ ਕਾਮੇ, ਪਰਿਵਾਰ, ਰੁਜ਼ਗਾਰਦਾਤਾ ਅਤੇ ਵੱਖ ਵੱਖ ਭਾਈਚਾਰੇ ਉਹਨਾਂ ਲੋਕਾਂ ਨੂੰ ਯਾਦ ਕਰਦੇ ਹਨ ਜਿਨ੍ਹਾਂ ਨੇ ਨੌਕਰੀ ਕਰਦੇ ਸਮੇਂ ਆਪਣੀਆਂ ਜਾਨਾਂ ਗੁਆ ਦਿੱਤੀਆਂ ਸਨ ਅਤੇ ਅਸੀਂ ਇਸ ਦਿਨ ਨੂੰ ਯਾਦ ਕਰਕੇ

» ਬਾਕੀ ਸਫ਼ਾ 2 ’ਤੇ

# ਦੁਰਲੱਭ ਬੀਮਾਰੀ SPG4 ਨਾਲ ਜੂਝ ਰਿਹਾ ਮਾਸੂਮ ਗੁਰਮੋਹ

## ਮੈਕਗਿੱਲ ਅਤੇ ਬਰਕਲੇ ਯੂਨੀਵਰਸਿਟੀ ਵੱਲੋਂ ਗੁਰਮੋਹ ਦੇ ਇਲਾਜ ਦੀ ਉਮੀਦ


ਗੁਰਮੋਹ

ਸਰੀ, (ਏਕਜੋਤ ਸਿੰਘ): ਸਰੀ ਵਿੱਚ ਰਹਿਣ ਵਾਲੇ ਪੰਜਾਬੀ ਮੂਲ ਦੇ ਡਾਕਟਰ ਸਟਾਲਿਨ ਗਿੱਲ ਅਤੇ ਉਨ੍ਹਾਂ ਦੀ ਪਤਨੀ ਨਵਪ੍ਰੀਤ ਕੌਰ ਇਸ ਸਮੇਂ ਆਪਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਅਤੇ ਔਖੀ ਲੜਾਈ ਲੜ ਰਹੇ ਹਨ। ਉਨ੍ਹਾਂ ਦਾ 3 ਸਾਲ ਦਾ ਮਾਸੂਮ ਪੁੱਤਰ ਗੁਰਮੋਹ ਇੱਕ ਬੇਹੱਦ ਦੁਰਲੱਭ ਅਤੇ ਗੰਭੀਰ ਜੈਨੇਟਿਕ ਬੀਮਾਰੀ ਨਾਲ ਜੂਝ ਰਿਹਾ ਹੈ, ਜਿਸ ਦੇ ਇਲਾਜ ਲਈ ਪਰਿਵਾਰ ਨੂੰ ਲਗਭਗ 8 ਮਿਲੀਅਨ ਡਾਲਰ ਦੀ ਵੱਡੀ ਰਕਮ ਦੀ ਲੋੜ ਹੈ। ਗੁਰਮੋਹ ਦੇ ਪਿਤਾ ਡਾਕਟਰ ਸਟਾਲਿਨ ਗਿੱਲ ਨੇ ਆਪਣੀ ਪੀੜਾ ਸਾਂਝੀ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਬੇਟਾ ਸਪੈਸਟਿਕ ਪੈਰਾਪਲੇਜੀਆ ਟਾਈਪ 4 (SPG4) ਨਾਮਕ ਬੀਮਾਰੀ ਤੋਂ ਪੀੜਤ ਹੈ, ਜੋ ਉਸ ਦੀਆਂ ਲੱਤਾਂ ਦੀਆਂ ਨਾੜੀਆਂ ਨੂੰ ਲਗਾਤਾਰ ਕਮਜ਼ੋਰ ਕਰ ਰਹੀ ਹੈ।

ਗੁਰਮੋਹ ਦੀ ਸਿਹਤ ਸਬੰਧੀ ਜਾਣਕਾਰੀ ਦਿੰਦਿਆਂ ਡਾਕਟਰ ਗਿੱਲ ਨੇ ਦੱਸਿਆ ਕਿ ਸ਼ੁਰੂਆਤੀ ਦੌਰ ਵਿੱਚ ਉਨ੍ਹਾਂ ਦਾ ਬੇਟਾ ਬਿਲਕੁਲ ਆਮ ਬੱਚਿਆਂ ਵਾਂਗ ਸੀ। ਪਰ ਜਦੋਂ ਗੁਰਮੋਹ 1 ਸਾਲ ਦਾ ਹੋਇਆ, ਤਾਂ ਪਰਿਵਾਰ ਨੇ ਮਹਿਸੂਸ ਕੀਤਾ ਕਿ ਉਹ ਦੂਜੇ ਬੱਚਿਆਂ ਵਾਂਗ ਸਹੀ ਤਰੀਕੇ ਨਾਲ ਚੱਲਣ-ਫਿਰਨ ਵਿੱਚ ਅਸਮਰੱਥ ਹੈ। ਇਸ ਤੋਂ

» ਬਾਕੀ ਸਫ਼ਾ 2 ’ਤੇ

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

ਜੇਕਰ ਤੁਹਾਨੂੰ ਮੋਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
✓ First-time home buyers
✓ Mortgage renewals
✓ Refinancing solutions
✓ Construction mortgage
✓ Purchase or Refinance
Amarpal Singh
Mortgage Advisor
Call : 604.338.7310
CENTUM MORTGAGE

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
OUR SERVICES
- Notarizations
- Real Estate Conveyancing
- Wills & Powers of Attorney
AANCHAL GHAI NOTARY PUBLIC
NAVDEEP KAUR GILL NOTARY PUBLIC
Payal Business Centre
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ ਟੈਸਟ
Lucky Sekhon, 604-614-5365
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਉਟ ਹਾਲ ਦੇ ਹੇਠਾਂ

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC
778-600-0810 2644 Cyril St Abbotsford BC

ਪੰਜਾਬ ਸਵੀਟ ਹਾਊਸ
ਦੇਸੀ ਘਿਉ 'ਚ ਬਣੀਆਂ ਤਾਜ਼ੀਆਂ ਮਠਿਆਈਆਂ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

# ਤੇਲ ਦੀਆਂ ਕੀਮਤਾਂ ਵੱਧਣ ਕਾਰਨ ਰਸੋਈ ਦਾ ਬਜਟ ਵਿਗੜਿਆ



ਸਰੀ, (ਏਕਜੋਤ ਸਿੰਘ): ਕੈਨੇਡਾ ਦੇ ਦੂਰ-ਦੁਰਾਡੇ ਉੱਤਰੀ ਖੇਤਰਾਂ ਵਿੱਚ ਰਹਿਣ ਵਾਲੇ ਭਾਈਚਾਰਿਆਂ ਲਈ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਦੀ ਸਪਲਾਈ ਇੱਕ ਮਹਿੰਗਾ ਸੌਦਾ ਬਣਦੀ ਜਾ ਰਹੀ ਹੈ।

ਫਲੋਰਿਡਾ ਦੇ ਸੰਤਰੇ ਹੋਣ ਜਾਂ ਕੋਲੰਬੀਆ ਦੀ ਕੌਫੀ, ਇਹਨਾਂ ਵਸਤੂਆਂ ਨੂੰ ਗਾਹਕਾਂ ਤੱਕ ਪਹੁੰਚਣ ਲਈ ਇੱਕ ਲੰਬਾ ਸਫ਼ਰ ਤੈਅ ਕਰਨਾ ਪੈਂਦਾ ਹੈ। ਔਟਵਾ ਜਾਂ ਵਿੰਨੀਪੈਗ ਵਰਗੇ ਸ਼ਹਿਰਾਂ ਤੋਂ ਇਹ ਸਾਮਾਨ ਪਹਿਲਾਂ ਟਰੱਕਾਂ ਰਾਹੀਂ ਅਤੇ ਫਿਰ ਹਵਾਈ ਜਾਂ ਸਮੁੰਦਰੀ ਜਹਾਜ਼ਾਂ ਰਾਹੀਂ ਉੱਤਰੀ ਇਲਾਕਿਆਂ ਤੱਕ ਪਹੁੰਚਾਇਆ ਜਾਂਦਾ ਹੈ। ਆਮ ਤੌਰ ਉੱਤੇ ਕਰਿਆਨੇ ਨੂੰ ਟਰੱਕਾਂ ਰਾਹੀਂ ਓਟਾਵਾ ਜਾਂ ਵਿਨੀਪੈਗ ਵਰਗੇ ਸ਼ਹਿਰਾਂ ਵਿੱਚ ਲਿਜਾਇਆ ਜਾਂਦਾ ਹੈ ਅਤੇ ਫਿਰ ਉੱਥੋਂ ਹਵਾਈ ਜਾਂ ਸਮੁੰਦਰੀ ਰਸਤੇ ਰਾਹੀਂ ਦੂਰ-ਦੁਰਾਡੇ ਦੇ ਉੱਤਰੀ ਕਰਿਆਨਾ ਸਟੋਰਾਂ ਤੱਕ ਪਹੁੰਚਾਇਆ ਜਾਂਦਾ ਹੈ। ਇਹ ਇੱਕ ਬਹੁਤ ਮਹਿੰਗਾ ਸਫ਼ਰ ਹੈ ਅਤੇ ਉੱਤਰੀ ਭਾਈਚਾਰਿਆਂ ਤੱਕ ਪਹੁੰਚਣ ਤੱਕ ਆਵਾਜਾਈ ਦੇ ਵਾਧੂ ਖਰਚਿਆਂ ਕਾਰਨ ਇਨ੍ਹਾਂ ਵਸਤਾਂ ਦੀਆਂ ਕੀਮਤਾਂ ਆਮ ਕੈਨੇਡੀਅਨਾਂ ਦੇ ਮੁਕਾਬਲੇ ਕਾਫੀ ਵੱਧ ਜਾਂਦੀਆਂ ਹਨ।

ਤੇਲ ਅਤੇ ਗੈਸ ਦੀਆਂ ਉੱਚੀਆਂ ਕੀਮਤਾਂ ਕਾਰਨ ਭੋਜਨ ਮਹਿੰਗਾਈ ਦਾ ਇੱਕ ਹੋਰ ਦੌਰ ਸ਼ੁਰੂ ਹੋਣ ਵਾਲਾ ਹੈ। ਉੱਤਰ ਵਿੱਚ ਕਰਿਆਨਾ ਵਪਾਰੀਆਂ ਨੂੰ ਸਿਰਫ਼ ਸਪਲਾਇਰਾਂ ਵੱਲੋਂ ਕੀਮਤਾਂ ਵਿੱਚ ਵਾਧੇ ਦਾ ਹੀ ਸਾਹਮਣਾ ਨਹੀਂ ਕਰਨਾ ਪੈ ਰਿਹਾ, ਸਗੋਂ ਸਾਮਾਨ ਉੱਤਰ ਵੱਲ ਭੇਜਣ ਲਈ ਲੋੜੀਂਦੇ ਈਂਧਨ ਦੀਆਂ ਵਧਦੀਆਂ ਕੀਮਤਾਂ ਵੀ ਵੱਡੀ ਚਿੰਤਾ ਹਨ। ਟੋਰਾਂਟੋ ਮੈਟਰੋਪੋਲੀਟਨ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਦੇ ਪ੍ਰੋਫੈਸਰ ਨਿਕੋਲਸ ਲੀ ਅਨੁਸਾਰ ਜ਼ਿਆਦਾਤਰ ਜਲਦੀ ਖਰਾਬ ਹੋਣ ਵਾਲਾ ਭੋਜਨ ਹਵਾਈ ਰਸਤੇ ਰਾਹੀਂ ਆਉਂਦਾ ਹੈ ਅਤੇ ਹਵਾਈ ਭਾੜੇ ਦਾ ਖਰਚਾ ਆਮ ਤੌਰ ਉੱਤੇ ਵਜ਼ਨ ਅਨੁਸਾਰ ਤੈਅ ਹੁੰਦਾ ਹੈ। ਇਸ ਦਾ ਸਭ ਤੋਂ ਵੱਧ ਅਸਰ ਫਲਾਂ, ਸਬਜ਼ੀਆਂ ਅਤੇ ਦੁੱਧ ਵਰਗੀਆਂ ਵਸਤਾਂ ਉੱਤੇ ਪੈਂਦਾ ਹੈ।

ਪਿਛਲੇ ਸਾਲ ਨੁਨਾਵੁਤ ਸਰਕਾਰ ਦੇ ਇੱਕ ਸਰਵੇਖਣ ਅਨੁਸਾਰ ਉੱਥੇ 24 ਵਸਤਾਂ ਵਾਲੀ ਕਰਿਆਨੇ ਦੀ ਟੋਕਰੀ ਦੀ ਔਸਤ ਕੀਮਤ 198.75 ਡਾਲਰ ਸੀ, ਜਦੋਂ ਕਿ ਓਟਾਵਾ ਵਿੱਚ ਉਸੇ ਟੋਕਰੀ ਦੀ ਕੀਮਤ 132.44 ਡਾਲਰ ਸੀ। ਇਰਾਨ ਵੱਲੋਂ ਸਟ੍ਰੇਟ ਆਫ ਹਾਰਮੁਜ਼ ਰਾਹੀਂ ਟੈਂਕਰਾਂ ਦੀ ਆਵਾਜਾਈ ਰੋਕਣ ਤੋਂ ਬਾਅਦ ਜੈੱਟ ਫਿਊਲ ਦੀਆਂ ਕੀਮਤਾਂ ਲਗਭਗ ਦੁੱਗਣੀਆਂ ਹੋ ਗਈਆਂ ਹਨ। ਉੱਤਰੀ ਪ੍ਰਾਂਤਾਂ ਵਿੱਚ ਸੇਵਾਵਾਂ ਦੇਣ ਵਾਲੀ ਨੌਰਥ ਵੈਸਟ ਕੰਪਨੀ ਹਵਾਈ ਭਾੜੇ ਉੱਤੇ 20 ਤੋਂ 50 ਸੈਂਟ ਪ੍ਰਤੀ ਪੌਂਡ ਦਾ ਈਂਧਨ ਸਰਚਾਰਜ ਦੇਖ ਰਹੀ ਹੈ। ਕੰਪਨੀ ਅਨੁਸਾਰ 10 ਪੌਂਡ ਵਜ਼ਨ ਵਾਲੇ ਚਾਰ-ਲੀਟਰ ਦੁੱਧ ਦੇ ਜੱਗ ਉੱਤੇ ਦੋ ਤੋਂ ਪੰਜ ਡਾਲਰ ਦਾ ਵਾਧਾ ਹੋਇਆ ਹੈ। This report was written by Ekjot Singh as part of the Local Journalism Initiative, based on verified information and not sourced from social media.

## ਸਫ਼ਾ 1 ਦਾ ਬਾਕੀ

### ਸ਼ਰਧਾਂਜਲੀ ਦਿਵਸ...

ਅਗੋਂ ਨੌਕਰੀਆਂ ਦੌਰਾਨ ਆਲੇ-ਦੁਆਲੇ ਦੇ ਮਾਹੌਲ ਨੂੰ ਸਿਹਤਮੰਦ ਅਤੇ ਸੁਰੱਖਿਅਤ ਬਣਾਉਣ ਲਈ ਆਪਣੀ ਵਚਨਬੱਧਤਾ ਕਰਦੇ ਹਾਂ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਕੰਮ ਵਾਲੀ ਥਾਂ ਦੀਆਂ ਸੱਟਾਂ ਅਤੇ ਬਿਮਾਰੀਆਂ ਨਾਲ 175 ਬੀ.ਸੀ. ਕਾਮਿਆਂ ਮੌਤ ਹੋਈ। ਅੱਧੇ ਤੋਂ ਵੱਧ (93) ਕੰਮ ਨਾਲ ਸਬੰਧਤ ਮੌਤਾਂ ਕਿੱਤਾਮੁਖੀ ਬਿਮਾਰੀ ਦੇ ਨਤੀਜੇ ਵਜੋਂ ਹੋਈਆਂ ਸਨ ਅਤੇ 82 ਕੰਸਟ੍ਰਕਸ਼ਨ ਸਮੇਂ ਐਸਬੈਸਟਸ ਦੇ ਸੰਪਰਕ ਦਾ ਨਤੀਜਾ ਸਨ । ਹਰ ਸੱਟ, ਬਿਮਾਰੀ, ਜਾਂ ਮੌਤ ਤੋਂ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਨੌਕਰੀ ਸਮੇਂ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਇੰਮਪਲੋਇਰਜ਼ (ਰੁਜ਼ਗਾਰਦਾਤਾਵਾਂ) ਵੀ ਇਹ ਯਕੀਨੀ ਬਣਾਉਣ ਕਿ ਕਾਮੇ ਸਿਹਤਮੰਦ, ਸੁਰੱਖਿਅਤ ਰਹਿਣ ਅਤੇ ਆਪਣੇ ਪਰਿਵਾਰਾਂ ਨਾਲ ਸੁਖੀ ਵੱਸਣ।

### ਦੁਰਲੱਭ ਬੀਮਾਰੀ SPG4 ਨਾਲ...

ਬਾਅਦ ਜਦੋਂ ਬੱਚਿਆਂ ਦੇ ਮਾਹਿਰ ਡਾਕਟਰਾਂ ਨੂੰ ਦਿਖਾਇਆ ਗਿਆ, ਤਾਂ ਸ਼ੁਰੂਆਤੀ ਮੁੱਢਲੇ ਟੈਸਟ ਬਿਲਕੁਲ ਠੀਕ ਆਏ ਸਨ। ਕੋਈ ਸਪੱਸ਼ਟ ਕਾਰਨ ਸਾਹਮਣੇ ਨਾ ਆਉਣ ਕਾਰਨ ਪਰਿਵਾਰ ਨੇ ਜੈਨੇਟਿਕ ਟੈਸਟਿੰਗ ਕਰਵਾਉਣ ਦਾ ਫੈਸਲਾ ਕੀਤਾ। ਸ਼ੁਰੂਆਤ ਵਿੱਚ ਡਾਕਟਰਾਂ ਨੇ ਸ਼ੱਕ ਜਤਾਇਆ ਕਿ ਗੁਰਮੋਹ ਨੂੰ ਸੇਰੇਬ੍ਰਲ ਪਾਲਸੀ ਹੋ ਸਕਦੀ ਹੈ, ਪਰ ਡੂੰਘਾਈ ਨਾਲ ਕੀਤੇ ਗਏ ਹੋਰ ਟੈਸਟਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਇਹ ਸਪੈਸਟਿਕ ਪੈਰਾਪਲੇਜੀਆ ਟਾਈਪ 4 ਹੈ।

ਇਹ ਬੀਮਾਰੀ ਇੰਨੀ ਖ਼ਤਰਨਾਕ ਹੈ ਕਿ ਇਸ ਕਾਰਨ ਗੁਰਮੋਹ ਦਾ ਡੀਐਨਏ ਸਰੀਰ ਵਿੱਚ ਲੋੜੀਂਦੇ ਵਧੀਆ ਪ੍ਰੋਟੀਨ ਦੀ ਜਗ੍ਹਾ ਇੱਕ ਜ਼ਹਿਰੀਲਾ ਪ੍ਰੋਟੀਨ ਬਣਾ ਰਿਹਾ ਹੈ। ਇਹ ਜ਼ਹਿਰੀਲਾ ਪ੍ਰੋਟੀਨ ਉਸ ਦੀਆਂ ਲੱਤਾਂ ਦੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ, ਜਿਸ ਕਾਰਨ ਉਹ ਸਹੀ ਤਰੀਕੇ ਨਾਲ ਤੁਰ ਨਹੀਂ ਪਾ ਰਿਹਾ। ਪਰਿਵਾਰ ਲਈ ਇਹ ਸਭ ਕੁਝ ਬੇਹੱਦ ਹੈਰਾਨ ਕਰਨ ਵਾਲਾ ਸੀ ਕਿਉਂਕਿ ਗੁਰਮੋਹ ਦੀ 5 ਸਾਲ ਦੀ ਵੱਡੀ ਭੈਣ ਬਿਲਕੁਲ ਤੰਦਰੁਸਤ ਹੈ ਅਤੇ ਉਨ੍ਹਾਂ ਦੇ ਖ਼ਾਨਦਾਨ ਵਿੱਚ ਪਹਿਲਾਂ ਕਦੇ ਵੀ ਕਿਸੇ ਨੂੰ ਅਜਿਹੀ ਬੀਮਾਰੀ ਨਹੀਂ ਹੋਈ ਸੀ। ਹੁਣ ਪਰਿਵਾਰ ਦੀ ਪੂਰੀ ਕੋਸ਼ਿਸ਼ ਹੈ ਕਿ ਕਿਸੇ ਵੀ ਤਰ੍ਹਾਂ ਗੁਰਮੋਹ ਨੂੰ ਇਸ ਬੀਮਾਰੀ ਦੇ ਮਾਰੂ ਪ੍ਰਭਾਵਾਂ ਤੋਂ ਬਚਾਇਆ ਜਾ ਸਕੇ ਤਾਂ ਜੋ ਉਹ ਆਉਣ ਵਾਲੇ ਸਮੇਂ ਵਿੱਚ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕੇ।

ਇਸ ਬੀਮਾਰੀ ਦੇ ਇਲਾਜ ਲਈ ਖੋਜ ਕਾਰਜਾਂ ਵਿੱਚ ਮੌਂਟਰੀਅਲ ਦੀ ਮੈਕਗਿੱਲ ਯੂਨੀਵਰਸਿਟੀ ਮੋਹਰੀ ਭੂਮਿਕਾ ਨਿਭਾ ਰਹੀ ਹੈ। ਯੂਨੀਵਰਸਿਟੀ ਕੋਲ ਮੌਜੂਦ ਰਜਿਸਟਰੀ ਅਨੁਸਾਰ ਇਸ ਸਮੇਂ 60 ਤੋਂ ਵੱਧ ਮਰੀਜ਼ ਇਸ ਨਾਮੁਰਾਦ ਬੀਮਾਰੀ ਤੋਂ ਪੀੜਤ ਹਨ। ਮੈਕਗਿੱਲ ਯੂਨੀਵਰਸਿਟੀ ਨੇ ਇਸ ਬੀਮਾਰੀ ਦੇ ਇਲਾਜ ਦੀ ਪ੍ਰਕਿਰਿਆ ਨੂੰ 4 ਮੁੱਖ ਪੜਾਵਾਂ ਵਿੱਚ ਵੰਡਿਆ ਹੈ, ਜਿਸ ਵਿੱਚ ਦਵਾਈ ਦੀ ਖੋਜ, ਡਿਜ਼ਾਈਨ ਅਤੇ ਕਲੀਨਿਕਲ ਟ੍ਰਾਇਲ ਸ਼ਾਮਲ ਹਨ। ਡਾਕਟਰ ਸਟਾਲਿਨ ਅਨੁਸਾਰ, ਇਸ ਬੀਮਾਰੀ ਦਾ ਕੋਈ ਆਮ ਇਲਾਜ ਜਾਂ ਦਵਾਈ ਕੈਨੇਡਾ ਵਿੱਚ ਉਪਲਬਧ ਨਹੀਂ ਹੈ। ਇਹ ਇਲਾਜ ਹਰ ਮਰੀਜ਼ ਦੇ ਜੈਨੇਟਿਕ ਢਾਂਚੇ ਦੇ ਹਿਸਾਬ ਨਾਲ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਜਾਂਦਾ ਹੈ, ਜਿਸ ਕਾਰਨ ਇਸ ਦੀ ਲਾਗਤ ਬਹੁਤ ਜ਼ਿਆਦਾ ਹੈ। ਮੈਕਗਿੱਲ ਯੂਨੀਵਰਸਿਟੀ ਨੇ ਅੰਦਾਜ਼ਾ ਲਗਾਇਆ ਹੈ ਕਿ ਇਸ ਪੂਰੇ ਇਲਾਜ 'ਤੇ ਲਗਭਗ 8 ਮਿਲੀਅਨ ਡਾਲਰ ਦਾ ਖਰਚਾ ਆਵੇਗਾ।

ਗੁਰਮੋਹ ਦੀ ਮਦਦ ਲਈ ਅੰਤਰਰਾਸ਼ਟਰੀ ਪੱਧਰ 'ਤੇ ਵੀ ਸਹਿਯੋਗ ਮਿਲ ਰਿਹਾ ਹੈ। ਕੈਲੀਫ਼ੋਰਨੀਆ ਦੀ ਯੂਨੀਵਰਸਿਟੀ ਆਫ਼ ਬਰਕਲੇ ਨੇ ਇਲਾਜ ਨਾਲ ਸਬੰਧਤ ਸ਼ੁਰੂਆਤੀ 10 ਫ਼ੀਸਦੀ ਕੰਮ ਮੁਫ਼ਤ ਕਰਨ ਦੀ ਪੇਸ਼ਕਸ਼ ਕੀਤੀ ਹੈ। ਬਰਕਲੇ ਯੂਨੀਵਰਸਿਟੀ ਇਹ ਮੁੱਢਲੀ ਖੋਜ ਮੁਕੰਮਲ ਕਰਕੇ ਮੈਕਗਿੱਲ ਯੂਨੀਵਰਸਿਟੀ ਨੂੰ ਸੌਂਪੇਗੀ, ਜਿੱਥੇ ਅਗਲੇਰੀ ਖੋਜ ਅਤੇ ਦਵਾਈ ਬਣਾਉਣ ਦਾ ਕੰਮ ਕੀਤਾ ਜਾਵੇਗਾ। ਡਾਕਟਰ ਸਟਾਲਿਨ ਗਿੱਲ ਦਾ ਮੰਨਣਾ ਹੈ ਕਿ ਜੇਕਰ ਗੁਰਮੋਹ ਲਈ ਇਹ ਇਲਾਜ ਸਫਲਤਾਪੂਰਵਕ ਤਿਆਰ ਹੋ ਜਾਂਦਾ ਹੈ, ਤਾਂ ਇਹ ਸਿਰਫ਼ ਉਨ੍ਹਾਂ ਦੇ ਬੇਟੇ ਲਈ ਹੀ ਨਹੀਂ, ਸਗੋਂ ਭਵਿੱਖ ਵਿੱਚ ਇਸ ਬੀਮਾਰੀ ਦਾ ਸ਼ਿਕਾਰ ਹੋਣ ਵਾਲੇ ਹੋਰ ਬੱਚਿਆਂ ਲਈ ਵੀ ਇੱਕ ਉਮੀਦ ਦੀ ਕਿਰਨ ਬਣੇਗਾ। ਇਹ ਖੋਜ ਅਜਿਹੀਆਂ ਹੋਰ ਕਈ ਜੈਨੇਟਿਕ ਬੀਮਾਰੀਆਂ ਦੇ ਇਲਾਜ ਦਾ ਰਾਹ ਪੱਧਰਾ ਕਰ ਸਕਦੀ ਹੈ।

ਇੰਨੀ ਵੱਡੀ ਰਕਮ ਦੇ ਬਾਵਜੂਦ, ਪਰਿਵਾਰ ਨੂੰ ਸਰਕਾਰੀ ਪੱਧਰ 'ਤੇ ਹੁਣ ਤੱਕ ਕੋਈ ਮਦਦ ਨਹੀਂ ਮਿਲੀ ਹੈ। ਡਾਕਟਰ ਗਿੱਲ ਨੇ ਭਰੇ ਮਨ ਨਾਲ ਦੱਸਿਆ ਕਿ ਉਹ ਪੰਜਾਬੀ ਮੂਲ ਦੇ ਕਈ ਵਿਧਾਇਕਾਂ (MLAs), ਸੰਸਦ ਮੈਂਬਰਾਂ (MPs) ਅਤੇ ਇੱਥੋਂ ਤੱਕ ਕਿ ਸੂਬਾਈ ਪ੍ਰੀਮੀਅਰ ਨੂੰ ਵੀ ਮਿਲ ਚੁੱਕੇ ਹਨ, ਪਰ ਕਿਧਰੇ ਵੀ ਵਿੱਤੀ ਸਹਾਇਤਾ ਦੀ ਕੋਈ ਗਰੰਟੀ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਹੈਲਥ ਕੈਨੇਡਾ ਨੇ ਮਦਦ ਦਾ ਭਰੋਸਾ ਤਾਂ ਦਿੱਤਾ ਹੈ, ਪਰ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਸਹਾਇਤਾ ਕਲੀਨੀਕਲ ਟ੍ਰਾਇਲ ਦੇ ਪੜਾਅ 'ਤੇ ਹੀ ਦੇ ਸਕਦੇ ਹਨ। ਦੂਜੇ ਪਾਸੇ, ਯੂਨੀਵਰਸਿਟੀ ਨੂੰ ਖੋਜ ਅਤੇ ਇਲਾਜ ਦਾ ਕੰਮ ਸ਼ੁਰੂ ਕਰਨ ਲਈ ਤੁਰੰਤ ਪੈਸਿਆਂ ਦੀ ਲੋੜ ਹੈ। ਸਰਕਾਰ ਦਾ ਇਹ ਰਵੱਈਆ ਪਰਿਵਾਰ ਲਈ ਬਹੁਤ ਨਿਰਾਸ਼ਾਜਨਕ ਹੈ ਕਿਉਂਕਿ ਇੱਥੇ ਇੱਕ ਮਾਸੂਮ ਬੱਚੇ ਦੀ ਜ਼ਿੰਦਗੀ ਦਾ ਸਵਾਲ ਹੈ।

ਪੈਸੇ ਇਕੱਠੇ ਕਰਨ ਲਈ ਪਰਿਵਾਰ ਹਰ ਸੰਭਵ ਕੁਰਬਾਨੀ ਦੇਣ ਨੂੰ ਤਿਆਰ ਹੈ। ਸਟਾਲਿਨ ਗਿੱਲ ਨੇ ਕਿਹਾ ਹੈ ਕਿ ਉਹ ਕੈਨੇਡਾ ਵਿੱਚ ਆਪਣਾ ਘਰ ਅਤੇ ਪੰਜਾਬ ਵਿਚਲੀ ਆਪਣੀ ਪੁਰਖੀ ਜਾਇਦਾਦ ਤੱਕ ਨਿਲਾਮ ਕਰਨ ਲਈ ਤਿਆਰ ਹਨ ਤਾਂ ਜੋ ਗੁਰਮੋਹ ਦੇ ਇਲਾਜ ਲਈ ਲੋੜੀਂਦੀ ਰਕਮ ਜੁਟਾਈ ਜਾ ਸਕੇ।

ਉਨ੍ਹਾਂ ਸਾਂਝਾ ਕੀਤਾ ਕਿ ਸ਼ੁਰੂਆਤ ਵਿੱਚ ਉਨ੍ਹਾਂ ਨੂੰ ਲੋਕਾਂ ਤੋਂ ਮਦਦ ਮੰਗਣ ਵਿੱਚ ਕਾਫ਼ੀ ਝਿਜਕ ਮਹਿਸੂਸ ਹੋ ਰਹੀ ਸੀ, ਪਰ ਭਾਈਚਾਰੇ ਨੇ ਜਿਸ ਤਰ੍ਹਾਂ ਨਾਲ ਅੱਗੇ ਆ ਕੇ ਉਨ੍ਹਾਂ ਦਾ ਸਾਥ ਦਿੱਤਾ ਹੈ, ਉਸ ਨੇ ਉਨ੍ਹਾਂ ਦਾ ਹੌਸਲਾ ਵਧਾਇਆ ਹੈ। ਪਰਿਵਾਰ ਵੱਲੋਂ ਵੈਸਾਖੀ ਦੇ ਨਗਰ ਕੀਰਤਨ ਦੌਰਾਨ ਵੀ ਫੰਡ ਇਕੱਠੇ ਕੀਤੇ ਗਏ ਅਤੇ 'ਗੋ ਫੰਡ ਮੀ' (GoFundMe) ਪਲੇਟਫਾਰਮ ਰਾਹੀਂ ਵੀ ਮੁਹਿੰਮ ਚਲਾਈ ਜਾ ਰਹੀ ਹੈ।

ਹੁਣ ਤੱਕ ਭਾਈਚਾਰੇ ਦੇ ਸਹਿਯੋਗ ਨਾਲ 7 ਲੱਖ ਡਾਲਰ ਤੋਂ ਵੱਧ ਦੀ ਰਕਮ ਇਕੱਠੀ ਕੀਤੀ ਜਾ ਚੁੱਕੀ ਹੈ। 'ਗੋ ਫੰਡ ਮੀ' 'ਤੇ ਪਰਿਵਾਰ ਨੇ 27 ਮਿਲੀਅਨ ਦਾ ਵੱਡਾ ਟੀਚਾ ਮਿਥਿਆ ਹੈ, ਜਿਸ ਵਿੱਚੋਂ ਹੁਣ ਤੱਕ 6 ਲੱਖ 38 ਹਜ਼ਾਰ ਡਾਲਰ ਤੋਂ ਵੱਧ ਦੀ ਰਕਮ ਪ੍ਰਾਪਤ ਹੋ ਚੁੱਕੀ ਹੈ। ਗੁਰਮੋਹ ਦੀ ਕਹਾਣੀ ਇੱਕ ਅਜਿਹੇ ਮਾਸੂਮ ਦੀ ਕਹਾਣੀ ਹੈ ਜਿਸ ਨੂੰ ਸਿਰਫ਼ ਖੇਡਣ-ਕੁੱਦਣ ਅਤੇ ਸੁਪਨੇ ਦੇਖਣ ਦੀ ਉਮਰ ਵਿੱਚ ਇੱਕ ਭਿਆਨਕ ਜੰਗ ਲੜਨੀ ਪੈ ਰਹੀ ਹੈ। ਜੀਨ ਥੈਰੇਪੀ ਰਾਹੀਂ ਉਸ ਦੀ ਜ਼ਿੰਦਗੀ ਬਦਲ ਸਕਦੀ ਹੈ, ਪਰ ਸਮਾਂ ਬਹੁਤ ਤੇਜ਼ੀ ਨਾਲ ਨਿਕਲ ਰਿਹਾ ਹੈ।

ਪਰਿਵਾਰ ਨੂੰ ਉਮੀਦ ਹੈ ਕਿ ਦਾਨੀ ਸੱਜਣਾਂ ਅਤੇ ਸਰਕਾਰ ਦੇ ਸਹਿਯੋਗ ਨਾਲ ਗੁਰਮੋਹ ਇੱਕ ਦਿਨ ਜ਼ਰੂਰ ਤੰਦਰੁਸਤ ਹੋ ਕੇ ਦੂਜੇ ਬੱਚਿਆਂ ਵਾਂਗ ਦੌੜ ਸਕੇਗਾ ਅਤੇ ਆਪਣੇ ਸੁਪਨੇ ਪੂਰੇ ਕਰ ਸਕੇਗਾ।

# ਬਰਨਬੀ ਦੇ ਸਕੂਲਾਂ 'ਤੇ 9.4 ਮਿਲੀਅਨ ਡਾਲਰ ਦਾ ਵਿੱਤੀ ਬੋਝ, ਫੰਡਾਂ ਦੀ ਘਾਟ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਹੋਣ ਦਾ ਖਦਸ਼ਾ

ਸਰੀ, (ਏਕਜੋਤ ਸਿੰਘ): ਬਰਨਬੀ ਦੇ ਮਾਪਿਆਂ ਨੇ ਚੇਤਾਵਨੀ ਦਿੱਤੀ ਹੈ ਕਿ ਸੂਬਾ ਸਰਕਾਰ ਵੱਲੋਂ 9.4 ਮਿਲੀਅਨ ਡਾਲਰ ਦੀ ਰਾਸ਼ੀ ਜਾਰੀ ਨਾ ਕੀਤੇ ਜਾਣ ਕਾਰਨ ਸਕੂਲਾਂ ਦੇ ਬੁਨਿਆਦੀ ਢਾਂਚੇ ਅਤੇ ਕਲਾਸਰੂਮਾਂ ਨੂੰ ਭਾਰੀ ਨੁਕਸਾਨ ਪਹੁੰਚ ਸਕਦਾ ਹੈ। ਇਹ ਰਕਮ ਅਧਿਆਪਕਾਂ ਦੇ ਤਨਖ਼ਾਹ ਭੱਤਿਆਂ ਨਾਲ ਸਬੰਧਤ ਇੱਕ ਆਰਬਿਟਰੇਸ਼ਨ ਫੈਸਲੇ ਤੋਂ ਬਾਅਦ ਅਦਾ ਕੀਤੀ ਜਾਣੀ ਹੈ। ਬਰਨਬੀ ਡਿਸਟ੍ਰਿਕਟ ਪੇਰੈਂਟ ਐਡਵਾਈਜ਼ਰੀ ਕੌਂਸਲ (ਡੀ.ਪੀ.ਏ.ਸੀ.) ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮਈ ਦੇ ਬਜਟ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਇਸ ਦਾ ਪੂਰਾ ਹੱਲ ਕੱਢਿਆ ਜਾਵੇ ਤਾਂ ਜੋ 26,000 ਤੋਂ ਵੱਧ ਵਿਦਿਆਰਥੀਆਂ 'ਤੇ ਇਸ ਦਾ ਮਾੜਾ ਅਸਰ ਨਾ ਪਵੇ।




ਡੀ.ਪੀ.ਏ.ਸੀ. ਦੇ ਚੇਅਰਮੈਨ ਪੌਲ ਕਵੋਨ ਨੇ ਕਿਹਾ ਕਿ ਇਹ ਵਿੱਤੀ ਬੋਝ ਸੂਬਾ ਪੱਧਰ 'ਤੇ ਹੋਈ ਇੱਕ ਗਲਤੀ ਕਾਰਨ ਪੈਦਾ ਹੋਇਆ ਹੈ, ਜਿਸ ਨੂੰ ਹੁਣ ਬਰਨਬੀ ਦੇ ਸਕੂਲਾਂ 'ਤੇ ਥੋਪਿਆ ਜਾ ਰਿਹਾ ਹੈ। ਸਾਲ 2022 ਵਿੱਚ ਹੋਏ ਸੂਬਾਈ ਸਮਝੌਤੇ ਦੀ ਗਲਤ ਵਿਆਖਿਆ ਕਾਰਨ ਇਹ ਸਥਿਤੀ ਬਣੀ ਹੈ, ਜਿਸ ਦੀ ਪੁਸ਼ਟੀ ਲੇਬਰ ਰਿਲੇਸ਼ਨਜ਼ ਬੋਰਡ ਨੇ ਵੀ ਕੀਤੀ ਹੈ। ਕਿਉਂਕਿ ਸਕੂਲ ਬੋਰਡਾਂ ਲਈ ਸੰਤੁਲਿਤ ਬਜਟ ਪੇਸ਼ ਕਰਨਾ ਕਾਨੂੰਨੀ ਤੌਰ 'ਤੇ ਜ਼ਰੂਰੀ ਹੈ, ਇਸ ਲਈ ਸਰਕਾਰ ਵੱਲੋਂ ਫੰਡ ਨਾ ਮਿਲਣ ਦੀ ਸੂਰਤ ਵਿੱਚ ਸਕੂਲ ਡਿਸਟ੍ਰਿਕਟ ਨੂੰ ਸਿੱਖਿਆ ਸੇਵਾਵਾਂ ਅਤੇ ਸਟਾਫ਼ ਵਿੱਚ ਭਾਰੀ ਕਟੌਤੀ ਕਰਨੀ ਪਵੇਗੀ।

ਬਰਨਬੀ ਦੇ ਸਕੂਲ ਪਿਛਲੇ ਸਾਲ ਪਹਿਲਾਂ ਹੀ ਕਈ ਵੱਡੀਆਂ ਕਟੌਤੀਆਂ ਦਾ ਸਾਹਮਣਾ ਕਰ ਚੁੱਕੇ ਹਨ ਅਤੇ ਹੁਣ ਰਿਜ਼ਰਵ ਫੰਡਾਂ ਦੀ ਘਾਟ ਕਾਰਨ ਸਥਿਤੀ ਹੋਰ ਨਾਜ਼ੁਕ ਹੋ ਗਈ ਹੈ। ਕੌਂਸਲ ਅਨੁਸਾਰ ਜੇਕਰ ਸਰਕਾਰ ਤੁਰੰਤ 9.4 ਮਿਲੀਅਨ ਡਾਲਰ ਦੀ ਫੰਡਿੰਗ ਜਾਰੀ ਨਹੀਂ ਕਰਦੀ, ਤਾਂ ਇਹ ਕਟੌਤੀਆਂ ਸਥਾਈ ਬਣ ਜਾਣਗੀਆਂ ਜੋ ਆਉਣ ਵਾਲੇ ਕਈ ਸਾਲਾਂ ਤੱਕ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਨਗੀਆਂ। ਮਾਪਿਆਂ ਨੇ ਮੰਗ ਕੀਤੀ ਹੈ ਕਿ ਸਿੱਖਿਆ ਮੰਤਰਾਲੇ ਨੂੰ ਆਪਣੇ 6 ਬਿਲੀਅਨ ਡਾਲਰ ਤੋਂ ਵੱਧ ਦੇ ਸਾਲਾਨਾ ਬਜਟ ਵਿੱਚੋਂ ਇਸ ਹਿੱਸੇ ਦਾ ਭੁਗਤਾਨ ਕਰਨਾ ਚਾਹੀਦਾ ਹੈ ਤਾਂ ਜੋ ਸਕੂਲਾਂ ਦੀ ਵਿੱਤੀ ਸਥਿਰਤਾ ਬਣੀ ਰਹੇ। This report was written by Ekjot Singh as part of the Local Journalism Initiative.

# ਸਰੀ ਵਿੱਚ ਰਿਹਾਇਸ਼ੀ ਘਰ 'ਤੇ ਚੱਲੀਆਂ ਗੋਲੀਆਂ, ਫਿਰੌਤੀ ਦਾ ਮਾਮਲਾ ਹੋਣ ਦਾ ਸ਼ੱਕ

## ਗੋਲੀਬਾਰੀ ਦੀ ਘਟਨਾ ਤੋਂ ਬਾਅਦ ਸਰੀ ਵਿੱਚ 250,000 ਡਾਲਰ ਦੇ ਇਨਾਮ ਦਾ ਐਲਾਨ

ਸਰੀ, (ਏਕਜੋਤ ਸਿੰਘ): ਸਰੀ ਪੁਲਿਸ ਸਰਵਿਸ (SPS) ਵੱਲੋਂ ਕਿੰਗ ਜਾਰਜ ਬੁਲੇਵਾਰਡ ਅਤੇ 88 ਐਵੇਨਿਊ ਦੇ ਨਜ਼ਦੀਕ ਇੱਕ ਰਿਹਾਇਸ਼ੀ ਘਰ 'ਤੇ ਹੋਈ ਗੋਲੀਬਾਰੀ ਦੀ ਘਟਨਾ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਇਹ ਘਟਨਾ ਬੁੱਧਵਾਰ, 22 ਅਪ੍ਰੈਲ ਨੂੰ ਰਾਤ 12:40 ਵਜੇ ਦੇ ਕਰੀਬ ਵਾਪਰੀ ਜਦੋਂ 13400 ਬਲਾਕ 87A ਐਵੇਨਿਊ ਸਥਿਤ ਇੱਕ ਘਰ ਨੂੰ ਨਿਸ਼ਾਨਾ ਬਣਾਇਆ ਗਿਆ। ਪੁਲਿਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਤੁਰੰਤ ਪੁਸ਼ਟੀ ਕੀਤੀ ਕਿ ਘਰ ਦੇ ਅੰਦਰ ਮੌਜੂਦ ਕਿਸੇ ਵੀ ਜੀਅ ਨੂੰ ਕੋਈ ਸਰੀਰਕ ਸੱਟ ਨਹੀਂ ਲੱਗੀ ਹੈ। ਹਾਲਾਂਕਿ, ਗੋਲੀਬਾਰੀ ਕਾਰਨ ਘਰ ਦੀ ਇਮਾਰਤ ਦਾ ਨੁਕਸਾਨ ਹੋਇਆ ਹੈ ਅਤੇ ਜਾਂਚ ਦੌਰਾਨ ਘਰ ਦੇ ਬਾਹਰੋਂ ਗੋਲੀਆਂ ਦੇ ਕਈ ਖੋਲ ਬਰਾਮਦ ਕੀਤੇ ਗਏ ਹਨ।




ਇਸ ਮਾਮਲੇ ਦੀ ਜਾਂਚ ਦੀ ਕਮਾਂਡ ਹੁਣ ਸਰੀ ਪੁਲਿਸ ਦੀ ਫਿਰੌਤੀ ਵਿਰੋਧੀ ਰਿਸਪਾਂਸ ਟੀਮ (ExRT) ਨੂੰ ਸੌਂਪ ਦਿੱਤੀ ਗਈ ਹੈ। ਮੁੱਢਲੀ ਜਾਂਚ ਤੋਂ ਸੰਕੇਤ ਮਿਲੇ ਹਨ ਕਿ ਇਸ ਗੋਲੀਬਾਰੀ ਪਿੱਛੇ ਫਿਰੌਤੀ ਵਸੂਲਣ ਦੀ ਮਨਸ਼ਾ ਮੁੱਖ ਵਜ੍ਹਾ ਹੋ ਸਕਦੀ ਹੈ। ਇੰਟੀਗ੍ਰੇਟਿਡ ਫੋਰੈਂਸਿਕ ਆਈਡੈਂਟੀਫਿਕੇਸ਼ਨ ਸਰਵਿਸਿਜ਼ ਦੇ ਅਧਿਕਾਰੀ ਵੀ ਅੱਜ ਮੌਕੇ ਤੋਂ ਵਿਗਿਆਨਕ ਸਬੂਤ ਇਕੱਠੇ ਕਰਨ ਵਿੱਚ ਸਹਾਇਤਾ ਕਰ ਰਹੇ ਹਨ ਤਾਂ ਜੋ ਦੋਸ਼ੀਆਂ ਦੀ ਪਛਾਣ ਕੀਤੀ ਜਾ ਸਕੇ। ਪੁਲਿਸ ਅਨੁਸਾਰ ਭਾਵੇਂ ਜਾਂਚ ਅਜੇ ਸ਼ੁਰੂਆਤੀ ਪੜਾਅ 'ਤੇ ਹੈ, ਪਰ ਇਲਾਕੇ ਵਿੱਚ ਸੁਰੱਖਿਆ ਦੇ ਲਿਹਾਜ਼ ਨਾਲ ਇਸ ਨੂੰ ਬੇਹੱਦ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਸਰੀ ਪੁਲਿਸ ਸਰਵਿਸ ਨੇ ਇਹ ਵੀ ਸਪੱਸ਼ਟ ਕੀਤਾ ਕਿ ਸ਼ਹਿਰ ਵਿੱਚ ਫਿਰੌਤੀ ਦੀਆਂ ਵਧ ਰਹੀਆਂ ਵਾਰਦਾਤਾਂ ਨੂੰ ਨੱਥ ਪਾਉਣ ਲਈ 250,000 ਡਾਲਰ ਦਾ ਇੱਕ ਵਿਸ਼ੇਸ਼ ਫੰਡ ਤਿਆਰ ਕੀਤਾ ਗਿਆ ਹੈ। ਜਿਹੜੇ ਵਿਅਕਤੀ ਅਜਿਹੇ ਗੰਭੀਰ ਅਪਰਾਧਾਂ ਬਾਰੇ ਅਹਿਮ ਜਾਣਕਾਰੀ ਦੇਣਗੇ ਜਿਸ ਨਾਲ ਦੋਸ਼ੀਆਂ ਦੀ ਗ੍ਰਿਫਤਾਰੀ ਅਤੇ ਉਹਨਾਂ 'ਤੇ ਦੋਸ਼ ਤੈਅ ਹੋ ਸਕਣ, ਉਹ ਇਸ ਇਨਾਮੀ ਰਾਸ਼ੀ ਦੇ ਹੱਕਦਾਰ ਹੋ ਸਕਦੇ ਹਨ। ਪੁਲਿਸ ਨੇ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਫਾਈਲ ਨੰਬਰ 26-38195 (SP) ਸਬੰਧੀ ਕੋਈ ਜਾਣਕਾਰੀ ਹੈ ਤਾਂ ਉਹ ਫਿਰੌਤੀ ਟਿਪ ਲਾਈਨ 236-485-5149 ਜਾਂ ਕ੍ਰਾਈਮ ਸਟੌਪਰਜ਼ ਦੇ ਨੰਬਰ 1-800-222-8477 'ਤੇ ਸੰਪਰਕ ਕਰ ਸਕਦੇ ਹਨ। This report was written by Ekjot Singh as part of the Local Journalism Initiative.

# ਵੈਨਕੂਵਰ ਸਿਟੀ ਕੌਂਸਲ ਵੱਲੋਂ 'ਗੈਸਟਾਊਨ ਪਬਲਿਕ ਸਪੇਸ ਪਲਾਨ' ਨੂੰ ਹਰੀ ਝੰਡੀ

ਸਰੀ, (ਏਕਜੋਤ ਸਿੰਘ): ਵੈਨਕੂਵਰ ਸਿਟੀ ਕੌਂਸਲ ਨੇ ਬੁੱਧਵਾਰ ਨੂੰ ਹੋਈ ਇੱਕ ਅਹਿਮ ਮੀਟਿੰਗ ਦੌਰਾਨ ਸਰਬਸੰਮਤੀ ਨਾਲ 'ਗੈਸਟਾਊਨ ਪਬਲਿਕ ਸਪੇਸ ਪਲਾਨ' ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਯੋਜਨਾ ਗੈਸਟਾਊਨ ਦੀਆਂ ਸੜਕਾਂ ਅਤੇ ਜਨਤਕ ਥਾਵਾਂ ਦੇ ਨਵੀਨੀਕਰਨ ਅਤੇ ਭਵਿੱਖ ਦੇ ਨਿਵੇਸ਼ ਲਈ ਇੱਕ ਵਿਆਪਕ ਰੂਪ-ਰੇਖਾ ਪ੍ਰਦਾਨ ਕਰੇਗੀ। ਇਸ ਯੋਜਨਾ ਦਾ ਮੁੱਖ ਉਦੇਸ਼ ਗੈਸਟਾਊਨ ਨੂੰ ਇੱਕ ਅਜਿਹੇ ਇਲਾਕੇ ਵਜੋਂ ਮਜ਼ਬੂਤ ਕਰਨਾ ਹੈ ਜੋ ਸਥਾਨਕ ਕਾਰੋਬਾਰਾਂ, ਸੱਭਿਆਚਾਰਕ ਪ੍ਰਗਟਾਵੇ ਅਤੇ ਜਨਤਕ ਸਮਾਗਮਾਂ ਲਈ ਸੁਖਾਵਾਂ ਹੋਵੇ। ਇਹ ਫੈਸਲਾ ਸਾਲ 2023 ਵਿੱਚ ਜਨਤਾ ਨਾਲ ਕੀਤੇ ਗਏ ਸੰਵਾਦ ਅਤੇ 2024-2025 ਦੇ ਪਾਇਲਟ ਪ੍ਰੋਗਰਾਮਾਂ ਦੌਰਾਨ ਮਿਲੇ ਤਜ਼ਰਬਿਆਂ ਦੇ ਆਧਾਰ 'ਤੇ ਲਿਆ ਗਿਆ ਹੈ।



ਇਸ ਯੋਜਨਾ ਤਹਿਤ ਵਾਟਰ ਸਟ੍ਰੀਟ ਨੂੰ ਪੈਦਲ ਯਾਤਰੀਆਂ ਲਈ ਤਰਜੀਹੀ ਖੇਤਰ ਬਣਾਉਣ ਅਤੇ ਕੋਰਡੋਵਾ ਸਟ੍ਰੀਟ ਨੂੰ ਪੱਕੇ ਤੌਰ 'ਤੇ ਦੋ-ਪਾਸੜ ਆਵਾਜਾਈ ਵਿੱਚ ਬਦਲਣ ਵਰਗੇ 6 ਪ੍ਰਮੁੱਖ ਦਿਸ਼ਾ-ਨਿਰਦੇਸ਼ ਤੈਅ ਕੀਤੇ ਗਏ ਹਨ। ਵੈਨਕੂਵਰ ਦੇ ਮੇਅਰ ਕੇਨ ਸਿਮ ਨੇ ਕਿਹਾ ਕਿ ਇਹ ਯੋਜਨਾ ਗੈਸਟਾਊਨ ਦੇ ਇਤਿਹਾਸ ਨੂੰ ਸੰਭਾਲਣ ਦੇ ਨਾਲ-ਨਾਲ ਭਵਿੱਖ ਦੀਆਂ ਪੀੜ੍ਹੀਆਂ ਲਈ ਇੱਕ ਵਧੀਆ ਮਾਹੌਲ ਸਿਰਜੇਗੀ। ਇਸ ਕਾਰਜ ਵਿੱਚ ਮੁਸਕੀਮ, ਸਕੁਐਮਿਸ਼ ਅਤੇ ਸਲੇਲ-ਵੌਟੁੱਥ ਵਰਗੀਆਂ ਸਥਾਨਕ ਕੌਮਾਂ ਦੀ ਹਿੱਸੇਦਾਰੀ ਵੀ ਯਕੀਨੀ ਬਣਾਈ ਗਈ ਹੈ ਤਾਂ ਜੋ ਜਨਤਕ ਥਾਵਾਂ 'ਤੇ ਉਨ੍ਹਾਂ ਦੇ ਇਤਿਹਾਸ ਅਤੇ ਸੱਭਿਆਚਾਰ ਦੀ ਝਲਕ ਦਿਖਾਈ ਦੇ ਸਕੇ।

ਇਸ ਦੇ ਨਾਲ ਹੀ ਸਾਲ 2025 ਦੇ ਸਰਵੇਖਣਾਂ ਵਿੱਚ ਮਿਲੇ ਭਰਵੇਂ ਹੁੰਗਾਰੇ ਨੂੰ ਦੇਖਦੇ ਹੋਏ ਵਾਟਰ ਸਟ੍ਰੀਟ ਪੈਦਲ ਯਾਤਰੀ ਜ਼ੋਨ ਸਾਲ 2026 ਦੀਆਂ ਗਰਮੀਆਂ ਵਿੱਚ ਦੁਬਾਰਾ ਪਰਤੇਗਾ। 5 ਜੁਲਾਈ ਤੋਂ 6 ਸਤੰਬਰ 2026 ਦੇ ਵਿਚਕਾਰ ਹਰ ਐਤਵਾਰ ਦੁਪਹਿਰ 12 ਵਜੇ ਤੋਂ ਰਾਤ 8 ਵਜੇ ਤੱਕ ਇਹ ਸੜਕ ਆਵਾਜਾਈ ਲਈ ਬੰਦ ਰਹੇਗੀ। ਸਰਵੇਖਣ ਮੁਤਾਬਕ 84% ਜਨਤਾ ਅਤੇ 81% ਕਾਰੋਬਾਰੀਆਂ ਨੇ ਇਸ ਪੈਦਲ ਜ਼ੋਨ ਦੀ ਵਾਪਸੀ ਦਾ ਸਮਰਥਨ ਕੀਤਾ ਹੈ। ਕੌਂਸਲ ਦੀ ਮਨਜ਼ੂਰੀ ਤੋਂ ਬਾਅਦ, ਹੁਣ ਸ਼ਹਿਰ ਪ੍ਰਸ਼ਾਸਨ ਇਸ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਭਾਈਚਾਰੇ ਨਾਲ ਲਗਾਤਾਰ ਸੰਪਰਕ ਵਿੱਚ ਰਹੇਗਾ। This report was written by Ekjot Singh as part of the Local Journalism Initiative

ਸਰੀ ਸਿਟੀ ਕੌਂਸਲ ਵੱਲੋਂ ਗੈਰ-ਕਾਨੂੰਨੀ ਉਸਾਰੀ ਵਿਰੁੱਧ ਸਖ਼ਤ ਕਾਰਵਾਈ

# ਸਰੀ ਵਿੱਚ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੀ ਹੁਣ ਖੈਰ ਨਹੀਂ: ਮੇਅਰ ਬਰੈਂਡਾ ਲੋਕ

ਸਰੀ, (ਏਕਜੋਤ ਸਿੰਘ): ਸਰੀ ਸਿਟੀ ਕੌਂਸਲ ਨੇ ਸ਼ਹਿਰ ਦੀਆਂ ਦੋ ਪ੍ਰਮੁੱਖ ਜਾਇਦਾਦਾਂ ਦੇ ਟਾਈਟਲ ‘ਤੇ ਕਾਨੂੰਨੀ ਨੋਟਿਸ ਦਰਜ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ ਹਨ। ਇਹ ਕਾਰਵਾਈ ਉਹਨਾਂ ਮਕਾਨਾਂ ਵਿਰੁੱਧ ਕੀਤੀ ਗਈ ਹੈ ਜਿੱਥੇ ਬਿਨਾਂ ਲੋੜੀਂਦੇ ਬਿਲਡਿੰਗ ਪਰਮਿਟਾਂ ਅਤੇ ਸਰਕਾਰੀ ਨਿਰੀਖਣ ਦੇ ਵੱਡੇ ਪੱਧਰ ‘ਤੇ ਉਸਾਰੀ ਅਤੇ ਤਬਦੀਲੀਆਂ ਕੀਤੀਆਂ ਗਈਆਂ ਸਨ। ਮੇਅਰ ਬਰੈਂਡਾ ਲੋਕ ਨੇ ਮੰਗਲਵਾਰ ਨੂੰ ਇਸ ਫੈਸਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸ਼ਹਿਰ ਪ੍ਰਸ਼ਾਸਨ ਗੈਰ-ਕਾਨੂੰਨੀ ਉਸਾਰੀ ਦੇ ਮਾਮਲੇ ਵਿੱਚ ‘ਜ਼ੀਰੋ-ਟੌਲਰੈਂਸ’ ਦੀ ਨੀਤੀ ਅਪਣਾ ਰਿਹਾ ਹੈ। ਉਹਨਾਂ ਸਪੱਸ਼ਟ ਕੀਤਾ ਕਿ ਨਿਵਾਸੀਆਂ ਦੀ ਸੁਰੱਖਿਆ ਨੂੰ ਪਹਿਲ ਦੇਣਾ ਅਤੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਮਰਿਆਦਾ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ। ਵੇਰਵਿਆਂ ਅਨੁਸਾਰ 12464 77A ਐਵੇਨਿਊ ਸਥਿਤ ਜਾਇਦਾਦ ‘ਤੇ ਦੋ-



ਮੰਜ਼ਲਾ ਵਾਧਾ ਕਰਕੇ ਦੋ ਰਿਹਾਇਸ਼ੀ ਯੂਨਿਟ ਬਣਾਏ ਗਏ ਸਨ। ਇਸ ਦੇ ਨਾਲ ਹੀ ਪੱਛਮੀ ਪਾਸੇ ਇੱਕ ਹੋਰ ਦੋ-ਮੰਜ਼ਲਾ ਵਾਧਾ, ਗੈਰੇਜ ਵਿੱਚ ਰਿਹਾਇਸ਼ੀ ਇਕਾਈ ਅਤੇ ਘਰ ਦੇ ਮੂਹਰਲੇ ਪਾਸੇ ਇੱਕ ਡੈੱਕ ਦੀ ਗੈਰ-ਕਾਨੂੰਨੀ ਉਸਾਰੀ ਕੀਤੀ ਗਈ ਸੀ। ਦੂਜੇ ਮਾਮਲੇ ਵਿੱਚ, 13466 87A ਐਵੇਨਿਊ ਸਥਿਤ ਘਰ ਵਿੱਚ ਕਈ ਰਿਹਾਇਸ਼ੀ ਇਕਾਈਆਂ ਦਾ ਵਾਧਾ ਕੀਤਾ ਗਿਆ, ਜਿਸ ਵਿੱਚ ਬੇਸਮੈਂਟ ਵਿੱਚ ਕਈ ਯੂਨਿਟ, ਦੋ ਡੈੱਕ ਅਤੇ ਇੱਕ ਵਾਧੂ ਇਮਾਰਤ ਵਿੱਚ ਰਿਹਾਇਸ਼ੀ ਇਕਾਈ ਸ਼ਾਮਲ ਹੈ। ਇਹ ਸਾਰੀਆਂ ਤਬਦੀਲੀਆਂ ਸ਼ਹਿਰ ਦੇ ਬਿਲਡਿੰਗ ਨਿਯਮਾਂ ਦੀ ਸ਼ਰੇਆਮ ਉਲੰਘਣਾ ਕਰਕੇ ਕੀਤੀਆਂ ਗਈਆਂ ਸਨ। ਕਮਿਊਨਿਟੀ ਚਾਰਟਰ ਦੀ ਧਾਰਾ 57 ਦੇ ਤਹਿਤ ਇਹ ਨੋਟਿਸ ਦਰਜ ਕੀਤੇ ਗਏ ਹਨ, ਜੋ ਭਵਿੱਖ ਵਿੱਚ ਇਹਨਾਂ ਜਾਇਦਾਦਾਂ ਨੂੰ ਖਰੀਦਣ ਵਾਲੇ ਵਿਅਕਤੀਆਂ ਅਤੇ ਜਨਤਾ ਨੂੰ ਅਣਅਧਿਕਾਰਤ ਢਾਂਚਿਆਂ ਬਾਰੇ ਚੇਤਾਵਨੀ ਦੇਣਗੇ। ਇਹ ਇੱਕ ਅਜਿਹਾ ਕਾਨੂੰਨੀ ਉਪਾਅ ਹੈ ਜੋ ਸ਼ਹਿਰ ਵਿੱਚ ਉਸਾਰੀ ਦੇ ਮਿਆਰਾਂ ਨੂੰ ਇੱਕਸਾਰ ਰੱਖਣ ਵਿੱਚ ਮਦਦ ਕਰਦਾ ਹੈ। ਪ੍ਰਸ਼ਾਸਨ ਨੇ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਹ ਕਿਤੇ ਵੀ ਸ਼ੱਕੀ ਜਾਂ ਗੈਰ-ਕਾਨੂੰਨੀ ਉਸਾਰੀ ਹੁੰਦੀ ਦੇਖਦੇ ਹਨ, ਤਾਂ ਉਹ ਤੁਰੰਤ 604-591-4370 ‘ਤੇ ਫ਼ੋਨ ਕਰਕੇ ਜਾਂ ਈਮੇਲ ਰਾਹੀਂ ਸ਼ਿਕਾਇਤ ਦਰਜ ਕਰਵਾਉਣ। ਸ਼ਹਿਰ ਦੇ ਵਿਕਾਸ ਵਿੱਚ ਨਿਯਮਾਂ ਦੀ ਪਾਲਣਾ ਕਰਨਾ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। This report was written by Ekjot Singh as part of the Local Journalism Initiative.



MP Gregor Robertson
Vancouver Fraserview- South Burnaby

Open House

You're invited!

We've just moved into the neighbourhood
and want to celebrate with you.
Join me for snacks and refreshments in my new office, all are welcome.

Saturday, April 25th

12:00 - 2:30pm

Unit 360 - 3150 E 54th Ave, Vancouver
Champlain Sqaure



Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals

✔ Refinancing solutions | ✔ Construction mortgage | ✔ Purchase or Refinance



AMARPAL SINGH
Mortgage Advisor

Call : 604.338.7310

CENTUM MORTGAGE

# ਨੈਸ਼ਨਲ ਵਲੰਟੀਅਰ ਹਫ਼ਤਾ, ਫਰੇਜ਼ਰ ਹੈਲਥ ਵੱਲੋਂ ਵਲੰਟੀਅਰਾਂ ਦਾ ਸਨਮਾਨ

## ਫਰੇਜ਼ਰ ਹੈਲਥ ਦੇ 4000 ਵਲੰਟੀਅਰਾਂ ਨੇ ਪਿਛਲੇ ਸਾਲ ਦਿੱਤੇ 322565 ਘੰਟੇ

ਸਰੀ, (ਏਕਜੋਤ ਸਿੰਘ): ਫਰੇਜ਼ਰ ਹੈਲਥ ਵੱਲੋਂ ਨੈਸ਼ਨਲ ਵਲੰਟੀਅਰ ਹਫ਼ਤੇ ਦੇ ਮੌਕੇ 'ਤੇ ਆਪਣੇ ਹਜ਼ਾਰਾਂ ਵਲੰਟੀਅਰਾਂ ਦੀ ਨਿਸ਼ਕਾਮ ਸੇਵਾ ਦੀ ਸ਼ਲਾਘਾ ਕੀਤੀ ਗਈ ਹੈ। ਵਰਤਮਾਨ ਵਿੱਚ ਫਰੇਜ਼ਰ ਹੈਲਥ ਦੇ ਨਾਲ ਲਗਭਗ 4000 ਵਲੰਟੀਅਰ ਜੁੜੇ ਹੋਏ ਹਨ ਜੋ 20 ਵੱਖ-ਵੱਖ ਸਥਾਨਾਂ 'ਤੇ ਹਸਪਤਾਲਾਂ, ਲੌਂਗ ਟਰਮ ਕੇਅਰ ਹੋਮਜ਼ ਅਤੇ ਕਮਿਊਨਿਟੀ ਪ੍ਰੋਗਰਾਮਾਂ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ। ਅੰਕੜਿਆਂ ਅਨੁਸਾਰ ਪਿਛਲੇ ਇੱਕ ਸਾਲ ਵਿੱਚ ਇਹਨਾਂ ਵਲੰਟੀਅਰਾਂ ਨੇ ਕੁੱਲ 322565 ਘੰਟੇ ਸੇਵਾ ਕਰਕੇ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਫਰੇਜ਼ਰ ਹੈਲਥ ਦੇ ਪ੍ਰਧਾਨ ਅਤੇ ਸੀਈਓ ਡਰਮੋਟ ਕੇਲੀ ਨੇ ਇਸ ਮੌਕੇ ਵਲੰਟੀਅਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸੇਵਾਦਾਰ ਮਰੀਜ਼ਾਂ ਨੂੰ ਸਕੂਨ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ।

ਇਹਨਾਂ ਵਲੰਟੀਅਰਾਂ ਵਿੱਚ 82 ਸਾਲਾ ਮਾਰੀਆ ਕੈਰਿਨਹਾ ਵਰਗੇ ਤਜ਼ਰਬੇਕਾਰ ਲੋਕ ਸ਼ਾਮਲ ਹਨ ਜੋ ਪਿਛਲੇ 12 ਸਾਲਾਂ ਤੋਂ ਬਰਨਬੀ ਹਸਪਤਾਲ ਵਿੱਚ ਸੇਵਾ ਕਰ ਰਹੇ ਹਨ। ਮਾਰੀਆ ਨੇ ਹੁਣ ਤੱਕ 3400 ਘੰਟਿਆਂ ਤੋਂ ਵੱਧ ਦੀ ਸੇਵਾ ਦਿੱਤੀ ਹੈ। ਉਸਨੇ ਆਪਣੇ ਪਤੀ ਦੇ ਦਿਹਾਂਤ ਤੋਂ ਬਾਅਦ ਇਸ ਸੇਵਾ ਦੀ ਸ਼ੁਰੂਆਤ ਕੀਤੀ ਸੀ। ਉਹ ਹਸਪਤਾਲ ਆਉਣ ਵਾਲੇ ਲੋਕਾਂ ਨੂੰ ਰਸਤਾ ਦਿਖਾਉਣ ਅਤੇ ਉਹਨਾਂ ਦੀ ਹਰ ਸੰਭਵ ਮਦਦ ਕਰਨ ਵਿੱਚ ਖੁਸ਼ੀ ਮਹਿਸੂਸ ਕਰਦੇ ਹਨ। ਮਾਰੀਆ ਦਾ ਕਹਿਣਾ ਹੈ ਕਿ ਸੇਵਾ ਕਰਨ ਨਾਲ ਉਹ ਆਪਣੇ ਆਪ ਨੂੰ ਜਿਊਂਦਾ ਮਹਿਸੂਸ ਕਰਦੀ ਹੈ ਅਤੇ ਉਸ ਨੂੰ ਲੋਕਾਂ ਦੀ ਮਦਦ ਕਰਕੇ ਬਹੁਤ ਸਕੂਨ ਮਿਲਦਾ



ਹੈ। ਇਸੇ ਤਰ੍ਹਾਂ ਜਿਮ ਪੈਟਿਸਨ ਆਊਟਪੇਸ਼ੈਂਟ ਕੇਅਰ ਸੈਂਟਰ ਵਿੱਚ ਸੇਵਾ ਨਿਭਾ ਰਹੀ ਗੁਰਜੋਤ ਸੁੰਨਰ ਨੇ ਮਹਿਜ਼ 9 ਮਹੀਨਿਆਂ ਵਿੱਚ 115 ਘੰਟੇ ਵਲੰਟੀਅਰ ਵਜੋਂ ਕੰਮ ਕੀਤਾ ਹੈ। ਗੁਰਜੋਤ ਖਾਸ ਤੌਰ 'ਤੇ ਉਹਨਾਂ ਨਵੇਂ ਆਏ ਲੋਕਾਂ ਦੀ ਮਦਦ ਕਰਦੀ ਹੈ ਜੋ ਸਿਹਤ ਪ੍ਰਣਾਲੀ ਤੋਂ ਅਣਜਾਣ ਹਨ ਜਾਂ ਭਾਸ਼ਾ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਉਹ ਨਵੇਂ ਵਲੰਟੀਅਰਾਂ ਨੂੰ ਸਿਖਲਾਈ ਦੇਣ ਦਾ ਕੰਮ ਵੀ ਕਰ ਰਹੀ ਹੈ। ਗੁਰਜੋਤ ਅਨੁਸਾਰ ਵਲੰਟੀਅਰ ਵਜੋਂ ਕੰਮ ਕਰਨ ਨਾਲ ਉਸ ਨੂੰ ਸਿਹਤ ਖੇਤਰ ਵਿੱਚ ਕਰੀਅਰ ਬਣਾਉਣ ਲਈ ਜ਼ਰੂਰੀ ਹੁਨਰ ਸਿੱਖਣ ਨੂੰ ਮਿਲ ਰਹੇ ਹਨ। ਫਰੇਜ਼ਰ ਹੈਲਥ ਅਨੁਸਾਰ ਹਰ ਇੱਕ ਵਲੰਟੀਅਰ ਦੀ ਸਹਾਇਤਾ ਮਰੀਜ਼ਾਂ ਲਈ ਬਹੁਤ ਕੀਮਤੀ ਹੈ। This report was written by Ekjot Singh as part of the Local Journalism Initiative.

### ਮਾਰੀਆ ਕੈਰਿਨਹਾ (82 ਸਾਲ)

ਉਮਰ ਦੇ ਇਸ ਪੜਾਅ 'ਤੇ ਵੀ ਮਾਰੀਆ ਪਿਛਲੇ 12 ਸਾਲਾਂ ਤੋਂ ਬਰਨਬੀ ਹਸਪਤਾਲ ਵਿੱਚ ਸੇਵਾ ਕਰ ਰਹੀ ਹੈ। ਆਪਣੇ ਪਤੀ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਨੇ ਸੇਵਾ ਦਾ ਮਾਰਗ ਚੁਣਿਆ ਅਤੇ ਹੁਣ ਤੱਕ 3,400 ਘੰਟਿਆਂ ਤੋਂ ਵੱਧ ਸੇਵਾ ਕਰ ਚੁੱਕੀ ਹੈ। ਉਹ ਕਹਿੰਦੀ ਹੈ, "ਮੈਂ ਪਿਆਰ ਨਾਲ ਸੇਵਾ ਕਰਦੀ ਹਾਂ, ਇਹ ਮੈਨੂੰ ਜਿਉਣ ਦੀ ਸ਼ਕਤੀ ਦਿੰਦੀ ਹੈ।"

### ਗੁਰਜੋਤ ਸੁੰਨਰ

ਜਿਮ ਪੈਟੀਸਨ ਆਊਟਪੇਸ਼ੈਂਟ ਕੇਅਰ ਐਂਡ ਸਰਜਰੀ ਸੈਂਟਰ ਵਿੱਚ ਵਲੰਟੀਅਰ ਵਜੋਂ ਸੇਵਾ ਨਿਭਾ ਰਹੀ ਗੁਰਜੋਤ ਖਾਸ ਤੌਰ 'ਤੇ ਨਵੇਂ ਆਏ ਪ੍ਰਵਾਸੀਆਂ ਦੀ ਮਦਦ ਕਰਦੀ ਹੈ, ਜਿਨ੍ਹਾਂ ਨੂੰ ਭਾਸ਼ਾ ਜਾਂ ਸਿਹਤ ਪ੍ਰਣਾਲੀ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ। ਮਹਿਜ਼ 9 ਮਹੀਨਿਆਂ ਵਿੱਚ 115 ਘੰਟੇ ਸੇਵਾ ਕਰਨ ਵਾਲੀ ਗੁਰਜੋਤ ਹੁਣ ਨਵੇਂ ਵਲੰਟੀਅਰਾਂ ਨੂੰ ਸਿਖਲਾਈ ਵੀ ਦੇ ਰਹੀ ਹੈ। ਉਸ ਦਾ ਕਹਿਣਾ ਹੈ ਕਿ ਇਸ ਤਜ਼ਰਬੇ ਨੇ ਉਸ ਨੂੰ ਭਵਿੱਖ ਵਿੱਚ ਸਿਹਤ ਸੰਭਾਲ ਦੇ ਖੇਤਰ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕੀਤਾ ਹੈ।

# 30 ਫੀਸਦੀ ਕੰਜ਼ਰਵੇਟਿਵ ਵੋਟਰ ਪੋਇਲੀਵਰ ਨੂੰ ਬਦਲਣ ਦੇ ਹੱਕ ਵਿੱਚ : ਸਰਵੇਖਣ

ਸਰੀ, (ਏਕਜੋਤ ਸਿੰਘ): ਐਂਗਸ ਰੀਡ ਇੰਸਟੀਚਿਊਟ ਦੇ ਇੱਕ ਨਵੇਂ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਕੰਜ਼ਰਵੇਟਿਵ ਪਾਰਟੀ ਦੇ ਵੋਟਰਾਂ ਦੀ ਵੱਡੀ ਗਿਣਤੀ ਪੀਅਰ ਪੋਇਲੀਵਰ ਨੂੰ ਪਾਰਟੀ ਦੇ ਨੇਤਾ ਵਜੋਂ ਬਦਲਣਾ ਚਾਹੁੰਦੀ ਹੈ। ਇਸ ਪੋਲ ਵਿੱਚ 1640 ਕੈਨੇਡੀਅਨਾਂ ਦਾ ਸਰਵੇਖਣ ਕੀਤਾ ਗਿਆ ਸੀ, ਜਿਸ ਵਿੱਚ 590 ਅਜਿਹੇ ਵਿਅਕਤੀ ਸ਼ਾਮਲ ਸਨ ਜਿਨ੍ਹਾਂ ਨੇ ਪਿਛਲੇ ਸਾਲ ਦੀਆਂ ਚੋਣਾਂ ਵਿੱਚ ਕੰਜ਼ਰਵੇਟਿਵ ਪਾਰਟੀ ਨੂੰ ਵੋਟ ਦਿੱਤੀ ਸੀ। ਇਨ੍ਹਾਂ ਲੋਕਾਂ ਨੂੰ ਪੁੱਛਿਆ ਗਿਆ ਸੀ ਕਿ ਕੀ ਉਹ ਮੰਨਦੇ ਹਨ ਕਿ ਪੋਇਲੀਵਰ ਨੂੰ ਅਗਲੀਆਂ ਚੋਣਾਂ ਵਿੱਚ ਟੋਰੀਜ਼ ਦੀ ਅਗਵਾਈ ਕਰਨੀ ਚਾਹੀਦੀ ਹੈ।

ਸਰਵੇਖਣ ਵਿੱਚ ਸ਼ਾਮਲ ਲਗਭਗ 60 ਫੀਸਦੀ ਟੋਰੀ ਵੋਟਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਨੇਤਾ ਵਜੋਂ ਬਣੇ ਰਹਿਣਾ ਚਾਹੀਦਾ ਹੈ, ਜਦੋਂ ਕਿ 30 ਫੀਸਦੀ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਬਦਲ ਦਿੱਤਾ ਜਾਣਾ ਚਾਹੀਦਾ ਹੈ। ਪੋਇਲੀਵਰ ਦੇ ਅਸਤੀਫੇ ਦੀ ਮੰਗ ਕਰਨ ਵਾਲੇ ਕੰਜ਼ਰਵੇਟਿਵ ਵੋਟਰਾਂ ਦੀ ਗਿਣਤੀ ਪਿਛਲੇ ਅਗਸਤ ਤੋਂ ਲਗਭਗ ਦੁੱਗਣੀ ਹੋ ਗਈ ਹੈ। ਉਸ ਸਮੇਂ ਉਹ ਅਪ੍ਰੈਲ ਦੀਆਂ ਚੋਣਾਂ ਵਿੱਚ ਆਪਣੀ ਪੁਰਾਣੀ ਸੀਟ ਹਾਰਨ ਤੋਂ ਬਾਅਦ ਹਾਊਸ ਆਫ ਕਾਮਨਜ਼ ਵਿੱਚ ਸੀਟ ਹਾਸਲ ਕਰਨ ਲਈ ਜ਼ਿਮਨੀ ਚੋਣ



ਲੜ ਰਹੇ ਸਨ।

ਇਸ ਦੌਰਾਨ ਪਾਰਟੀ ਨੂੰ ਵੱਡੇ ਝਟਕੇ ਲੱਗੇ ਹਨ ਕਿਉਂਕਿ ਪਿਛਲੇ 6 ਮਹੀਨਿਆਂ ਵਿੱਚ 4 ਕੰਜ਼ਰਵੇਟਿਵ ਸੰਸਦ ਮੈਂਬਰ ਪਾਰਟੀ ਛੱਡ ਕੇ ਲਿਬਰਲ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਇਸ ਨਾਲ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਨੂੰ ਬਹੁਮਤ ਹਾਸਲ ਹੋ ਗਿਆ ਹੈ। ਹਾਲਾਂਕਿ 60 ਫੀਸਦੀ ਵੋਟਰ ਅਜੇ ਵੀ ਪੋਲੀਵਰੇ ਦੇ ਨਾਲ ਖੜ੍ਹੇ ਹਨ, ਪਰ ਪਾਰਟੀ ਵਿੱਚ ਪੈਦਾ ਹੋਈ ਇਹ ਫੁੱਟ ਆਉਣ ਵਾਲੀਆਂ ਚੋਣਾਂ ਵਿੱਚ ਕੰਜ਼ਰਵੇਟਿਵਾਂ ਲਈ ਚੁਣੌਤੀ ਬਣ ਸਕਦੀ ਹੈ। ਇਹ ਸਰਵੇਖਣ ਆਨਲਾਈਨ ਮਾਧਿਅਮ ਰਾਹੀਂ ਕੀਤਾ ਗਿਆ ਸੀ, ਜਿਸ ਕਾਰਨ ਇਸ ਵਿੱਚ ਮਾਰਜਿਨ ਆਫ਼ ਐਰਰ ਨਿਰਧਾਰਿਤ ਨਹੀਂ ਕੀਤਾ ਗਿਆ ਹੈ।

ਪਿਛਲੇ ਛੇ ਮਹੀਨਿਆਂ ਦੌਰਾਨ ਕੰਜ਼ਰਵੇਟਿਵ ਵਜੋਂ ਚੁਣੇ ਗਏ ਚਾਰ ਸੰਸਦ ਮੈਂਬਰ ਪਾਰਟੀ ਛੱਡ ਕੇ ਲਿਬਰਲ ਬੈਂਚਾਂ ਵਿੱਚ ਸ਼ਾਮਲ ਹੋ ਗਏ ਹਨ। ਇਸ ਕਦਮ ਨਾਲ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਬਹੁਮਤ ਵਾਲੀ ਸਰਕਾਰ ਮਿਲ ਗਈ ਹੈ। ਇਸ ਸਰਵੇਖਣ ਲਈ ਗਲਤੀ ਦੀ ਕੋਈ ਸੀਮਾ ਤੈਅ ਨਹੀਂ ਕੀਤੀ ਜਾ ਸਕਦੀ ਕਿਉਂਕਿ ਆਨਲਾਈਨ ਸਰਵੇਖਣਾਂ ਨੂੰ ਪੂਰੀ ਤਰ੍ਹਾਂ ਬੇਤਰਤੀਬੇ ਨਮੂਨੇ ਨਹੀਂ ਮੰਨਿਆ ਜਾਂਦਾ।

This report was written by Ekjot Singh as part of the Local Journalism Initiative.






PLEASE DONATE & SHARE

**Help Save 3-Year-Old Gurmoh**



Our sweet little **Gurmoh** is just **3 years old**. He loves going to preschool, making friends, singing "Wheels on the Bus," and dreams of becoming a firefighter.

But behind that beautiful smile, **Gurmoh is fighting a rare & devastating genetic condition**.

**Diagnosis**

A rare progressive neurodegenerative disease: SPG4 – SPAST c.1496GA (de novo mutation)

- Rapidly damages nerves that control movement
- Can lead to loss of walking, speech, and independence

gofundme

Scan to donate to Navpreet's fundraiser "A Race Against Time to save our 3-year-old son Gurmoh"

**There Is Hope**

Teams at McGill University and UC Berkeley have stepped forward to begin developing personalized gene therapy.

Estimated Cost: **$8 Million**
Urgent Goal: **$2.7 Million**

**Donate Now**
Scan QR code (GoFundMe)
E-transfer: info@spg4hope.org
**Ph: 604.726.2982**

Every share and contribution truly matters.

More Info: spg4hope.org


# ਮੈਕਸੀਕੋ ਦੇ ਪਿਰਾਮਿਡਾਂ ਉੱਤੇ ਗੋਲੀਬਾਰੀ, ਇੱਕ ਕੈਨੇਡੀਅਨ ਸੈਲਾਨੀ ਦੀ ਮੌਤ



ਸਰੀ, (ਏਕਜੋਤ ਸਿੰਘ): ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਇਤਿਹਾਸਕ ਪਿਰਾਮਿਡਾਂ ਉੱਤੇ ਹੋਈ ਗੋਲੀਬਾਰੀ ਦੀ ਜਾਂਚ ਦਾ ਵਾਅਦਾ ਕੀਤਾ ਹੈ, ਜਿਸ ਵਿੱਚ ਇੱਕ ਕੈਨੇਡੀਅਨ ਸੈਲਾਨੀ ਦੀ ਮੌਤ ਹੋ ਗਈ ਅਤੇ ਇੱਕ ਹੋਰ ਜ਼ਖਮੀ ਹੋ ਗਿਆ। ਸ਼ੀਨਬੌਮ ਨੇ ਇੱਕ ਬਿਆਨ ਵਿੱਚ ਕਿਹਾ ਕਿ ਟਿਓਤਿਹੁਆਕਨ ਪਿਰਾਮਿਡਾਂ ਵਿਖੇ ਹੋਈ ਇਸ ਘਟਨਾ ਨੇ ਉਨ੍ਹਾਂ ਦੀ ਸਰਕਾਰ ਨੂੰ ਡੂੰਘਾ ਦੁੱਖ ਪਹੁੰਚਾਇਆ ਹੈ ਅਤੇ ਉਹ ਕੈਨੇਡੀਅਨ ਦੂਤਘਰ ਦੇ ਸੰਪਰਕ ਵਿੱਚ ਹਨ। ਉਨ੍ਹਾਂ ਨੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਆਪਣੀ ਸੰਵੇਦਨਾ ਪ੍ਰਗਟ ਕੀਤੀ।

ਅਧਿਕਾਰੀਆਂ ਅਨੁਸਾਰ ਇੱਕ ਹਥਿਆਰਬੰਦ ਵਿਅਕਤੀ ਨੇ ਸੋਮਵਾਰ ਨੂੰ ਇਤਿਹਾਸਕ ਪਿਰਾਮਿਡਾਂ ਉੱਤੇ ਖੜ੍ਹੇ ਹੋ ਕੇ ਸੈਲਾਨੀਆਂ ਉੱਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਮੈਕਸੀਕੋ ਦੀ ਰਾਜਧਾਨੀ ਦੇ ਉੱਤਰ ਵਿੱਚ ਸਥਿਤ ਇਸ ਪੁਰਾਤੱਤਵ ਸਥਾਨ ਉੱਤੇ ਹੋਏ ਹਮਲੇ ਵਿੱਚ ਇੱਕ ਕੈਨੇਡੀਅਨ ਦੀ ਜਾਨ ਚਲੀ ਗਈ ਅਤੇ ਘੱਟੋ-ਘੱਟ 13 ਲੋਕ ਜ਼ਖਮੀ ਹੋ ਗਏ। ਹਮਲਾਵਰ ਦੀ ਪਛਾਣ 27 ਸਾਲਾ ਮੈਕਸੀਕਨ ਨਾਗਰਿਕ ਜੂਲੀਓ ਸੀਜ਼ਰ ਜੈਸੋ ਵਜੋਂ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਬਾਅਦ ਵਿੱਚ ਜੈਸੋ ਦੀ ਆਪਣੇ ਆਪ ਨੂੰ ਗੋਲੀ ਮਾਰਨ ਕਾਰਨ ਮੌਤ ਹੋ ਗਈ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਉੱਥੋਂ ਇੱਕ ਬੰਦੂਕ, ਇੱਕ ਚਾਕੂ ਅਤੇ ਗੋਲੀਆਂ ਬਰਾਮਦ ਹੋਈਆਂ ਹਨ। ਸਥਾਨਕ ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ ਜੈਸੋ ਇਸ ਹਮਲੇ ਵਿੱਚ ਇਕੱਲਾ ਹੀ ਸ਼ਾਮਲ ਸੀ। ਗੋਲੀਬਾਰੀ ਦੌਰਾਨ ਸੱਤ ਲੋਕਾਂ ਨੂੰ ਗੋਲੀਆਂ ਲੱਗੀਆਂ, ਜਦੋਂ ਕਿ ਬਾਕੀ ਲੋਕ ਹਫੜਾ-ਦਫੜੀ ਵਿੱਚ ਪਿਰਾਮਿਡ ਤੋਂ ਡਿੱਗਣ ਕਾਰਨ ਜ਼ਖਮੀ ਹੋ ਗਏ। ਹਸਪਤਾਲ ਲਿਜਾਏ ਗਏ ਜ਼ਖਮੀਆਂ ਵਿੱਚ ਛੇ ਅਮਰੀਕੀ, ਤਿੰਨ ਕੋਲੰਬੀਅਨ, ਇੱਕ ਰੂਸੀ, ਦੋ ਬ੍ਰਾਜ਼ੀਲੀਅਨ ਅਤੇ ਇੱਕ ਕੈਨੇਡੀਅਨ ਸ਼ਾਮਲ ਹਨ। ਅਧਿਕਾਰੀਆਂ ਮੁਤਾਬਕ ਜ਼ਖਮੀਆਂ ਦੀ ਉਮਰ 6 ਸਾਲ ਤੋਂ ਲੈ ਕੇ 61 ਸਾਲ ਦੇ ਵਿਚਕਾਰ ਹੈ। This report was written by Ekjot Singh as part of the Local Journalism Initiative.


BHULLAR
Excavating and Demolition
All Gravel Certified
BILL BHULLAR: 778-891-4556
BALRAJ BHULLAR: 778-865-4480

# ਕੈਨੇਡਾ ਪੋਸਟ ਨੂੰ ਇਤਿਹਾਸਕ ਘਾਟਾ, 1.57 ਬਿਲੀਅਨ ਡਾਲਰ ਦਾ ਭਾਰੀ ਨੁਕਸਾਨ



ਸਰੀ, (ਏਕਜੋਤ ਸਿੰਘ): ਕੈਨੇਡਾ ਪੋਸਟ ਨੇ ਸੋਮਵਾਰ ਨੂੰ ਦੱਸਿਆ ਕਿ ਉਸ ਨੂੰ ਪਿਛਲੇ ਸਾਲ ਟੈਕਸ ਤੋਂ ਪਹਿਲਾਂ 1.57 ਬਿਲੀਅਨ ਡਾਲਰ ਦਾ ਭਾਰੀ ਨੁਕਸਾਨ ਹੋਇਆ ਹੈ। ਇਹ ਇੱਕ ਰਿਕਾਰਡ ਘਾਟਾ ਹੈ ਜਿਸ ਦਾ ਕਾਰਨ ਮਜ਼ਦੂਰਾਂ ਦੀ ਹੜਤਾਲ ਅਤੇ ਆਧੁਨਿਕੀਕਰਨ ਵਿੱਚ ਆ ਰਹੀਆਂ ਰੁਕਾਵਟਾਂ ਨੂੰ ਮੰਨਿਆ ਜਾ ਰਿਹਾ ਹੈ। ਕੰਪਨੀ ਵੱਲੋਂ ਜਾਰੀ ਕੀਤੀ ਗਈ ਸਾਲਾਨਾ ਰਿਪੋਰਟ ਅਨੁਸਾਰ ਇਹ ਵਿੱਤੀ ਨੁਕਸਾਨ ਉਸ ਤੋਂ ਪਿਛਲੇ ਸਾਲ ਹੋਏ 841 ਮਿਲੀਅਨ ਡਾਲਰ ਦੇ ਘਾਟੇ ਨਾਲੋਂ ਲਗਭਗ ਦੁੱਗਣਾ ਹੈ। ਕੈਨੇਡਾ ਪੋਸਟ ਦੇ ਮਾਲੀਏ ਵਿੱਚ ਲਗਭਗ ਪੰਜ ਫੀਸਦੀ ਜਾਂ 315 ਮਿਲੀਅਨ ਡਾਲਰ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਦਾ ਮੁੱਖ ਕਾਰਨ ਪਿਛਲੇ ਸਾਲ ਪਾਰਸਲ ਦੀ ਮਾਤਰਾ ਵਿੱਚ 32.6 ਫੀਸਦੀ ਦੀ ਭਾਰੀ ਕਮੀ ਆਉਣਾ ਹੈ। ਪਿਛਲੇ ਸਾਲ ਦੀ ਹੜਤਾਲ ਦੌਰਾਨ ਬਹੁਤ ਸਾਰੇ ਗਾਹਕਾਂ ਨੇ ਆਪਣੀ ਪਾਰਸਲ ਡਿਲੀਵਰੀ ਲਈ ਪ੍ਰਾਈਵੇਟ ਕੰਪਨੀਆਂ ਦਾ ਸਹਾਰਾ ਲਿਆ ਸੀ। ਕੈਨੇਡੀਅਨ ਯੂਨੀਅਨ ਆਫ਼ ਪੋਸਟਲ ਵਰਕਰਜ਼ ਦੇ ਮੈਂਬਰਾਂ ਨੇ ਨਵੇਂ ਸਮਝੌਤਿਆਂ ਨੂੰ ਮਨਜ਼ੂਰੀ ਦੇਣ ਲਈ ਵੋਟਿੰਗ ਸ਼ੁਰੂ ਕਰ ਦਿੱਤੀ ਹੈ।

ਕੰਪਨੀ ਅਨੁਸਾਰ ਹੜਤਾਲ ਕਾਰਨ ਪਿਛਲੇ ਸਾਲ ਦੇ ਮੁਕਾਬਲੇ ਪਾਰਸਲ ਮਾਲੀਏ ਵਿੱਚ 850 ਮਿਲੀਅਨ ਡਾਲਰ ਦੀ ਗਿਰਾਵਟ ਆਈ ਹੈ। ਇਸ ਘਾਟੇ ਨੂੰ ਉਨ੍ਹਾਂ ਦੀ ਸਹਾਇਕ ਕੰਪਨੀ ਪੁਰੋਲੇਟਰ ਦੇ 256 ਮਿਲੀਅਨ ਡਾਲਰ ਦੇ ਮੁਨਾਫੇ ਨਾਲ ਕੁਝ ਹੱਦ ਤੱਕ ਪੂਰਾ ਕੀਤਾ ਗਿਆ ਹੈ। ਕੈਨੇਡਾ ਪੋਸਟ ਨੇ ਆਪਣੀ ਪੰਜ ਸਾਲਾ ਯੋਜਨਾ ਤਹਿਤ ਦੇਸ਼ ਭਰ ਵਿੱਚ ਚਾਰ ਮਿਲੀਅਨ ਪਤਿਆਂ ਉੱਤੇ ਡੋਰ-ਟੂ-ਡੋਰ ਡਿਲੀਵਰੀ ਨੂੰ ਕਮਿਊਨਿਟੀ ਮੇਲਬਾਕਸ ਵਿੱਚ ਬਦਲਣ ਦਾ ਫੈਸਲਾ ਕੀਤਾ ਹੈ। ਸਰਕਾਰ ਵੱਲੋਂ ਕੈਨੇਡਾ ਪੋਸਟ ਨੂੰ 1 ਬਿਲੀਅਨ ਡਾਲਰ ਦਾ ਹੋਰ ਕਰਜ਼ਾ ਦਿੱਤਾ ਗਿਆ ਹੈ, ਕਿਉਂਕਿ ਕੰਪਨੀ ਨੇ ਪਹਿਲਾਂ ਦਿੱਤਾ ਗਿਆ 1.03 ਬਿਲੀਅਨ ਡਾਲਰ ਦਾ ਕਰਜ਼ਾ ਉਮੀਦ ਤੋਂ ਪਹਿਲਾਂ ਹੀ ਖਰਚ ਕਰ ਲਿਆ ਸੀ। This report was written by Ekjot Singh as part of the Local Journalism Initiative.

# ਅਲਬਰਟਾ ਵਿੱਚ ਸਥਾਈ ਸਮਾਂ ਲਾਗੂ ਕਰਨ ਲਈ ਨਵਾਂ ਬਿੱਲ ਕੀਤਾ ਜਾਵੇਗਾ ਪੇਸ਼



ਸਰੀ, (ਏਕਜੋਤ ਸਿੰਘ): ਅਲਬਰਟਾ ਸਰਕਾਰ ਇਸ ਹਫਤੇ ਡੇਲਾਈਟ ਸੇਵਿੰਗ ਟਾਈਮ ਨੂੰ ਸਥਾਈ ਤੌਰ ਉੱਤੇ ਲਾਗੂ ਕਰਨ ਲਈ ਕਦਮ ਚੁੱਕਣ ਜਾ ਰਹੀ ਹੈ। ਸਰਕਾਰੀ ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਇਸ ਬਦਲਾਅ ਨੂੰ ਸਥਾਈ ਬਣਾਉਣਾ ਇੱਕ ਬਿੱਲ ਦਾ ਹਿੱਸਾ ਹੋਵੇਗਾ, ਜਿਸ ਨੂੰ ਇਸੇ ਹਫ਼ਤੇ ਅਲਬਰਟਾ ਵਿਧਾਨ ਸਭਾ ਵਿੱਚ ਪੇਸ਼ ਕੀਤਾ ਜਾਵੇਗਾ। ਪ੍ਰੀਮੀਅਰ ਡੈਨੀਏਲ ਸਮਿਥ ਨੇ ਇੱਕ ਇੰਟਰਵਿਊ ਵਿੱਚ ਦੱਸਿਆ ਸੀ ਕਿ ਇਸ ਬਸੰਤ ਰੁੱਤ ਵਿੱਚ ਕੀਤਾ ਗਿਆ ਸਮੇਂ ਦਾ ਬਦਲਾਅ ਆਖਰੀ ਸੀ, ਜਿਸ ਦਾ ਮਤਲਬ ਹੈ ਕਿ ਹੁਣ ਅਲਬਰਟਾ ਵਿੱਚ ਘੜੀਆਂ ਨੂੰ ਪਿੱਛੇ ਜਾਂ ਅੱਗੇ ਨਹੀਂ ਕੀਤਾ ਜਾਵੇਗਾ।

ਇਸ ਕਦਮ ਨੂੰ ਸਥਾਈ ਬਣਾਉਣ ਵਾਲੇ ਕਾਨੂੰਨ ਉੱਤੇ ਅਜੇ ਵਿਧਾਨ ਸਭਾ ਵਿੱਚ ਵੋਟਿੰਗ ਹੋਣੀ ਬਾਕੀ ਹੈ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਅਲਬਰਟਾ ਵਿੱਚ ਸਾਰਾ ਸਾਲ ਸਸਕੈਚਵਨ ਵਾਲਾ ਸਮਾਂ ਹੀ ਰਹੇਗਾ। ਇਸ ਦੇ ਨਾਲ ਹੀ ਅਲਬਰਟਾ ਦੀਆਂ ਘੜੀਆਂ ਬ੍ਰਿਟਿਸ਼ ਕੋਲੰਬੀਆ ਤੋਂ ਇੱਕ ਘੰਟਾ ਅੱਗੇ ਰਹਿਣਗੀਆਂ, ਜਿੱਥੇ 8 ਮਾਰਚ 2026 ਨੂੰ ਡੇਲਾਈਟ ਸੇਵਿੰਗ ਟਾਈਮ ਪਹਿਲਾਂ ਹੀ ਸਥਾਈ ਕਰ ਦਿੱਤਾ ਗਿਆ ਸੀ।

ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਪੰਜ ਸਾਲ ਪਹਿਲਾਂ ਅਲਬਰਟਾ ਵਾਸੀਆਂ ਨੇ ਇੱਕ ਰੈਫਰੈਂਡਮ ਵਿੱਚ ਡੇਲਾਈਟ ਸੇਵਿੰਗ ਟਾਈਮ ਨੂੰ ਸਥਾਈ ਕਰਨ ਦੇ ਵਿਚਾਰ ਨੂੰ 50.2 ਫੀਸਦੀ ਦੇ ਮੁਕਾਬਲੇ 49.8 ਫੀਸਦੀ ਵੋਟਾਂ ਨਾਲ ਰੱਦ ਕਰ ਦਿੱਤਾ ਸੀ। ਸੂਬੇ ਵਿੱਚ ਆਮ ਤੌਰ ਉੱਤੇ ਮਾਰਚ ਦੇ ਦੂਜੇ ਐਤਵਾਰ ਨੂੰ ਘੜੀਆਂ ਅੱਗੇ ਅਤੇ ਨਵੰਬਰ ਦੇ ਪਹਿਲੇ ਐਤਵਾਰ ਨੂੰ ਪਿੱਛੇ ਕੀਤੀਆਂ ਜਾਂਦੀਆਂ ਹਨ। ਇੱਕ ਸਰਵੇਖਣ ਅਨੁਸਾਰ ਦੁਨੀਆ ਦੇ ਸਿਰਫ ਇੱਕ ਤਿਹਾਈ ਦੇਸ਼ ਹੀ ਇਸ ਨਿਯਮ ਦੀ ਪਾਲਣਾ ਕਰਦੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਯੂਰਪ ਵਿੱਚ ਹਨ। This report was written by Ekjot Singh as part of the Local Journalism Initiative.


ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ

We Can Help With
» Teeth Cleaning
» Wisdom teeth Extractions
» Clear Braces
» Implants
& many more...



Accepting Canadian Dental Care Plan From Govt.
Consult Dr. Sra for a health SMILE
COMPLIMENTARY NIGHT GUARD (Value $500)
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack



ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ
SINCE 1997
SANJHA PUNJAB
ਸਾਂਝਾ ਪੰਜਾਬ ਸਵੀਟਸ
ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।
100% Vigitarian
Special Rates for Gurdwara & Mandir



CONTACT : SATJINDER SAMRA
604-930-9099
E-mail : sanjhapunjabsweets@gmail.com | Website : www.sanjhapunjabsweets.com
1-B 12830 96 Ave, Surrey, BC V3V 6A8

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
International
Punjabi Tribune

• **Rachhpal Singh Gill**
Editor
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurlal Singh**
Journalist

• **Hardam Singh Maan**
Surrey
604-308-6663

• **Ekjot Singh**
News Reporter

**Printed & Published in Canada by : International Punjabi Tribune Inc.**

604-616-2171
punjabitribune
iptribune@gmail.com
www.punjabitribune.ca
punjabitribune

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ।

# ਕੈਨੇਡਾ ਵਿਚਲੇ ਆਰਜ਼ੀ ਵਿਦੇਸ਼ੀ ਕਾਮੇ

## ਪੇਂਡੂ ਆਰਥਿਕਤਾ ਨੂੰ ਬਚਾਉਣ ਲਈ ਨਵੀਆਂ ਚੁਣੌਤੀਆਂ ਅਤੇ ਸੰਭਾਵਨਾਵਾਂ

ਸੰਪਾਦਕੀ

ਬ੍ਰਿਟਿਸ਼ ਕੋਲੰਬੀਆ ਦੇ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਇਸ ਵੇਲੇ ਇੱਕ ਅਜਿਹਾ ਆਰਥਿਕ ਸੰਕਟ ਦਸਤਕ ਦੇ ਰਿਹਾ ਹੈ ਜਿਸ ਨੇ ਸਥਾਨਕ ਕਾਰੋਬਾਰੀਆਂ ਅਤੇ ਕਮਿਊਨਿਟੀ ਲੀਡਰਾਂ ਦੀ ਨੀਂਦ ਉਡਾ ਦਿੱਤੀ ਹੈ। ਸੂਬੇ ਦੇ ਉੱਤਰੀ ਹਿੱਸਿਆਂ ਵਿੱਚ ਸਥਿਤ ਕਸਬਿਆਂ ਅਤੇ ਸ਼ਹਿਰਾਂ ਦੇ ਆਗੂ ਹੁਣ ਸੂਬਾ ਸਰਕਾਰ ਤੋਂ ਪੁਰਜ਼ੋਰ ਮੰਗ ਕਰ ਰਹੇ ਹਨ ਕਿ ਉਹ ਕੇਂਦਰੀ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਵਿੱਚ ਕੀਤੇ ਗਏ ਬਦਲਾਅ ਨੂੰ ਤੁਰੰਤ ਪ੍ਰਵਾਨਗੀ ਦੇਵੇ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਬਹੁਤ ਸਾਰੇ ਕਾਰੋਬਾਰ ਹਮੇਸ਼ਾ ਲਈ ਬੰਦ ਹੋ ਸਕਦੇ ਹਨ ਜਾਂ ਉਨ੍ਹਾਂ ਨੂੰ ਆਪਣੇ ਕੰਮ ਦੇ ਘੰਟੇ ਘਟਾਉਣ ਲਈ ਮਜਬੂਰ ਹੋਣਾ ਪਵੇਗਾ। ਇਹ ਸਥਿਤੀ ਸਿਰਫ਼ ਵਪਾਰਕ ਘਾਟੇ ਦੀ ਨਹੀਂ ਹੈ ਸਗੋਂ ਇਹ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਦੀ ਰੋਜ਼ੀ-ਰੋਟੀ ਅਤੇ ਪੇਂਡੂ ਜੀਵਨ ਸ਼ੈਲੀ ਦੇ ਬਚਾਅ ਦੀ ਲੜਾਈ ਹੈ ਜੋ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਨ੍ਹਾਂ ਛੋਟੇ ਕਾਰੋਬਾਰਾਂ 'ਤੇ ਨਿਰਭਰ ਹਨ। ਫੋਰਟ ਸੇਂਟ ਜੌਹਨ ਐਂਡ ਡਿਸਟ੍ਰਿਕਟ ਚੈਂਬਰ ਆਫ਼ ਕਾਮਰਸ ਦੀ ਕਾਰਜਕਾਰੀ ਨਿਰਦੇਸ਼ਕ ਟਿਫਨੀ ਹੇਟੇਨੀ ਨੇ ਇਸ ਸਥਿਤੀ ਦੀ ਗੰਭੀਰਤਾ ਨੂੰ ਬਿਆਨ ਕਰਦਿਆਂ ਕਿਹਾ ਹੈ ਕਿ ਕਾਰੋਬਾਰੀ ਮਾਲਕ ਉਨ੍ਹਾਂ ਕੋਲ ਲਗਾਤਾਰ ਪਹੁੰਚ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਟਾਫ ਦੀ ਭਾਰੀ ਕਿੱਲਤ ਕਾਰਨ ਉਹ ਆਪਣੇ ਕੰਮ ਨੂੰ ਜਾਰੀ ਰੱਖਣ ਵਿੱਚ ਅਸਮਰੱਥ ਮਹਿਸੂਸ ਕਰ ਰਹੇ ਹਨ। ਫੋਰਟ ਸੇਂਟ ਜੌਹਨ ਵਰਗੇ ਖੇਤਰਾਂ ਵਿੱਚ ਬੈਂਕ ਕਲਰਕ, ਫੂਡ ਸਰਵਿਸ ਵਰਕਰ ਅਤੇ ਖੇਤੀਬਾੜੀ ਖੇਤਰ ਦੇ ਕਾਮਿਆਂ ਦੀ ਇੰਨੀ ਜ਼ਿਆਦਾ ਘਾਟ ਹੈ ਕਿ ਰੋਜ਼ਾਨਾ ਦੇ ਕੰਮਕਾਜ ਨੂੰ ਚਲਾਉਣਾ ਇੱਕ ਚੁਣੌਤੀ ਬਣ ਗਿਆ ਹੈ। ਹੇਟੇਨੀ ਦੇ ਅਨੁਸਾਰ ਜੇਕਰ ਸੂਬਾ ਸਰਕਾਰ ਨੇ ਤੁਰੰਤ ਦਖ਼ਲ ਨਾ ਦਿੱਤਾ ਤਾਂ ਅਸੀਂ ਉਹ ਦਿਨ ਦੂਰ ਨਹੀਂ ਜਦੋਂ ਇਨ੍ਹਾਂ ਖੇਤਰਾਂ ਦੇ ਬਾਜ਼ਾਰ ਸੁੰਨੇ ਨਜ਼ਰ ਆਉਣਗੇ। ਕੇਂਦਰ ਸਰਕਾਰ ਨੇ ਇਸ ਸਾਲ ਮਾਰਚ ਵਿੱਚ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਵਿੱਚ ਕੁਝ ਮਹੱਤਵਪੂਰਨ ਤਬਦੀਲੀਆਂ ਦਾ ਐਲਾਨ ਕੀਤਾ ਸੀ ਜਿਸ ਦਾ ਮੁੱਖ ਉਦੇਸ਼ ਪੇਂਡੂ ਖੇਤਰਾਂ ਦੇ ਮਾਲਕਾਂ ਨੂੰ ਰਾਹਤ ਦੇਣਾ ਸੀ। ਇਨ੍ਹਾਂ ਤਬਦੀਲੀਆਂ ਤਹਿਤ ਰੁਜ਼ਗਾਰਦਾਤਾ ਆਪਣੀ ਕੁੱਲ ਕਿਰਤ ਸ਼ਕਤੀ ਵਿੱਚ ਵਿਦੇਸ਼ੀ ਕਾਮਿਆਂ ਦੀ ਹਿੱਸੇਦਾਰੀ 10 ਪ੍ਰਤੀਸ਼ਤ ਤੋਂ ਵਧਾ ਕੇ 15 ਪ੍ਰਤੀਸ਼ਤ ਕਰ ਸਕਦੇ ਹਨ। ਪਰ ਇਸ ਪ੍ਰਕਿਰਿਆ ਵਿੱਚ ਸਭ ਤੋਂ ਵੱਡੀ ਰੁਕਾਵਟ ਇਹ ਹੈ ਕਿ ਸੂਬਾ ਸਰਕਾਰਾਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਆਪਣੀ ਸਹਿਮਤੀ ਦੇਣੀ ਪੈਂਦੀ ਹੈ। ਬ੍ਰਿਟਿਸ਼ ਕੋਲੰਬੀਆ ਦੀ ਡੇਵਿਡ ਏਬੀ ਸਰਕਾਰ ਅਜੇ ਤੱਕ ਇਸ ਮਾਮਲੇ ਵਿੱਚ ਕੋਈ ਸਪੱਸ਼ਟ ਫੈਸਲਾ ਨਹੀਂ ਲੈ ਸਕੀ ਹੈ ਜਿਸ ਕਾਰਨ ਪੇਂਡੂ ਕਾਰੋਬਾਰੀਆਂ ਵਿੱਚ ਬੇਚੈਨੀ ਵਧ ਰਹੀ ਹੈ।

ਸੂਬੇ ਦੇ 10 ਵਪਾਰਕ ਸਮੂਹਾਂ ਨੇ ਸਤੰਬਰ ਵਿੱਚ ਪ੍ਰੀਮੀਅਰ ਡੇਵਿਡ ਏਬੀ ਨੂੰ ਇੱਕ ਸਾਂਝਾ ਪੱਤਰ ਲਿਖਿਆ ਸੀ ਜਿਸ ਵਿੱਚ ਉਨ੍ਹਾਂ ਨੇ ਸਰਕਾਰ ਨੂੰ ਇਸ ਫੈਡਰਲ ਪ੍ਰੋਗਰਾਮ ਦਾ ਸਮਰਥਨ ਕਰਨ ਦੀ ਅਪੀਲ ਕੀਤੀ ਸੀ। ਫੋਰਟ ਸੇਂਟ ਜੌਹਨ ਅਤੇ ਡਾਸਨ ਕ੍ਰੀਕ ਵਰਗੇ ਸ਼ਹਿਰਾਂ ਨੇ ਵੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਰਵੀ ਕਾਹਲੋਂ ਅਤੇ ਪ੍ਰੀਮੀਅਰ ਨੂੰ ਵੱਖਰੇ ਤੌਰ 'ਤੇ ਪੱਤਰ ਲਿਖ ਕੇ ਇਸ ਮੁੱਦੇ 'ਤੇ ਗੰਭੀਰਤਾ ਦਿਖਾਉਣ ਲਈ ਕਿਹਾ ਹੈ। ਡਾਸਨ ਕ੍ਰੀਕ ਅਤੇ ਫੋਰਟ ਸੇਂਟ ਜੌਹਨ ਵਿੱਚ ਮੈਕਡੋਨਲਡਜ਼ ਦੇ ਫਰੈਂਚਾਇਜ਼ੀ ਚਲਾਉਣ ਵਾਲੇ ਬ੍ਰਾਇਨ ਬੋਰੇਸਕੀ ਨੇ ਦੱਸਿਆ ਕਿ ਉਨ੍ਹਾਂ ਨੇ ਸਥਾਨਕ ਪੱਧਰ 'ਤੇ ਲੋਕਾਂ ਨੂੰ ਹਾਇਰ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ ਪਰ ਨਤੀਜਾ ਨਿਰਾਸ਼ਾਜਨਕ ਰਿਹਾ ਹੈ। ਪੇਂਡੂ ਖੇਤਰਾਂ ਵਿੱਚ ਰਿਹਾਇਸ਼ ਦੀ ਘਾਟ, ਆਵਾਜਾਈ ਦੇ ਸੀਮਤ ਸਾਧਨ ਅਤੇ ਕਿਰਤ ਸ਼ਕਤੀ ਦੀ ਘੱਟ ਮਾਤਰਾ ਕਾਰਨ ਸਥਾਨਕ ਪੱਧਰ 'ਤੇ ਕਾਮੇ ਮਿਲਣਾ ਲਗਭਗ ਅਸੰਭਵ ਹੋ ਗਿਆ ਹੈ।

ਇਸੇ ਤਰ੍ਹਾਂ ਡਾਸਨ ਕ੍ਰੀਕ ਦੇ ਸਿਟੀ ਕੌਂਸਲਰ ਕਾਇਲ ਮੈਕਡੋਨਲਡ, ਜੋ ਖੁਦ ਦੋ ਟਿਮ ਹੌਰਟਨਜ਼ ਰੈਸਟੋਰੈਂਟ ਚਲਾਉਂਦੇ ਹਨ, ਨੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਦੱਸਿਆ ਕਿ ਉੱਤਰੀ ਬੀ.ਸੀ. ਵਿੱਚ ਕਰਮਚਾਰੀਆਂ ਦਾ ਪੂਲ ਬਹੁਤ ਹੀ ਸੀਮਤ ਹੈ। ਉਨ੍ਹਾਂ ਦੇ ਅਨੁਸਾਰ ਕਈ ਵਾਰ ਅਜਿਹਾ ਹੁੰਦਾ ਹੈ ਕਿ 6 ਤੋਂ 10 ਮਹੀਨਿਆਂ ਤੱਕ ਕਿਸੇ ਵੀ ਸਥਾਨਕ ਨਿਵਾਸੀ ਜਾਂ ਕੈਨੇਡੀਅਨ ਪੀਆਰ ਹੋਲਡਰ ਵੱਲੋਂ ਨੌਕਰੀ ਲਈ ਕੋਈ ਅਰਜ਼ੀ ਪ੍ਰਾਪਤ ਨਹੀਂ ਹੁੰਦੀ। ਅਜਿਹੀ ਸਥਿਤੀ ਵਿੱਚ ਕਾਰੋਬਾਰ ਨੂੰ ਚਾਲੂ ਰੱਖਣ ਲਈ ਵਿਦੇਸ਼ੀ ਕਾਮਿਆਂ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਬਚਦਾ। ਹਾਲਾਂਕਿ ਡਾਸਨ ਕ੍ਰੀਕ ਰੂਰਲ ਕਮਿਊਨਿਟੀ ਇਮੀਗ੍ਰੇਸ਼ਨ ਪਾਇਲਟ ਪ੍ਰੋਗਰਾਮ ਦਾ ਹਿੱਸਾ ਹੈ ਜੋ ਹੁਨਰਮੰਦ ਕਾਮਿਆਂ ਨੂੰ ਸਥਾਈ ਨਿਵਾਸ ਦੀ ਪੇਸ਼ਕਸ਼ ਕਰਦਾ ਹੈ ਪਰ ਇਸ ਦੀਆਂ ਆਪਣੀਆਂ ਸੀਮਾਵਾਂ ਹਨ। ਇਸ ਪ੍ਰੋਗਰਾਮ ਤਹਿਤ ਇੱਕ ਕਾਰੋਬਾਰ ਸਾਲ ਵਿੱਚ ਸਿਰਫ਼ ਇੱਕ ਹੀ ਸਿਫ਼ਾਰਸ਼ ਕਰ ਸਕਦਾ ਹੈ ਜਦੋਂ ਕਿ ਉਨ੍ਹਾਂ ਨੂੰ ਪੰਜ ਜਾਂ ਛੇ ਪੁਰਾਣੇ ਭਰੋਸੇਯੋਗ ਕਰਮਚਾਰੀਆਂ ਨੂੰ ਰੱਖਣ ਦੀ ਲੋੜ ਹੁੰਦੀ ਹੈ।

ਪ੍ਰੀਮੀਅਰ ਡੇਵਿਡ ਏਬੀ ਨੇ ਪਿਛਲੇ ਸਮੇਂ ਵਿੱਚ ਵਿਦੇਸ਼ੀ ਵਰਕਰ ਪ੍ਰੋਗਰਾਮ ਬਾਰੇ ਕਾਫ਼ੀ ਸਖ਼ਤ ਟਿੱਪਣੀਆਂ ਕੀਤੀਆਂ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਇਸ ਪ੍ਰੋਗਰਾਮ ਨੂੰ ਜਾਂ ਤਾਂ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਇਸ ਵਿੱਚ ਵੱਡੇ ਸੁਧਾਰ ਕਰਨ ਦੀ ਲੋੜ ਹੈ। ਸਰਕਾਰ ਦਾ ਤਰਕ ਹੈ ਕਿ ਇਹ ਪ੍ਰੋਗਰਾਮ ਕਾਮਿਆਂ ਦੇ ਸ਼ੋਸ਼ਣ ਦਾ ਕਾਰਨ ਬਣ ਸਕਦਾ ਹੈ ਕਿਉਂਕਿ ਇੱਕ ਕਰਮਚਾਰੀ ਸਿਰਫ਼ ਇੱਕ ਹੀ ਰੁਜ਼ਗਾਰਦਾਤਾ 'ਤੇ ਨਿਰਭਰ ਹੁੰਦਾ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਦਾ ਇਹ ਵੀ ਮੰਨਣਾ ਹੈ ਕਿ ਇਹ ਕੋਈ ਲੰਬੇ ਸਮੇਂ ਦਾ ਹੱਲ ਨਹੀਂ ਹੈ ਅਤੇ ਇਸ ਨਾਲ ਸਥਾਈ ਨਿਵਾਸ ਦਾ ਕੋਈ ਸਪੱਸ਼ਟ ਰਸਤਾ ਨਹੀਂ ਮਿਲਦਾ। ਪੋਸਟ-ਸੈਕੰਡਰੀ ਐਜੂਕੇਸ਼ਨ ਅਤੇ ਫਿਊਚਰ ਸਕਿੱਲਜ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਉਨ੍ਹਾਂ ਨਾਲ ਕੇਂਦਰੀ ਤਬਦੀਲੀਆਂ ਬਾਰੇ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ ਸੀ ਅਤੇ ਉਹ ਇਸ ਵੇਲੇ ਇਸ ਦਾ ਜਾਇਜ਼ਾ ਲੈ ਰਹੇ ਹਨ।

ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸਿਧਾਂਤਕ ਸੁਧਾਰਾਂ ਦੀ ਉਡੀਕ ਵਿੱਚ ਪੇਂਡੂ ਆਰਥਿਕਤਾ ਨੂੰ ਤਬਾਹ ਹੋਣ ਦਿੱਤਾ ਜਾ ਸਕਦਾ ਹੈ? ਬੀ.ਸੀ. ਕੇਅਰ ਪ੍ਰੋਵਾਈਡਰਜ਼ ਐਸੋਸੀਏਸ਼ਨ ਦੀ ਸੀਈਓ ਮੈਰੀ ਪੋਲਕ ਨੇ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਇਸ ਦੇ ਪ੍ਰਭਾਵਾਂ 'ਤੇ ਰੌਸ਼ਨੀ ਪਾਈ ਹੈ। ਉਨ੍ਹਾਂ ਅਨੁਸਾਰ ਕੇਅਰ ਹੋਮਜ਼ ਵਿੱਚ ਸਟਾਫ ਦੀ ਕਮੀ ਦਾ ਸਿੱਧਾ ਅਸਰ ਬਜ਼ੁਰਗਾਂ ਦੀ ਦੇਖਭਾਲ 'ਤੇ ਪੈਂਦਾ ਹੈ। ਜੇਕਰ ਵਿਦੇਸ਼ੀ ਕਾਮਿਆਂ ਦੀ ਉਪਲਬਧਤਾ ਵਿੱਚ ਕੋਈ ਕਮੀ ਆਉਂਦੀ ਹੈ ਤਾਂ ਇਸ ਦਾ ਨੁਕਸਾਨ ਸੂਬੇ ਦੇ ਸਭ ਤੋਂ ਕਮਜ਼ੋਰ ਵਰਗ ਨੂੰ ਭੁਗਤਣਾ ਪਵੇਗਾ। ਪੋਲਕ ਦਾ ਕਹਿਣਾ ਹੈ ਕਿ ਸਰਕਾਰ ਨੂੰ ਪ੍ਰੋਗਰਾਮ ਵਿੱਚ ਮੌਜੂਦ ਕਮੀਆਂ ਨੂੰ ਦੂਰ ਕਰਨਾ ਚਾਹੀਦਾ ਹੈ ਨਾ ਕਿ ਇਸ ਨੂੰ ਖਤਮ ਕਰਨਾ ਚਾਹੀਦਾ ਹੈ ਕਿਉਂਕਿ ਕੇਅਰ ਸੈਕਟਰ ਪੂਰੀ ਤਰ੍ਹਾਂ ਇਨ੍ਹਾਂ ਕਾਮਿਆਂ 'ਤੇ ਟਿਕਿਆ ਹੋਇਆ ਹੈ। ਪੇਂਡੂ ਖੇਤਰਾਂ ਦੇ ਨੁਮਾਇੰਦਿਆਂ ਦਾ ਮੰਨਣਾ ਹੈ ਕਿ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੀਆਂ ਲੋੜਾਂ ਵਿੱਚ ਜ਼ਮੀਨ-ਆਸਮਾਨ ਦਾ ਫਰਕ ਹੈ। ਵੈਨਕੂਵਰ ਜਾਂ ਵਿਕਟੋਰੀਆ ਵਰਗੇ ਸ਼ਹਿਰਾਂ ਵਿੱਚ ਕਿਰਤ ਸ਼ਕਤੀ ਦੀ ਉਪਲਬਧਤਾ ਪੇਂਡੂ ਖੇਤਰਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ। ਕਾਇਲ ਮੈਕਡੋਨਲਡ ਨੇ ਉਮੀਦ ਜਤਾਈ ਹੈ ਕਿ ਪ੍ਰੀਮੀਅਰ ਇਸ ਫਰਕ ਨੂੰ ਸਮਝਣਗੇ। ਉਨ੍ਹਾਂ ਚੇਤਾਵਨੀ ਦਿੱਤੀ ਹੈ ਕਿ ਜੇਕਰ ਵਿਦੇਸ਼ੀ ਕਾਮਿਆਂ ਨੂੰ ਰੱਖਣ ਦੀ ਇਜਾਜ਼ਤ ਨਾ ਦਿੱਤੀ ਗਈ ਤਾਂ ਨਾ ਸਿਰਫ਼ ਵਿਦੇਸ਼ੀ ਕਾਮੇ ਜਾਣਗੇ ਸਗੋਂ ਉਨ੍ਹਾਂ ਦੇ ਨਾਲ ਕੰਮ ਕਰਨ ਵਾਲੇ ਸਥਾਨਕ ਕੈਨੇਡੀਅਨ ਵੀ ਆਪਣੀਆਂ ਨੌਕਰੀਆਂ ਗੁਆ ਬੈਠਣਗੇ ਕਿਉਂਕਿ ਪੂਰਾ ਕਾਰੋਬਾਰ ਹੀ ਬੰਦ ਹੋ ਜਾਵੇਗਾ। ਛੋਟੇ ਕਾਰੋਬਾਰ ਪੇਂਡੂ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਜੇਕਰ ਇਹ ਟੁੱਟਦੀ ਹੈ ਤਾਂ ਪੂਰਾ ਸਿਸਟਮ ਪ੍ਰਭਾਵਿਤ ਹੋਵੇਗਾ। ਸੂਬਾ ਸਰਕਾਰ ਦੀ ਇਹ ਚਿੰਤਾ ਜਾਇਜ਼ ਹੋ ਸਕਦੀ ਹੈ ਕਿ ਕਾਮਿਆਂ ਦਾ ਸ਼ੋਸ਼ਣ ਨਹੀਂ ਹੋਣਾ ਚਾਹੀਦਾ ਪਰ ਇਸ ਦਾ ਹੱਲ ਸਖ਼ਤ ਨਿਗਰਾਨੀ ਅਤੇ ਬਿਹਤਰ ਨਿਯਮਾਂ ਵਿੱਚ ਹੋਣਾ ਚਾਹੀਦਾ ਹੈ ਨਾ ਕਿ ਪ੍ਰੋਗਰਾਮ ਨੂੰ ਰੋਕਣ ਵਿੱਚ। ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੀ ਗਈ 10 ਤੋਂ 15 ਪ੍ਰਤੀਸ਼ਤ ਦੀ ਵਾਧਾ ਦਰ ਪੇਂਡੂ ਕਾਰੋਬਾਰੀਆਂ ਲਈ ਇੱਕ ਵੱਡੀ ਰਾਹਤ ਹੋ ਸਕਦੀ ਹੈ। ਫੋਰਟ ਸੇਂਟ ਜੌਹਨ ਅਤੇ ਹੋਰ ਸ਼ਹਿਰਾਂ ਦੇ ਵਪਾਰਕ ਸਮੂਹ ਸਿਰਫ਼ ਇਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਕੰਮ ਕਰਨ ਦਾ ਮੌਕਾ ਦਿੱਤਾ ਜਾਵੇ। ਜੇਕਰ ਇੱਕ ਬੈਂਕ ਜਾਂ ਇੱਕ ਰੈਸਟੋਰੈਂਟ ਸਟਾਫ ਦੀ ਕਮੀ ਕਾਰਨ ਬੰਦ ਹੁੰਦਾ ਹੈ ਤਾਂ ਉਸ ਦਾ ਅਸਰ ਸਿਰਫ਼ ਮਾਲਕ 'ਤੇ ਨਹੀਂ ਸਗੋਂ ਪੂਰੀ ਕਮਿਊਨਿਟੀ ਦੀਆਂ ਸੇਵਾਵਾਂ 'ਤੇ ਪੈਂਦਾ ਹੈ।

ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਕਿਹਾ ਹੈ ਕਿ ਉਹ ਆਉਣ ਵਾਲੇ ਦਿਨਾਂ ਵਿੱਚ ਇਸ ਮੁੱਦੇ 'ਤੇ ਹੋਰ ਜਾਣਕਾਰੀ ਸਾਂਝੀ ਕਰੇਗੀ। ਪੇਂਡੂ ਭਾਈਚਾਰੇ ਬਹੁਤ ਉਮੀਦ ਨਾਲ ਸਰਕਾਰ ਵੱਲ ਦੇਖ ਰਹੇ ਹਨ। ਇਹ ਸਮਾਂ ਕੂਟਨੀਤਕ ਬਿਆਨਬਾਜ਼ੀ ਦਾ ਨਹੀਂ ਸਗੋਂ ਅਮਲੀ ਕਦਮ ਚੁੱਕਣ ਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੇਂਡੂ ਖੇਤਰਾਂ ਲਈ ਵਿਸ਼ੇਸ਼ ਛੋਟਾਂ ਦਾ ਐਲਾਨ ਕਰੇ ਅਤੇ ਕੇਂਦਰ ਸਰਕਾਰ ਦੇ ਪ੍ਰੋਗਰਾਮ ਨੂੰ ਸਵੀਕਾਰ ਕਰਦਿਆਂ ਇਸ ਨੂੰ ਆਪਣੇ ਸੂਬੇ ਦੇ ਹਾਲਾਤਾਂ ਅਨੁਸਾਰ ਢਾਲੇ। ਜੇਕਰ ਦੇਰੀ ਕੀਤੀ ਗਈ ਤਾਂ ਹੋ ਸਕਦਾ ਹੈ ਕਿ ਜਦੋਂ ਤੱਕ ਫੈਸਲਾ ਆਵੇ ਉਦੋਂ ਤੱਕ ਬਹੁਤ ਸਾਰੇ ਕਾਰੋਬਾਰ ਦਮ ਤੋੜ ਚੁੱਕੇ ਹੋਣ।

ਇਸ ਪੂਰੇ ਮੁੱਦੇ ਵਿੱਚ ਮਨੁੱਖੀ ਅਧਿਕਾਰਾਂ ਅਤੇ ਆਰਥਿਕ ਲੋੜਾਂ ਵਿਚਕਾਰ ਸੰਤੁਲਨ ਬਣਾਉਣਾ ਬਹੁਤ ਜ਼ਰੂਰੀ ਹੈ। ਸੂਬਾ ਸਰਕਾਰ ਨੂੰ ਵਿਦੇਸ਼ੀ ਕਾਮਿਆਂ ਲਈ ਸਥਾਈ ਨਿਵਾਸ ਦੇ ਰਸਤੇ ਵੀ ਸੌਖੇ ਕਰਨੇ ਚਾਹੀਦੇ ਹਨ ਤਾਂ ਜੋ ਉਹ ਸਿਰਫ਼ 'ਟੈਂਪਰੇਰੀ' ਨਾ ਰਹਿ ਕੇ ਸਮਾਜ ਦਾ ਸਥਾਈ ਹਿੱਸਾ ਬਣ ਸਕਣ। ਇਸ ਨਾਲ ਸ਼ੋਸ਼ਣ ਦਾ ਡਰ ਵੀ ਘਟੇਗਾ ਅਤੇ ਕਿਰਤ ਸ਼ਕਤੀ ਦੀ ਘਾਟ ਵੀ ਪੱਕੇ ਤੌਰ 'ਤੇ ਦੂਰ ਹੋਵੇਗੀ। 300 ਵਿੱਚੋਂ ਸਿਰਫ਼ 60 ਅਰਜ਼ੀਆਂ ਦੀ ਮਨਜ਼ੂਰੀ ਇਹ ਦਰਸਾਉਂਦੀ ਹੈ ਕਿ ਮੌਜੂਦਾ ਸਿਸਟਮ ਵਿੱਚ ਕਾਫ਼ੀ ਸੁਧਾਰ ਦੀ ਗੁੰਜਾਇਸ਼ ਹੈ। ਕਾਰੋਬਾਰੀ ਸਾਲ ਵਿੱਚ ਸਿਰਫ਼ ਇੱਕ ਸਿਫ਼ਾਰਸ਼ ਕਰਨ ਦੀ ਸ਼ਰਤ ਨੂੰ ਵੀ ਹਟਾਉਣ ਜਾਂ ਨਰਮ ਕਰਨ ਦੀ ਲੋੜ ਹੈ ਤਾਂ ਜੋ ਉਹ ਆਪਣੀ ਪੂਰੀ ਟੀਮ ਨੂੰ ਸੰਭਾਲ ਕੇ ਰੱਖ ਸਕਣ। ਅਖੀਰ ਵਿੱਚ ਇਹ ਕਹਾ ਜਾ ਸਕਦਾ ਹੈ ਕਿ ਬ੍ਰਿਟਿਸ਼ ਕੋਲੰਬੀਆ ਦੀ ਪੇਂਡੂ ਆਰਥਿਕਤਾ ਦਾ ਭਵਿੱਖ ਇਸ ਵੇਲੇ ਸਰਕਾਰ ਦੇ ਇੱਕ ਫੈਸਲੇ 'ਤੇ ਟਿਕਿਆ ਹੋਇਆ ਹੈ। ਡੇਵਿਡ ਏਬੀ ਅਤੇ ਉਨ੍ਹਾਂ ਦੀ ਕੈਬਨਿਟ ਨੂੰ ਇਹ ਸਮਝਣਾ ਪਵੇਗਾ ਕਿ ਉੱਤਰੀ ਬੀ.ਸੀ. ਦੇ ਹਾਲਾਤ ਵੱਖਰੇ ਹਨ ਅਤੇ ਉੱਥੇ ਰਹਿਣ ਵਾਲੇ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਵੀ ਵੱਖਰੇ ਤਰੀਕੇ ਨਾਲ ਕਰਨਾ ਪਵੇਗਾ। ਵਪਾਰਕ ਸਮੂਹਾਂ ਦੀ ਮੰਗ ਜਾਇਜ਼ ਹੈ ਅਤੇ ਇਸ ਨੂੰ ਨਜ਼ਰਅੰਦਾਜ਼ ਕਰਨਾ ਸੂਬੇ ਦੇ ਆਰਥਿਕ ਭਵਿੱਖ ਲਈ ਘਾਤਕ ਸਿੱਧ ਹੋ ਸਕਦਾ ਹੈ। ਸਰਕਾਰ ਨੂੰ ਜਲਦੀ ਤੋਂ ਜਲਦੀ ਕੇਂਦਰੀ ਤਬਦੀਲੀਆਂ ਨੂੰ ਅਪਣਾ ਕੇ ਪੇਂਡੂ ਕਾਰੋਬਾਰੀਆਂ ਨੂੰ ਡੁੱਬਣ ਤੋਂ ਬਚਾਉਣਾ ਚਾਹੀਦਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਇਹ ਨਾ ਸਿਰਫ਼ ਕਾਰੋਬਾਰਾਂ ਲਈ ਸਗੋਂ ਪੂਰੇ ਸੂਬੇ ਦੀ ਆਰਥਿਕ ਸਥਿਰਤਾ ਲਈ ਇੱਕ ਮਹੱਤਵਪੂਰਨ ਕਦਮ ਹੋਵੇਗਾ। ਸਟਾਫ ਦੀ ਕਮੀ ਨਾਲ ਜੂਝ ਰਹੇ ਕਾਰੋਬਾਰੀਆਂ ਨੂੰ ਹੁਣ ਸਿਰਫ਼ ਉਮੀਦਾਂ ਦੀ ਨਹੀਂ ਸਗੋਂ ਮਨਜ਼ੂਰੀ ਦੇ ਪੱਤਰਾਂ ਦੀ ਲੋੜ ਹੈ।

# ਟਿਮ ਕੁੱਕ ਦੀ ਥਾਂ ਜੌਨ ਟਰਨਸ ਹੋਣਗੇ ਐਪਲ ਕੰਪਨੀ ਦੇ ਨਵੇਂ ਸੀਈਓ



ਸਰੀ, (ਏਕਜੋਤ ਸਿੰਘ): ਐਪਲ ਦੇ ਸੀਈਓ ਟਿਮ ਕੁੱਕ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਜਾ ਰਹੇ ਹਨ। ਉਨ੍ਹਾਂ ਨੇ ਇਹ ਅਹੁਦਾ ਮਰਹੂਮ ਸਟੀਵ ਜੌਬਸ ਤੋਂ ਸੰਭਾਲਿਆ ਸੀ। ਇਸ ਨਾਲ ਉਨ੍ਹਾਂ ਦੇ ਲਗਭਗ 15 ਸਾਲਾਂ ਦੇ ਕਾਰਜਕਾਲ ਦਾ ਅੰਤ ਹੋ ਜਾਵੇਗਾ। ਉਨ੍ਹਾਂ ਦੇ ਸ਼ਾਸਨਕਾਲ ਦੌਰਾਨ ਆਈਫੋਨ ਦੀ ਸਫਲਤਾ ਸਦਕਾ ਕੰਪਨੀ ਦੀ ਮਾਰਕੀਟ ਵੈਲਿਊ 3.6 ਟ੍ਰਿਲੀਅਨ ਡਾਲਰ ਤੋਂ ਵੀ ਵੱਧ ਗਈ ਸੀ।

65 ਸਾਲਾ ਕੁੱਕ ਆਉਣ ਵਾਲੀ 1 ਸਤੰਬਰ ਨੂੰ ਐਪਲ ਦੇ ਹਾਰਡਵੇਅਰ ਇੰਜੀਨੀਅਰਿੰਗ ਦੇ ਮੁਖੀ ਜੌਨ ਟਰਨਸ ਨੂੰ ਸੀਈਓ ਦੀਆਂ ਜ਼ਿੰਮੇਵਾਰੀਆਂ ਸੌਂਪ ਦੇਣਗੇ। ਹਾਲਾਂਕਿ ਉਹ ਕੈਲੀਫੋਰਨੀਆ ਸਥਿਤ ਇਸ ਕੰਪਨੀ ਵਿੱਚ ਕਾਰਜਕਾਰੀ ਚੇਅਰਮੈਨ ਵਜੋਂ ਜੁੜੇ ਰਹਿਣਗੇ। ਇਹ ਤਬਦੀਲੀ ਐਮਾਜ਼ਾਨ ਦੇ ਜੈੱਫ ਬੇਜੋਸ ਅਤੇ ਨੈੱਟਫਲਿਕਸ ਦੇ ਰੀਡ ਹੇਸਟਿੰਗਜ਼ ਵੱਲੋਂ ਆਪਣੇ ਸਫਲ ਕਾਰਜਕਾਲ ਦੇ ਅੰਤ ਤੋਂ ਬਾਅਦ ਕੀਤੇ ਗਏ ਬਦਲਾਅ ਵਰਗੀ ਹੀ ਹੈ।

ਟਿਮ ਕੁੱਕ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਐਪਲ ਦਾ ਸੀਈਓ ਹੋਣਾ ਅਤੇ ਇੰਨੀ ਸ਼ਾਨਦਾਰ ਕੰਪਨੀ ਦੀ ਅਗਵਾਈ ਕਰਨ ਦਾ ਭਰੋਸਾ ਪ੍ਰਾਪਤ ਕਰਨਾ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਨਮਾਨ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਐਪਲ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਅਜਿਹੀ ਰਚਨਾਤਮਕ ਅਤੇ ਨਵੀਨਤਾਕਾਰੀ ਟੀਮ ਨਾਲ ਕੰਮ ਕਰਨ ਦਾ ਮੌਕਾ ਮਿਲਣ ਉੱਤੇ ਧੰਨਵਾਦੀ ਹਨ। ਹਾਲਾਂਕਿ ਉਨ੍ਹਾਂ ਉੱਤੇ ਹਮੇਸ਼ਾ ਸਟੀਵ ਜੌਬਸ ਵਰਗੀ ਦੂਰਅੰਦੇਸ਼ੀ ਦੀ ਘਾਟ ਹੋਣ ਦਾ ਪ੍ਰਭਾਵ ਰਿਹਾ, ਪਰ ਕੁੱਕ ਨੇ ਆਈਫੋਨ ਅਤੇ ਹੋਰ ਕਈ ਨਵੀਆਂ ਖੋਜਾਂ ਦਾ ਲਾਹਾ ਲੈਂਦਿਆਂ ਐਪਲ ਨੂੰ ਉਨ੍ਹਾਂ ਬੁਲੰਦੀਆਂ ਉੱਤੇ ਪਹੁੰਚਾਇਆ ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ, ਖਾਸ ਕਰਕੇ ਜਦੋਂ 1990 ਦੇ ਦਹਾਕੇ ਦੇ ਅੱਧ ਵਿੱਚ ਕੰਪਨੀ ਦੀਵਾਲੀਆ ਹੋਣ ਦੀ ਕਗਾਰ ਉੱਤੇ ਸੀ। This report was written by Ekjot Singh as part of the Local Journalism Initiative.

# ਸੇਵਾ ਅਤੇ ਸਿੱਖਿਆ ਨੂੰ ਸਮਰਪਿਤ ਗੁਰਨਾਮ ਸਿੰਘ ਪੂਣੀ ਦਾ ਦੇਹਾਂਤ, ਅੰਤਿਮ ਸਸਕਾਰ 1 ਮਈ ਨੂੰ



ਸਰੀ, (ਏਕਜੋਤ ਸਿੰਘ): ਵੈਨਕੂਵਰ ਦੀਆਂ ਸਤਿਕਾਰਤ ਸ਼ਖਸੀਅਤਾਂ ਵਿੱਚੋਂ ਇੱਕ, ਸੇਵਾਮੁਕਤ ਸਿੱਖਿਆ ਸ਼ਾਸਤਰੀ ਗੁਰਨਾਮ ਸਿੰਘ ਪੂਣੀ 19 ਅਪ੍ਰੈਲ 2026 ਨੂੰ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ। 11 ਸਤੰਬਰ 1926 ਨੂੰ ਜਨਮੇ ਗੁਰਨਾਮ ਸਿੰਘ ਪੂਣੀ ਸਾਲ 1966 ਵਿੱਚ ਭਾਰਤ ਤੋਂ ਇੰਗਲੈਂਡ ਚਲੇ ਗਏ ਸਨ ਅਤੇ ਬਾਅਦ ਵਿੱਚ 1969 ਵਿੱਚ ਕੈਨੇਡਾ ਦੇ ਵਿਕਟੋਰੀਆ ਸ਼ਹਿਰ ਵਿੱਚ ਆ ਵਸੇ। ਸਾਲ 1974 ਤੋਂ ਉਹ ਵੈਨਕੂਵਰ ਵਿੱਚ ਰਹਿ ਰਹੇ ਸਨ। ਉਹ ਖਾਲਸਾ ਦੀਵਾਨ ਸੁਸਾਇਟੀ ਦੇ ਸਰਗਰਮ ਮੈਂਬਰ ਸਨ ਅਤੇ ਉਹਨਾਂ ਨੇ ਆਪਣੀ ਸੇਵਾਮੁਕਤੀ ਦੇ ਸਾਲ ਰੌਸ ਸਟ੍ਰੀਟ ਗੁਰਦੁਆਰਾ ਸਾਹਿਬ ਵਿਖੇ ਨਿਸ਼ਕਾਮ ਸੇਵਾ ਕਰਦਿਆਂ ਬਿਤਾਏ। ਉਹ ਆਪਣੇ ਪਿੱਛੇ ਧੀਆਂ ਦਰਸ਼ਨ ਕੌਰ ਥਾਂਦੀ, ਸੁਰਿੰਦਰ ਕੌਰ ਸੰਧੂ, ਕੁਲਵਿੰਦਰ ਕੌਰ ਸਰੋਆ ਸਮੇਤ 9 ਪੋਤੇ-ਪੋਤੀਆਂ ਅਤੇ 10 ਪੜਪੋਤੇ-ਪੜਪੋਤੀਆਂ ਦਾ ਭਰਿਆ-ਪੂਰਾ ਪਰਿਵਾਰ ਛੱਡ ਗਏ ਹਨ। ਉਹਨਾਂ ਦਾ ਜੀਵਨ ਪਰਿਵਾਰ ਅਤੇ ਸਮਾਜ ਪ੍ਰਤੀ ਸਮਰਪਣ ਦੀ ਇੱਕ ਮਿਸਾਲ ਸੀ।

ਪਰਿਵਾਰਕ ਮੈਂਬਰਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਗੁਰਨਾਮ ਸਿੰਘ ਪੂਣੀ ਦਾ ਅੰਤਿਮ ਸਸਕਾਰ 1 ਮਈ ਨੂੰ ਦੁਪਹਿਰ 1 ਵਜੇ ਰਿਵਰਸਾਈਡ ਫਿਊਨਰਲ ਹੋਮ, 7410 ਹੌਪਕੋਟ ਰੋਡ, ਡੈਲਟਾ ਵਿਖੇ ਕੀਤਾ ਜਾਵੇਗਾ। ਸਸਕਾਰ ਉਪਰੰਤ ਖਾਲਸਾ ਦੀਵਾਨ ਸੁਸਾਇਟੀ, ਰੌਸ ਸਟ੍ਰੀਟ ਵੈਨਕੂਵਰ ਵਿਖੇ ਲੰਗਰ ਵਰਤਾਇਆ ਜਾਵੇਗਾ ਅਤੇ ਅੰਤਿਮ ਅਰਦਾਸ ਕੀਤੀ ਜਾਵੇਗੀ। ਪੂਣੀ ਪਰਿਵਾਰ ਵਲੋਂ ਸੰਗਤਾਂ ਨੂੰ ਅੰਤਿਮ ਅਰਦਾਸ 'ਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ ਹੈ। This report was written by Ekjot Singh as part of the Local Journalism Initiative.

# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ: ਸਾਹਿਤਕ ਰਚਨਾਵਾਂ ਅਤੇ ਇਤਿਹਾਸਕ ਚਰਚਾ ਨਾਲ ਭਰਪੂਰ ਰਹੀ

ਕੈਲਗਰੀ, (ਹਰਦਮ ਮਾਨ): ਅਰਪਨ ਲਿਖਾਰੀ ਸਭਾ, ਕੈਲਗਰੀ ਦੀ ਅਪ੍ਰੈਲ ਮਹੀਨੇ ਦੀ ਮਾਸਿਕ ਮੀਟਿੰਗ ਸਾਹਿਤਕ ਰੰਗਾਂ, ਇਤਿਹਾਸਕ ਚੇਤਨਾ ਅਤੇ ਭਾਵਪੂਰਤ ਸ਼ਰਧਾਂਜਲੀਆਂ ਦੇ ਸੰਗਮ ਨਾਲ ਯਾਦਗਾਰੀ ਰਹੀ। ਕੋਸੋ ਹਾਲ ਵਿਖੇ ਹੋਈ ਇਸ ਇਕੱਤਰਤਾ ਦੀ ਪ੍ਰਧਾਨਗੀ ਜਸਵੰਤ ਸਿੰਘ ਸੇਖੋਂ, ਜਸਵੰਤ ਰਾਏ ਸ਼ਰਮਾ ਅਤੇ ਸੁਖਪਾਲਵੀਰ ਸਿੰਘ ਨੇ ਸਾਂਝੇ ਤੌਰ 'ਤੇ ਕੀਤੀ।



ਸਮਾਗਮ ਦੀ ਸ਼ੁਰੂਆਤ ਵਿੱਚ ਸਾਹਿਤਕ ਜਗਤ ਦੀਆਂ ਦੋ ਅਹਿਮ ਹਸਤੀਆਂ ਅਮਰ ਕੋਮਲ ਅਤੇ ਲਾਲ ਸਿੰਘ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਲਾਲ ਸਿੰਘ ਦੇ ਸਪੁੱਤਰ ਸੁਖਪਾਲਵੀਰ ਸਿੰਘ ਨੇ ਉਨ੍ਹਾਂ ਦੇ ਸਾਹਿਤਕ ਸਫ਼ਰ ਅਤੇ ਜੀਵਨ ਦੇ ਅਹਿਮ ਪਹਿਲੂਆਂ ਨੂੰ ਸਾਂਝਾ ਕਰਦਿਆਂ ਭਾਵੁਕ ਯਾਦਾਂ ਤਾਜ਼ਾ ਕੀਤੀਆਂ।

ਸਭਾ ਦੀ ਸਕੱਤਰ ਬਲਜਿੰਦਰ ਕੌਰ (ਸੋਨੀ) ਮਾਂਗਟ ਨੇ ਵਿਸਾਖੀ, ਖਾਲਸਾ ਸਾਜਨਾ ਦਿਵਸ, ਜੱਲ੍ਹਿਆਂਵਾਲਾ ਬਾਗ ਦੇ ਸਾਕੇ ਅਤੇ ਸਿੱਖ ਵਿਰਾਸਤ ਮਹੀਨੇ ਦੀ ਇਤਿਹਾਸਕ ਮਹੱਤਤਾ 'ਤੇ ਚਾਨਣਾ ਪਾਇਆ। ਪਰਮਜੀਤ ਭੰਗੂ ਨੇ ਖਾਲਸਾ ਸਾਜਨਾ ਨੂੰ ਸਮਰਪਿਤ ਵਾਰ ਪੇਸ਼ ਕਰਕੇ ਮਾਹੌਲ ਨੂੰ ਜੋਸ਼ੀਲਾ ਬਣਾ ਦਿੱਤਾ।

ਮੀਟਿੰਗ ਦੌਰਾਨ ਚੱਲੇ ਸਾਹਿਤਕ ਰਚਨਾਵਾਂ ਦੇ ਦੌਰ ਵਿੱਚ ਡਾ. ਮਨਮੋਹਨ ਬਾਠ, ਹਰਮਿੰਦਰਪਾਲ ਸਿੰਘ, ਗਿੱਲ ਸੁਖਮੰਦਰ ਅਤੇ ਸੁਖਵਿੰਦਰ ਤੂਰ ਨੇ ਆਪਣੀਆਂ ਗੀਤਕਾਰੀ ਰਾਹੀਂ ਸੰਗੀਤਕ ਮਾਹੌਲ ਸਿਰਜਿਆ। ਸੋਹਣ ਸਿੰਘ ਭੁੱਚੋ, ਦਰਸ਼ਨ ਬਰਾੜ ਅਤੇ ਜਸਵੰਤ ਸਿੰਘ ਸੇਖੋਂ ਨੇ ਕਵੀਸ਼ਰੀ ਦੇ ਨਿਵੇਕਲੇ ਅੰਦਾਜ਼ ਅਤੇ ਛੰਦਾਂ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ। ਜਸਵੀਰ ਸਿਹੋਤਾ, ਗੁਰਚਰਨ ਕੌਰ ਥਿੰਦ, ਚਰਨਦੀਪ ਕੌਰ ਅਤੇ ਜਗਦੇਵ ਸਿੱਧੂ ਨੇ ਸਮਾਜਿਕ ਸਰੋਕਾਰਾਂ, ਸਿੱਖ ਇਤਿਹਾਸ ਅਤੇ ਮਨੁੱਖੀ ਹੋਂਦ ਨਾਲ ਜੁੜੀਆਂ ਕਵਿਤਾਵਾਂ ਪੇਸ਼ ਕੀਤੀਆਂ।

ਜਰਨੈਲ ਤੱਗੜ ਨੇ ਜਲੰਧਰ ਵਿਖੇ ਹੋਏ ਗਦਰੀ ਬਾਬਿਆਂ ਦੇ ਮੇਲੇ ਦੇ ਅੱਖੀਂ ਦੇਖੇ ਹਾਲ ਸਾਂਝੇ ਕੀਤੇ। ਪ੍ਰਕਾਸ਼ ਕੌਰ ਅਤੇ ਬਲਵਿੰਦਰ ਸਿੰਘ ਮਾਨ ਨੇ ਗੁਰਬਾਣੀ ਦੇ ਹਵਾਲੇ ਨਾਲ ਜੀਵਨ-ਜਾਚ ਦੇ ਨੁਕਤੇ ਪੇਸ਼ ਕੀਤੇ। ਜਸਵੰਤ ਰਾਏ ਸ਼ਰਮਾ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤੱਕ ਦੇ ਤਿਲਕ-ਜੰਞੂ ਦੇ ਇਤਿਹਾਸਕ ਸੰਕਲਪ ਨੂੰ ਬੜੇ ਤਰਕਪੂਰਨ ਢੰਗ ਨਾਲ ਬਿਆਨ ਕੀਤਾ। ਇਸ ਤੋਂ ਇਲਾਵਾ ਸਤਨਾਮ ਸ਼ੇਰਗਿੱਲ ਨੇ ਇੰਗਲੈਂਡ ਦੀਆਂ ਇਤਿਹਾਸਕ ਯਾਦਗਾਰਾਂ ਬਾਰੇ ਅਨੁਭਵ ਸਾਂਝੇ ਕੀਤੇ।

ਇਸ ਮੌਕੇ ਤੇਲੂ ਰਾਮ ਕੋਹਾੜਾ ਦੀ ਪੁਸਤਕ 'ਭੁਲੱਕੜਨਾਮਾ' ਅਤੇ ਗਿੱਲ ਸੁਖਮੰਦਰ ਦੀ ਨਵੀਂ ਰਚਨਾ 'ਖ਼ਾਕ ਤੋਂ ਖ਼ਾਕ ਤੱਕ' ਅਰਪਨ ਲਿਖਾਰੀ ਸਭਾ ਨੂੰ ਭੇਟ ਕੀਤੀਆਂ ਗਈਆਂ। ਸੋਨੀ ਮਾਂਗਟ ਨੇ ਆਪਣੀਆਂ ਟਿੱਪਣੀਆਂ ਨਾਲ ਸਮਾਗਮ ਦੀ ਕਾਰਵਾਈ ਨੂੰ ਬੇਹੱਦ ਰੌਚਕ ਬਣਾਈ ਰੱਖਿਆ। ਸਤਨਾਮ ਢਾਅ ਨੇ ਸਭਾ ਦੀਆਂ ਗਤੀਵਿਧੀਆਂ 'ਤੇ ਤਸੱਲੀ ਪ੍ਰਗਟਾਈ, ਜਦਕਿ ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਸਮੂਹ ਸ਼ਾਮਲ ਹੋਣ ਵਾਲੇ ਸਾਹਿਤ ਪ੍ਰੇਮੀਆਂ ਦਾ ਦਿਲੋਂ ਧੰਨਵਾਦ ਕੀਤਾ।

ਮੀਟਿੰਗ ਵਿੱਚ ਗੁਰਦੀਪ ਸਿੰਘ, ਮਹਿੰਦਰ ਕੌਰ ਕਾਲੀਰਾਏ, ਚਰਨਜੀਤ ਕੌਰ ਸੰਧੂ, ਬੇਅੰਤ ਕੌਰ ਭੱਠਲ, ਸੁਖਦੇਵ ਕੌਰ ਢਾਅ, ਸੁਖਵਿੰਦਰ ਸਿੰਘ ਥਿੰਦ, ਭੁਪਿੰਦਰ ਸਿੰਘ, ਜੈ ਸਿੰਘ ਉੱਪਲ, ਬਲਕਾਰ ਸਿੰਘ ਦਿਓਲ ਅਤੇ ਮੁਖਿੰਦਰਪਾਲ ਸਿੰਘ ਉੱਪਲ ਸਮੇਤ ਕਈ ਹੋਰ ਸਾਹਿਤ ਪ੍ਰੇਮੀਆਂ ਨੇ ਵਿਚਾਰ-ਚਰਚਾ ਵਿੱਚ ਹਿੱਸਾ ਲਿਆ।

# ਸਿੱਖ ਕੌਮ ਦੇ ਹੀਰੇ ਮਹਾਨ ਬੁੱਧੀਜੀਵੀ ਗਿਆਨੀ ਦਿੱਤ ਸਿੰਘ

**ਲੇਖਕ : ਨਸੀਬ ਸਿੰਘ ਸੇਵਕ,**
**ਸੰਪਰਕ : 94652 16530**

6 ਸਤੰਬਰ 1901 ਨੂੰ ਸਿੰਘ ਸਭਾ ਲਾਹੌਰ ਦੇ ਮੋਢੀ, ਵਿਸ਼ਵ ਦੇ ਪੰਜਾਬੀ ਦੇ ਪਹਿਲੇ ਪ੍ਰੋਫੈਸਰ, ਖਾਲਸਾ ਕਾਲਜ ਅੰਮ੍ਰਿਤਸਰ ਦੇ ਮੋਢੀ ਸੰਸਥਾਪਕ, ਪੰਜਾਬੀ ਪੱਤਰਕਾਰੀ ਦੇ ਪਿਤਾਮਾ, 71 ਪੁਸਤਕਾਂ ਦੇ ਲਿਖਾਰੀ, ਆਰੀਆ ਸਮਾਜ ਦੇ ਮੋਢੀ ਸਵਾਮੀ ਦਯਾਨੰਦ ਨੂੰ ਲਗਾਤਾਰ 3 ਧਰਮ ਬਹਿਸਾਂ ਵਿੱਚ ਮਾਤ ਦੇਣ ਵਾਲੇ ਵਡੇਰੇ ਕੱਦ ਦੇ ਸਮਾਜ ਸੁਧਾਰਕ ਤੇ ਸਿੱਖ ਕੌਮ ਦੇ ਅਤੀ ਮਾਣਮੱਤੇ ਵਿਦਵਾਨ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਦੀ ਮੌਤ ਉਪਰੰਤ ਉਸ ਸਮੇਂ ਦੇ ਵਿਦਵਾਨਾਂ, ਲੇਖਕਾਂ ਤੇ ਪੱਤਰਕਾਰਾਂ ਨੇ ਆਪਣੀ-ਆਪਣੀ ਕਲਮ ਰਾਹੀਂ ਜੋ ਗਹਿਰੇ ਦੁੱਖ ਦੇ ਪ੍ਰਗਟਾਵੇ ਵਾਲੇ ਕੀਰਨੇ ਪਾਏ ਸਨ ਤਾਂ ਉਸ ਸਮੇਂ ਦੀਆਂ ਸਿੱਖ ਸੰਗਤਾਂ ਨੂੰ ਜ਼ਰੂਰ ਇਹ ਲੱਗਿਆ ਹੋਵੇਗਾ ਕਿ ਗਿਆਨੀ ਦਿੱਤ ਸਿੰਘ ਦੀ ਯਾਦ ਨੂੰ ਹਮੇਸ਼ਾ-ਹਮੇਸ਼ਾ ਲਈ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਵਿੱਚ ਚਮਕਦਾ ਰੱਖਿਆ ਜਾਵੇਗਾ। ਪਰ ਜਲਦੀ ਹੀ ਸਮੇਂ ਦੀ ਰਫਤਾਰ ਦੇ ਨਾਲ-ਨਾਲ ਇਸ ਗੌਰਵਮਈ ਵਿਦਵਾਨ ਨੂੰ ਭੁਲਾਇਆ ਜਾਣ ਲੱਗਿਆ। ਇਸ ਤਰ੍ਹਾਂ ਉਸ ਦੀ ਮੌਤ 'ਤੇ ਪਾਏ ਕੀਰਨੇ ਸਿਰਫ ਤੇ ਸਿਰਫ ਕਾਗਜ਼ਾਂ ਦੇ ਪੰਨਿਆਂ ਤੱਕ ਹੀ ਸੀਮਤ ਰਹਿ ਗਏ। ਇੰਨੇ ਵੱਡੇ ਵਿਦਵਾਨ, ਸਾਹਿਤਕਾਰ, ਸਮਾਜ ਸੁਧਾਰਕ ਤੇ ਕੌਮ ਦੇ ਮਸੀਹੇ ਦੀ ਕੋਈ ਵੱਡੀ ਤਾਂ ਕੀ ਛੋਟੀ ਯਾਦਗਾਰ ਵੀ ਨਹੀਂ ਬਣਾਈ ਗਈ, ਸਿੱਖੀ ਦੇ ਪੁਨਰ ਵਿਕਾਸ ਲਈ ਪਾਏ ਅਤਿਅੰਤ ਯੋਗਦਾਨ ਨੂੰ ਮੂਲੋਂ ਹੀ ਵਿਸਾਰ ਦਿੱਤਾ। ਸਿੱਖ ਕੌਮ ਦੀ ਇਹ ਬਹੁਤ ਵੱਡੀ ਤ੍ਰਾਸਦੀ ਹੈ ਕਿ ਇਹ ਆਪਣੇ ਹੀਰਿਆਂ ਨੂੰ ਜਲਦੀ ਹੀ ਭੁੱਲ ਜਾਂਦੀ ਹੈ।

ਇਤਿਹਾਸ ਦੇ ਪੰਨੇ ਫਰੋਲਦਿਆਂ ਇਹ ਸਹਿਜੇ ਹੀ ਪਤਾ ਚੱਲ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ (1839) ਵੇਲੇ ਸਿੱਖਾਂ ਦੀ ਕੁੱਲ ਗਿਣਤੀ ਇੱਕ ਕਰੋੜ ਤੋਂ ਵੱਧ ਸੀ ਜੋ ਕਿ 1861 ਦੀ ਮਰਦਮਸ਼ੁਮਾਰੀ ਸਮੇਂ 18 ਲੱਖ 70 ਹਜ਼ਾਰ ਰਹਿ ਗਈ ਸੀ। ਸਿੱਖ ਵਿਦਵਾਨਾਂ ਲਈ ਇਹ ਇੱਕ ਚੁਣੌਤੀ ਸੀ ਕਿ ਦਿਨ ਪ੍ਰਤੀ ਦਿਨ ਸਿੱਖ, ਇਸਾਈ ਧਰਮ ਅਪਣਾਉਣ ਲੱਗ ਪਏ ਸਨ। ਇਸਾਈਆਂ ਦੇ ਧੜਾਧੜ ਪ੍ਰਚਾਰ ਦੀ ਬਦੌਲਤ ਸਿੱਖ ਆਪਣਾ ਧਰਮ ਬਦਲ ਕੇ ਇਸਾਈ ਬਣਦੇ ਜਾ ਰਹੇ ਸਨ। ਇਤਿਹਾਸ ਦੇ ਪੰਨੇ ਫਰੋਲਦਿਆਂ ਇੱਕ ਯੁੱਗ ਪਲਟਾਊ ਘਟਨਾ ਦਾ ਜ਼ਿਕਰ ਆਉਂਦਾ ਹੈ ਕਿ ਅੰਮ੍ਰਿਤਸਰ ਵਿਖੇ ਮਿਸ਼ਨ ਸਕੂਲ ਦੇ ਚਾਰ ਅਮੀਰ ਸਿੱਖ ਘਰਾਣਿਆਂ ਦੇ ਲੜਕਿਆਂ ਨੇ ਇਸਾਈ ਬਣਨ ਦੀ ਇੱਛਾ ਪ੍ਰਗਟ ਕਰ ਦਿੱਤੀ ਸੀ। ਇਸ ਘਟਨਾ ਨੇ ਸਿੱਖੀ ਦੇ ਅਲੰਬਰਦਾਰਾਂ ਦੇ ਹਿਰਦਿਆਂ ਨੂੰ ਹਲੂਣ ਕੇ ਰੱਖ ਦਿੱਤਾ ਸੀ।

ਇਸ ਦੇ ਨਤੀਜੇ ਵਜੋਂ ਸਿੰਘ ਸਭਾ ਅੰਮ੍ਰਿਤਸਰ ਹੋਂਦ ਵਿੱਚ ਆਈ। ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਇਸ ਦੇ ਕ੍ਰਮਵਾਰ ਦਫਤਰ ਇੰਚਾਰਜ ਤੇ ਸਕੱਤਰ ਸਨ। ਜਲਦੀ ਹੀ ਸਿੰਘ ਸਭਾ ਅੰਮ੍ਰਿਤਸਰ ਆਪਣੇ ਉਦੇਸ਼ਾਂ ਤੋਂ ਭਟਕ ਗਈ। ਪ੍ਰੋ. ਗੁਰਮੁੱਖ ਸਿੰਘ ਤੇ ਗਿਆਨੀ ਦਿੱਤ ਸਿੰਘ ਨੇ ਸਿੱਖ ਕੌਮ ਦੀ ਲੀਹੋਂ ਉੱਤਰੀ ਗੱਡੀ ਨੂੰ ਮੁੜ ਲੀਹ 'ਤੇ ਲਿਆਉਣ ਦੀ ਕਸਮ ਖਾਧੀ ਹੋਈ ਸੀ। ਇਸ ਲਈ 1879 ਵਿੱਚ ਸਿੰਘ ਸਭਾ ਲਾਹੌਰ ਬਣਾਈ। ਇਸ ਸਿੰਘ ਸਭਾ ਦਾ ਪੂਰੀ ਦੁਨੀਆਂ ਵਿੱਚ ਬੋਲ-ਬਾਲਾ ਹੋ ਗਿਆ ਤੇ ਪੂਰੇ ਭਾਰਤ ਵਿੱਚ ਲਗਪਗ 3000 (ਤਿੰਨ ਹਜ਼ਾਰ) ਸਿੰਘ ਸਭਾਵਾਂ ਬਣ ਗਈਆਂ ਸਨ।

ਸਿੰਘ ਸਭਾ ਲਾਹੌਰ ਦੇ ਮੁੱਖ ਉਦੇਸ਼ ਜਿਵੇਂ (ਸਿੱਖੀ ਦੀ ਮੁੜ ਸੁਰਜੀਤੀ, ਸਿਰਫ ਤੇ ਸਿਰਫ ਸ੍ਰੀ ਗੁਰੁ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ, ਵਹਿਮਾਂ-ਭਰਮਾਂ, ਮੜ੍ਹੀ-ਮਸਾਣਾਂ, ਗੁਰੂ ਡੰਮ, ਫੋਕੇ ਕਰਮ-ਕਾਂਡਾਂ ਆਦਿ) ਸਮਾਜਿਕ ਬੁਰਾਈਆ ਦੇ ਖ਼ਿਲਾਫ਼ ਜੰਗ ਸ਼ੁਰੂ ਕਰਨਾ, ਸਿੱਖਿਆ ਦਾ ਪ੍ਰਸਾਰ ਕਰਨਾ ਆਦਿ ਮੁੱਖ ਸਨ। ਗਿਆਨੀ ਦਿੱਤ ਸਿੰਘ ਹੁਰਾਂ ਨੇ ਵੱਖ-ਵੱਖ ਵਿਸ਼ਿਆਂ 'ਤੇ ਲਗਪਗ 71 ਪੁਸਤਕਾਂ ਲਿਖ ਕੇ, ਖਾਲਸਾ ਅਖਬਾਰ ਲਾਹੌਰ ਦੇ ਜ਼ਰੀਏ ਅਤੇ ਸਟੇਜਾਂ 'ਤੇ ਧੂੰਆਂ-ਧਾਰ ਪ੍ਰਚਾਰ ਕਰਦੇ ਹੋਏ ਉਪਰੋਕਤ ਉਦੇਸ਼ਾਂ ਦੀ ਪੂਰਤੀ ਲਈ ਸਿਰ-ਤੋੜ ਯਤਨ ਆਰੰਭ ਕਰ ਦਿੱਤੇ ਤੇ ਆਖਰੀ ਸਾਹ ਤੱਕ ਸੰਘਰਸ਼ ਕਰਦੇ ਰਹੇ। ਆਪਣੇ ਇਸ ਕਾਰਜ ਵਿੱਚ ਕਾਫੀ ਹੱਦ ਤੱਕ ਸਫਲਤਾ ਵੀ ਪ੍ਰਾਪਤ ਕੀਤੀ ਸੀ।

ਪਰ ਉਨ੍ਹਾਂ ਦੀ ਮੌਤ ਉਪਰੰਤ ਹਾਲਾਤ ਹੌਲੀ-ਹੌਲੀ ਉਸੀ ਤਰ੍ਹਾਂ ਦੇ ਹੋ ਗਏ ਹਨ ਜਿਹੋ ਜਿਹੇ ਉਸ ਸਮੇਂ ਸਨ। ਗਿਆਨੀ ਦਿੱਤ ਸਿੰਘ ਦੇ ਜੀਵਨ ਦੀਆਂ ਕੁਝ ਅਹਿਮ ਘਟਨਾਵਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਤਾਂ ਕਿ ਪਤਾ ਲੱਗ ਸਕੇ ਉਨ੍ਹਾਂ ਨੇ ਸਿੱਖੀ ਲਈ ਤੇ ਸਮਾਜ ਲਈ ਕੀ-ਕੀ ਕੀਤਾ।

ਜਦੋਂ ਜੋੜਿਆਂ 'ਚ ਬੈਠ ਕੇ ਪ੍ਰਸ਼ਾਦ ਲੈਣਾ ਪੈਂਦਾ ਸੀ: ਫਿਰੋਜ਼ਪੁਰ ਵਿਖੇ ਗੁਰੂਦੁਆਰਾ ਅਕਾਲਗੜ੍ਹ ਸਾਹਿਬ ਵਿਖੇ ਗਿਆਨੀ ਜੀ ਹਰ ਮਹੀਨੇ ਭਾਸ਼ਣ ਦੇਣ ਆਇਆ ਕਰਦੇ ਸਨ। ਗੁਰੂਦੁਆਰੇ ਅੰਦਰ ਇੱਕ ਥੜੇ 'ਤੇ ਖੜ੍ਹ ਕੇ ਉਹ ਲੈਕਚਰ ਦਿਆ ਕਰਦੇ ਸਨ, ਪਰ ਜਦੋਂ ਦੇਗ ਵਰਤਾਈ ਜਾਂਦੀ ਸੀ



ਤਾਂ ਉਨ੍ਹਾਂ ਨੂੰ ਥੜੇ ਦੇ ਹੇਠਾਂ ਜੋੜਿਆਂ ਵਿੱਚ ਬਹਿ ਕੇ ਦੇਗ ਲੈਣੀ ਪੈਂਦੀ ਸੀ। ਧੰਨ ਸਨ ਗਿਆਨੀ ਦਿੱਤ ਸਿੰਘ, ਇਨ੍ਹਾਂ ਹਾਲਾਤਾਂ ਵਿੱਚ ਵੀ ਅਗਲੇ ਮਹੀਨੇ ਫੇਰ ਲੈਕਚਰ ਦੇਣ ਆਉਂਦੇ ਸਨ। ਉਪਰੋਕਤ ਘਟਨਾ ਉਪਰੰਤ ਪ੍ਰੋ. ਗੁਰਮੁਖ ਸਿੰਘ ਨੂੰ 18 ਮਾਰਚ 1888 ਵਿੱਚ ਪੰਥ ਤੋਂ ਛੇਕ ਦਿੱਤਾ ਸੀ। ਮੁੜ 1995 ਵਿੱਚ ਮਰਨ ਉਪਰੰਤ ਇੱਕ ਹੁਕਮਨਾਮੇ ਰਾਹੀਂ ਵਾਪਸ ਪੰਥ ਵਿੱਚ ਲਿਆ ਗਿਆ ਸੀ। ਉਸ ਸਮੇਂ ਗਿਆਨੀ ਦਿੱਤ ਸਿੰਘ ਨੇ 'ਸਵਪਨ' ਨਾਂ ਦਾ ਨਾਟਕ ਲਿਖਿਆ, ਜੋ ਬਾਬੇ ਬੇਦੀ ਵਰਗਿਆਂ 'ਤੇ ਇੱਕ ਵਿਅੰਗ ਸੀ। ਗਿਆਨੀ ਜੀ 'ਤੇ ਮੁਕੱਦਮਾ ਚਲਾਇਆ ਗਿਆ ਤੇ ਹੇਠਲੀ ਅਦਾਲਤ ਨੇ ਉਨ੍ਹਾਂ ਨੂੰ 51 ਰੁਪਏ ਜੁਰਮਾਨਾ ਕਰ ਦਿੱਤਾ ਸੀ ਪਰ ਉਪਰਲੀ ਅਦਾਲਤ ਨੇ ਅਪੀਲ ਉਪਰੰਤ ਇਹ ਜੁਰਮਾਨਾ ਮੁਆਫ ਕਰਕੇ ਗਿਆਨੀ ਜੀ ਨੂੰ ਬਰੀ ਕਰ ਦਿੱਤਾ ਸੀ।

ਖਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਸਿੰਘ ਸਭਾ ਲਾਹੌਰ ਦੀ ਘਾਲਣਾ ਦਾ ਹੀ ਨਤੀਜਾ ਹੈ। ਗਿਆਨੀ ਦਿੱਤ ਸਿੰਘ ਆਖਰੀ ਸਮੇਂ ਤੱਕ ਇਸ ਦੀ ਵਰਕਿੰਗ ਕਮੇਟੀ ਦੇ ਮੈਂਬਰ ਰਹੇ। ਕਾਲਜ ਲਈ ਪੰਜਾਬੀ ਦੀਆਂ ਪਾਠ ਪੁਸਤਕਾਂ ਗਿਆਨੀ ਦਿੱਤ ਸਿੰਘ ਦੁਆਰਾ ਲਿਖੀਆਂ ਗਈਆਂ ਸਨ। 1905 ਤੋਂ ਅੱਜ ਤੱਕ ਇਸ ਕਾਲਜ ਵੱਲੋਂ ਹਰ ਸਾਲ ਪਹਿਲੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਗਿਆਨੀ ਦਿੱਤ ਸਿੰਘ ਗੋਲਡ ਮੈਡਲ ਦਿੱਤਾ ਜਾਂਦਾ ਹੈ।

ਇਸ ਦੀ ਉਸਾਰੀ ਮੌਕੇ ਮਾਇਆ ਇਕੱਠੀ ਕਰਨ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਦਿਆਲ ਸਿੰਘ ਮਜੀਠੀਏ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਬਿਲਡਿੰਗ 'ਤੇ ਸਾਰਾ ਖਰਚਾ ਮੈਂ ਕਰਾਂਗਾ ਪਰ ਸ਼ਰਤ ਹੈ ਕਿ ਕਾਲਜ ਦਾ ਨਾਂ ਮੇਰੇ ਨਾਂ 'ਤੇ ਰੱਖਿਆ ਜਾਵੇ। ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਨੇ ਇਸ ਸ਼ਰਤ ਦਾ ਡੱਟ ਕੇ ਵਿਰੋਧ ਕੀਤਾ ਤੇ ਇਸ ਕਾਲਜ ਦਾ ਨਾਂ ਖਾਲਸਾ ਕਾਲਜ ਹੀ ਰੱਖਣ ਲਈ ਸਫਲ ਹੋਏ ਤੇ ਮਾਇਆ ਇਲਾਕੇ ਵਿਚੋਂ ਘਰ-ਘਰ ਜਾ ਕੇ ਇਕੱਤਰ ਕੀਤੀ ਤੇ 1893 ਵਿੱਚ ਇਹ ਕਾਲਜ ਮਿਡਲ ਸਕੂਲ ਦੇ ਰੂਪ ਵਿੱਚ ਸ਼ੁਰੂ ਹੋ ਗਿਆ ਸੀ। ਆਰੀਆ ਸਮਾਜ ਦੀ ਨੀਂਹ ਸਵਾਮੀ ਦਇਆ ਨੰਦ ਵੱਲੋਂ 10 ਅਪਰੈਲ 1875 ਨੂੰ ਬੰਬਈ ਵਿਖੇ ਰੱਖੀ ਗਈ ਤੇ ਉਹ 1877 ਵਿੱਚ ਇਸ ਦੇ ਪ੍ਰਚਾਰ ਲਈ ਪੰਜਾਬ ਆਏ। ਇਸ ਫੇਰੀ ਦੌਰਾਨ ਗਿਆਨੀ ਜੀ ਨੇ ਤਿੰਨ ਵਾਰੀ ਤਿੰਨ ਵੱਖ-ਵੱਖ ਵਿਸ਼ਿਆਂ 'ਤੇ ਸਵਾਮੀ ਦਇਆ ਨੰਦ ਨਾਲ ਬਹਿਸਾਂ ਕੀਤੀਆਂ ਤੇ ਤਿੰਨਾਂ ਵਿੱਚ ਜਿੱਤ ਪ੍ਰਾਪਤ ਕੀਤੀ ਸੀ।

ਪਹਿਲੀ ਬਹਿਸ
''ਜਗਤ ਦਾ ਕਰਤਾ ਕੌਣ ਹੈ?''
19 ਅਪਰੈਲ 1877 ਨੂੰ
ਦੂਜੀ ਬਹਿਸ
24 ਤੋਂ 27 ਅਪਰੈਲ 1877 ਨੂੰ
''ਵੇਦਾਂ ਦਾ ਕਰਤਾ ਈਸ਼ਵਰ ਨਹੀਂ'' ਦੇ ਵਿਸ਼ੇ 'ਤੇ
ਤੀਜੀ ਬਹਿਸ
24 ਤੋਂ 27 ਜੂਨ 1877 ਤੱਕ
''ਮੁਕਤੀ ਦਾ ਸਰੂਪ ਕਿਆ ਹੈ'' ਵਿਸ਼ੇ 'ਤੇ ਹੋਈ।

ਇਨ੍ਹਾਂ ਜਿੱਤਾਂ ਨਾਲ ਗਿਆਨੀ ਜੀ ਦੀ ਵਿਦਵਤਾ ਦੀ ਚਾਰੇ ਪਾਸੇ ਧੁੰਮ ਮੱਚ ਗਈ ਸੀ।

ਬਾਅਦ ਵਿੱਚ ਗਿਆਨੀ ਜੀ ਨੇ ਇਨ੍ਹਾਂ ਬਹਿਸਾਂ ਨੂੰ ਕਿਤਾਬੀ ਰੂਪ ਦਿੱਤਾ, ਜਿਸ ਦਾ ਨਾਮ ਸੀ ਉਮੇਰਾ ਤੇ ਸਾਧੂ ਦਯਾਨੰਦ ਦਾ ਸੰਬਾਦ। ਇਸ ਨਾਲ ਸਿੱਖ ਹਲਕਿਆਂ ਵਿੱਚ ਗਿਆਨੀ ਜੀ ਦੀ ਧਾਕ ਜਮ ਗਈ ਸੀ। ਅੱਜ ਵੀ ਇਸ ਪੁਸਤਕ ਨੂੰ ਹਰ ਸਿੱਖ ਪੜ੍ਹਨ ਦੀ ਤੀਬਰ ਇੱਛਾ ਰੱਖਦਾ ਹੈ।

ਸਮਾਜ ਵਿੱਚ ਫੈਲੀਆਂ ਅਨੇਕਾਂ ਤਰ੍ਹਾਂ ਦੀਆਂ ਕੁਰੀਤੀਆਂ ਨੂੰ ਠੱਲ੍ਹ ਪਾਉਣ ਲਈ ਗੁੱਗਾ ਗਪੌੜਾ, ਸੁਲਤਾਨ ਪੁਆੜਾ, ਨਕਲੀ ਸਿੱਖ ਪ੍ਰਬੋਧ, ਮੀਰਾਂ ਮਨੌਤ, ਆਰਤੀ ਪ੍ਰਬੋਧ, ਪੰਮਾ ਪ੍ਰਬੋਧ, ਡਰਪੋਕ ਸਿੰਘ ਦਲੇਰ ਸਿੰਘ, ਦੰਭ ਬਿਦਾਰਨ, ਗੁਰਮਤਿ ਆਰਤੀ ਪ੍ਰਬੋਧ, ਧਰਮ ਦਰਪਣ ਆਦਿ ਲਿਖੀਆਂ। 'ਦੁਰਗਾ ਪ੍ਰਬੋਧ' ਨਾਮੀ ਆਪਣੀ ਸ਼ਾਹਕਾਰ ਰਚਨਾ ਰਾਹੀਂ ਇਸ ਪ੍ਰਚਲਿੱਤ ਕਹਾਣੀ ਨੂੰ ਝੁਠਲਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਰਗਾ ਦੇ ਪੁਜਾਰੀ ਸਨ।

ਇਸ ਤਰ੍ਹਾਂ ਭਲੀ-ਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ, ਕਿ ਉਹ ਸਿੱਖ ਕੌਮ ਦੇ ਬਹੁਤ ਹੀ ਮਾਣ ਮੱਤੇ ਵਿਦਵਾਨ ਸਨ ਪਰ ਕੌਮ ਨੇ ਉਨ੍ਹਾਂ ਨੂੰ ਬਿਲਕੁਲ ਹੀ ਭੁਲਾ ਦਿੱਤਾ ਹੈ। 2001 ਵਿੱਚ ਉਨ੍ਹਾਂ ਦੀ 100 ਸਾਲਾ ਯਾਦ ਸਮੇਂ ਨਸੀਬ ਸਿੰਘ ਸੇਵਕ ਦੀ ਪ੍ਰਧਾਨਗੀ ਹੇਠ ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ (ਰਜਿ.) ਬਣਾਈ ਗਈ ਜਿਸ ਨੇ ਗਿਆਨੀ ਜੀ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਯਤਨ ਆਰੰਭੇ ਹੋਏ ਹਨ ਤੇ ਉਨ੍ਹਾਂ ਦੀ ਸੋਚ ਨੂੰ ਘਰ-ਘਰ ਪੁੱਜਦਾ ਕਰਨ ਲਈ ਸਿਰ ਤੋੜ ਕੋਸ਼ਿਸ਼ਾਂ ਕਰ ਰਹੀ ਹੈ।

ਇਸੇ ਲੜੀ ਤਹਿਤ ਪਿਛਲੇ 3 ਸਾਲਾਂ ਤੋਂ ਉਨ੍ਹਾਂ ਦੇ ਨਾਂ 'ਤੇ ਮਹੀਨਾਵਾਰ ਪੰਜਾਬੀ ਮੈਗਜ਼ੀਨ ਉਭਾਈ ਦਿੱਤ ਸਿੰਘ ਪੱਤ੍ਰਿਕਾ ਲਗਾਤਾਰ ਛੱਪ ਰਹੀ ਹੈ ਜਿਸ ਵਿੱਚ ਉਨ੍ਹਾਂ ਵੱਲੋਂ ਪ੍ਰਕਾਸ਼ਿਤ ਖਾਲਸਾ ਅਖ਼ਬਾਰ ਲਾਹੌਰ ਤੇ ਖਾਸ-ਖਾਸ ਰਚਨਾਵਾਂ ਦੀਆਂ ਵੰਨਗੀਆਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਜਿਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਖਾਸ ਹੁੰਗਾਰਾ ਮਿਲ ਰਿਹਾ ਹੈ।

ਇਸ ਨਿਮਾਣੇ ਜਿਹੇ ਹੰਭਲੇ ਨਾਲ ਇਕ ਸਦੀ ਪਿੱਛੋਂ ਭਾਵੇਂ ਦੇਰ ਆਏ ਦਰੁਸਤ ਆਏ ਮੁਤਾਬਕ ਵਿਸ਼ਵ ਭਰ ਦੀਆਂ ਸਮੂਹ ਸੰਗਤਾਂ ਵਿੱਚ ਕਾਫੀ ਜਾਗ੍ਰਿਤੀ ਆਈ ਹੈ। ਬਹੁਤ ਸਾਰੇ ਗਿਆਨੀ ਜੀ ਦੀ ਸੋਚ ਨਾਲ ਜੁੜੇ ਹਨ, ਉਨ੍ਹਾਂ ਦੇ ਸਾਹਿਤ ਤੋਂ ਜਾਣੂ ਹੋਏ ਹਨ, ਕੌਮ ਲਈ, ਸਮਾਜ ਲਈ, ਕੀਤੇ ਵਡੇਰੇ ਕਾਰਜਾਂ ਪ੍ਰਤੀ ਜਾਣਕਾਰੀ ਪ੍ਰਾਪਤ ਹੋਈ ਹੈ।

ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਸੰਦੀਪ ਕੌਰ ਤੇ ਡਾ. ਸੁਰਿੰਦਰ ਕੌਰ ਭਾਟੀਆ ਨੇ ਗਿਆਨੀ ਜੀ ਦੇ ਨਾਂ 'ਤੇ ਪੀਐਚ.ਡੀ ਕਰ ਲਈ ਹੈ। ਕਈ ਯੂਨੀਵਰਸਿਟੀਆਂ ਖਾਸ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਤੇ ਹੋਰ ਕਈ ਯੂਨੀਵਰਸਿਟੀਆਂ ਵਿੱਚ ਅੱਜ-ਕੱਲ੍ਹ ਬਹੁਤ ਸਾਰੇ ਵਿਦਿਆਰਥੀ ਐਮ.ਫਿਲ. ਕਰ ਰਹੇ ਹਨ। ਇਸ ਤੋਂ ਬਿਨਾਂ ਗਿਆਨੀ ਦਿੱਤ ਸਿੰਘ ਦੀ ਯਾਦ ਵਿੱਚ ਉਨ੍ਹਾਂ ਦੇ ਨਾਂ 'ਤੇ ਬਹੁਤ ਸਾਰੀਆਂ ਲਾਇਬਰੇਰੀਆਂ, ਗੁਰਦੁਆਰੇ, ਸਕੂਲ, ਸੰਸਥਾਵਾਂ, ਸਾਹਿਤ ਸਭਾਵਾਂ, ਨੌਜੁਆਨ ਸਭਾਵਾਂ ਅਤੇ ਆਡੀਟੋਰੀਅਮ ਆਦਿ ਬਣੇ ਹਨ, ਪਰ ਇਹ ਕਾਫੀ ਨਹੀਂ। ਫਿਰ ਵੀ ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਪੂਰੀ ਸਦੀ ਅਣਗੌਲੇ ਕੀਤੇ ਗਏ ਇਸ ਮਹਾਨ ਸਿੱਖ ਵਿਦਵਾਨ ਦੀ ਅਤੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਕਿਉਂਕਿ ਅੱਜ ਵੀ ਹਾਲਾਤ ਠੀਕ ਉਸੇ ਤਰ੍ਹਾਂ ਦੇ ਹਨ ਜੋ ਗਿਆਨੀ ਦਿੱਤ ਸਿੰਘ ਦੇ ਸਮੇਂ ਵਿੱਚ ਸਨ। ਸਮੇਂ ਦੀ ਮੰਗ ਹੈ ਕਿ ਧਾਰਮਿਕ ਸਿੱਖ ਸੰਸਥਾਵਾਂ ਤੇ ਸ਼੍ਰੋਮਣੀ ਕਮੇਟੀ, ਗਿਆਨੀ ਦਿੱਤ ਸਿੰਘ ਦੀਆਂ ਯਾਦਗਾਰਾਂ ਸਥਾਪਿਤ ਕਰਨ, ਉਨ੍ਹਾਂ ਦਾ ਸਾਹਿਤ ਮੁੜ ਪ੍ਰਕਾਸ਼ਤ ਕਰਕੇ ਲੋਕਾਂ ਵਿੱਚ ਪੁੱਜਦਾ ਕਰਨ। ਕੌਮ ਦੇ ਇਸ ਲਾਸਾਨੀ ਵਿਦਵਾਨ ਦੇ ਪਿਛੋਕੜ ਤੋਂ ਪਤਾ ਚਲਦਾ ਹੈ ਇਨ੍ਹਾਂ ਦਾ ਜਨਮ 21 ਅਪਰੈਲ 1850 ਪਿੰਡ ਕਲੌੜ (ਨੰਦਪੁਰ) ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਮਾਤਾ ਰਾਮ ਕੌਰ ਤੇ ਪਿਤਾ ਦੀਵਾਨ ਸਿੰਘ ਦੇ ਗ੍ਰਹਿ ਵਿਖੇ ਹੋਇਆ ਸੀ। ਪਿਤਾ ਸਾਧੂ ਸੁਭਾਅ ਦੇ ਸਨ ਤੇ ਕੱਪੜਾ ਬੁਣ ਕੇ ਘਰ ਦਾ ਗੁਜ਼ਾਰਾ ਕਰਦੇ ਸਨ।

8 ਸਾਲ ਦੀ ਉਮਰ ਵਿੱਚ ਗਿਆਨ ਦੀ ਪ੍ਰਾਪਤੀ ਲਈ ਪਿੰਡ ਤਿਊੜ ਨੇੜੇ ਖਰੜ ਮੁਹਾਲੀ ਵਿਖੇ ਗੁਲਾਬਦਾਸੀਆਂ ਦੇ ਡੇਰੇ ਪੁੱਜ ਗਏ ਸਨ ਜਿੱਥੇ ਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਦੀ ਸਮੀਖਿਆ ਲਈ ਪੰਜਾਬੀ, ਹਿੰਦੀ, ਉਰਦੂ, ਫਾਰਸੀ, ਅਰਬੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕੀਤਾ ਤੇ 18 ਸਾਲ ਦੀ ਉਮਰ ਵਿੱਚ ਲਾਹੌਰ ਚਲੇ ਗਏ ਸਨ ਜਿੱਥੇ ਉਨ੍ਹਾਂ ਅੰਮ੍ਰਿਤ ਛੱਕ ਕੇ ਸਿੱਖੀ ਦੇ ਪ੍ਰਚਾਰ ਲਈ ਆਖਰੀ ਸਾਹ ਤੱਕ ਕਾਰਜ ਕੀਤੇ। ਕੌਮ ਉਨ੍ਹਾਂ ਦੀ ਦੇਣ ਕਦੀ ਨਹੀਂ ਦੇ ਸਕਦੀ।

# ਪ੍ਰੋਫੈਸਰ ਗੁਰਮੁਖ ਸਿੰਘ ਦੀ ਖਾਲਸਾ ਪੰਥ ਨੂੰ ਮਹਾਨ ਦੇਣ

**ਲਿਖਤ : ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਪ੍ਰੋਫੈਸਰ ਗੁਰਮੁਖ ਸਿੰਘ ਤੇ ਗਿਆਨੀ ਦਿਤ ਸਿੰਘ ਵੀਹਵੀਂ ਸਦੀ ਦੇ ਭਾਈ ਜੀਵਨ ਸਿੰਘ , ਭਾਈ ਸੰਗਤ ਸਿੰਘ ਸਨ , ਜੋ ਦਬੇ ਕੁਚਲੇ ਸਮਾਜ ਵਿਚੋਂ ਸਨ।ਸ਼ਾਇਦ ਇਸੇ ਕਾਰਣ ਪੰਥਕ ਸੰਸਥਾਵਾਂ , ਬੁਧੀਜੀਵੀਆਂ ਨੇ ਮਾਨਤਾ ਨਹੀਂ ਦਿਤੀ। ਸੰਗਤ ਇਸ ਗਲ ਨੂੰ ਸਮਝ ਲਵੇ ਕਿ ਗੁਰੂ ਡੰਮ ,ਆਰੀਆ ਸਮਾਜੀਆਂ , ਈਸਾਈਆਂ , ਬਾਹਮਣੀ ਕਰਮਕਾਂਡਾਂ ਵਿਰੁਧ ਇਹਨਾਂ ਦੋ ਯੋਧਿਆ ਨੇ ਲਹਿਰ ਖੜੀ ਕੀਤੀ ਤਾਂ ਜੋ ਗੁਰੂ ਨਾਨਕ ਪੰਥ ਦਾ ਸ਼ੁਧ ਰਹਿ ਸਕੇ।ਡਾਕਟਰ ਅਨੁਰਾਗ ਸਿੰਘ ਲੁਧਿਆਣਾ ਅੱਜਕਲ ਪ੍ਰੋਫੈਸਰ ਗੁਰਮੁਖ ਸਿੰਘ ਵਿਰੁਧ ਝੂਠੀਆਂ ਅਫਵਾਹਾਂ ਫੈਲਾਕੇ ਉਸ ਸਮੇ ਦੇ ਗੁਰੂ ਡੰਮੀਆਂ ਦੀ ਦੀ ਤਾਰੀਫ ਕਰਕੇ ਪ੍ਰੋਫੈਸਰ ਗੁਰਮੁਖ ਸਿੰਘ ਦੀ ਬਦਨਾਮੀ ਕਰ ਰਿਹਾ ਹੈ।ਕੀ ਇਹ ਜਾਤੀਵਾਦੀ ,ਬਾਹਮਣਵਾਦ ਨਹੀਂ ਹੈ? ਕੀ ਇਹ ਕੇਸਾਧਾਰੀ ਹਿੰਦੂ ਬਣ ਜਾਣ ਦਾ ਸਫਰ ਨਹੀਂ ਹੈ? ਜੋ ਸਿਖ ਵਿਦਵਾਨ ਸਿਖ ਹਕਾਂ ਲਈ ਗਰੀਬੀ ਕਟਦਾ ਜੂਝਦਾ ਮਰ ਗਿਆ ਉਹ ਅਨੁਰਾਗ ਸਿੰਘ ਅਨੁਸਾਰ ਅੰਗਰੇਜ਼ ਦਾ ਟਾਊਟ ਹੋ ਗਿਆ,ਜੋ ਸਾਧ ਗੁਰੂ ਡੰਮੀ ਮਹੰਤਾਂ ਰੂਪ ਵਿਚ ਅੰਗਰੇਜ਼ਾਂ ਦੇ ਸਹਾਰੇ ਗੁਰਦੁਆਰਾ ਤੇ ਤਖਤ ਦੇ ਮਾਲਕ ਬਣ ਗਏ , ਉਹ ਅਨੁਰਾਗ ਸਿੰਘ ਲਈ ਰਬ ਬਣ ਗਏ।ਇਹ ਖਾਲਸਾ ਪੰਥ ਨੇ ਸੋਚਨਾ ਹੈ ਕਿ ਅਜਿਹੇ ਵਿਦਵਾਨਾਂ ਦਾ ਵਿਰੋਧ ਕਰਨਾ ਹੈ ਜਾਂ ਕੇਸਾਧਾਰੀ ਹਿੰਦੂ ਬਣਾਉਣ ਵਾਲੇ ਵਿਦਵਾਨਾਂ ਨੂੰ ਮਾਨਤਾ ਦੇਣੀ ਹੈ।ਸਿਖ ਵਿਦਵਾਨਾਂ ਵਿਚ ਆਇਆ ਬਾਹਮਣਵਾਦ ਤੇ ਜਾਤੀਵਾਦੀ ਸੋਚ ਪੰਥ ਨੂੰ ਖੰਡ ਖੰਡ ਕਰ ਰਹੀ ਹੈ।ਜੇ ਦਬੇ ਕੁਚਲੇ ਮਹਾਪੁਰਖਾਂ ਯੋਧਿਆਂ ਦਾ ਸਤਿਕਾਰ ਨਹੀਂ ਕਰੋਗੇ ਨਿਸਚਿਤ ਹੈ ਪੰਥ ਖੰਡ ਖੰਡ ਹੋਵੇਗਾ।ਪ੍ਰੋ:ਗੁਰਮੁਖ ਸਿੰਘ ਜੀ ਦਾ ਜਨਮ 15 ਅਪ੍ਰੈਲ, ਸੰਨ 1849 ਨੂੰ ਸਰਦਾਰ ਵਸਾਵਾ ਸਿੰਘ ਜੀ ਦੇ ਘਰ (ਕਪੂਰਥਲਾ) ਵਿਖੇ ਹੋਇਆ ।ਕਪੂਰਥਲੇ ਦੇ ਕੰਵਰ ਬਿਕ੍ਰਮ ਸਿੰਘ ਜੀ ਸਦਕਾ (1877)ਈਸਵੀ ਨੂੰ ਸੰਸਰਕ ਪੜਾਈ ਪੂਰੀ ਕਰਕੇ ਗੁਰਮੁਖ ਸਿੰਘ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ, ਲਾਹੌਰ ਵਿਚ ਟੀਚਰ ਵਜੋਂ ਨਿਯੁਕਤ ਹੋਏ। 1881 ਈਸਵੀ ਵਿਚ ਅਸਿਸਟੈਂਟ ਪ੍ਰੋਫੈਸਰ ਤੇ 1887 ਵਿਚ ਐਲਿਕਜ਼ੈਨਡਰਾ ਰੀਡਰ ਵਜੋਂ ਨਿਯੁਕਤ ਹੋਏ।

"ਸਿੰਘ ਸਭਾ ਲਾਹੋਰ" ਦੀ ਸਥਾਪਨਾ ਲਈ 1879 ਨੂੰ ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮ ਦਾਸ ਜੀ ਵਿਖੇ ਸੰਗਤ ਵਿਚ ਵਿਚਾਰ ਹੋਈ।ਵਿਚਾਰ ਉਪੰਰਤ ਇਕ ਕਮੇਟੀ ਬਣਾਈ ਜਿਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਅਤੇ ਸਕੱਤਰ ਭਾਈ ਗੁਰਮੁਖ ਸਿੰਘ ਥਾਪੇ ਗਏ।ਅਗਲੇ ਹੀ ਦਿਨ ਇਸ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ "ਸਿੰਘ ਸਭਾ ਲਾਹੋਰ" ਦੀ ਸਥਾਪਨਾ ਦਾ ਐਲਾਨ ਕੀਤਾ ਗਿਆ।ਗੁਰਮੁਖ ਸਿੰਘ ਜੀ ਦੀ ਪ੍ਰੇਰਨਾ ਸਦਕਾ ਸਿੰਘ ਸਭਾ ਲਾਹੋਰ ਨੇ ਸਪਸ਼ਟ ਤੋਰ ਤੇ ਆਪਣੇ ਕਰਨ ਯੋਗ ਉਦੇਸ਼ ਨਿਸ਼ਚਿਤ ਕਰ ਲਏ:

1) ਸਿੱਖ ਧਰਮ ਦਾ ਪ੍ਰਚਾਰ ਖਾਲਸ ਰੂਪ ਵਿਚ ਕਰਨਾ ਅਤੇ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਵੱਧ ਤੋ ਵੱਧ ਪ੍ਰਿੰਟ ਮੀਡੀਏ ਦੀ ਵਰਤੋਂ ਕਰਨੀ।
2) ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਨੂੰ ਪਕੇ ਪੈਰੀ ਮਜ਼ਬੂਤ ਕਰਨ ਲਈ ਵੱਧ ਤੋ ਵੱਧ ਅਖਬਾਰ ਅਤੇ ਰਸਾਲੇ ਕਢਣੇ।
3) ਇਸੇ ਸੰਦਰਭ ਵਿਚ ਸਿਖ ਸਮਾਜ ਨੂੰ ਪੜਾਈ ਲਿਖਾਈ ਵਿਚ ਨਿਪੁੰਨਤਾ ਹਾਸਲ ਕਰਾਉਣੀ।
4) ਇਸ ਮਕਸਦ ਲਈ ਖਾਲਸਾ ਸਕੂਲਾਂ ਦੀ ਸਥਾਪਨਾ ਕਰਨੀ।

ਪ੍ਰੋ. ਗੁਰਮੁਖ ਸਿੰਘ ਜੀ ਦੀ ਸੂਝ ਬੂਝ ਸਦਕਾ ਹੀ ਗਿਆਨੀ ਦਿਤ ਸਿੰਘ,ਭਾਈ ਜਵਾਹਰ ਸਿੰਘ,ਭਾਈ ਕਾਨ੍ਹ ਸਿੰਘ ਨਾਭਾ,ਮਿਸਟਰ ਮੈਕਾਲਿਫ ਆਦਿ ਪਰਮੁਖ ਹਸਤੀਆਂ ਨੂੰ ਗੁਰਮਤਿ ਪ੍ਰਚਾਰ ਪ੍ਰਸਾਰ ਦੇ ਇਕੋ ਸੂਤਰ ਵਿਚ ਜੋੜ ਦਿਤਾ।


ਭਾਈ ਗੁਰਮੁਖ ਸਿੰਘ ਜੀ ਪ੍ਰੋਫੈਸਰ

ਪ੍ਰੋ.ਗੁਰਮੁਖ ਸਿੰਘ ਜੀ ਦੀ ਪ੍ਰੇਰਨਾ ਸਦਕਾ ਹੀ ਗਿਆਨੀ ਦਿਤ ਸਿੰਘ ਜੀ ਨੇ ਪਹਿਲਾਂ ਓਰੀਐਂਟਲ ਕਾਲਜ ਲਾਹੋਰ ਤੋਂ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਅਤੇ ਫਿਰ ਇਸੇ ਹੀ ਕਾਲਜ ਵਿਚ ਗੁਰਮੁਖੀ ਦੇ ਸੈਕਿੰਡ ਟੀਚਰ ਨਿਯੁਕਤ ਹੋਏ।ਫਿਰ ਜਿਸ ਸਮੇਂ 1886 ਈਸਵੀ ਵਿਚ ਪ੍ਰੋ.ਗੁਰਮੁਖ ਸਿੰਘ ਜੀ ਨੇ "ਖਾਲਸਾ ਅਖਬਾਰ"ਪ੍ਰਕਾਸ਼ਿਤ ਕੀਤਾ ਤਾਂ ਕੁਝ ਸਮੇ ਪਿਛੋ ਹੀ ਇਸ ਦੀ ਜ਼ਿਮੇਵਾਰੀ ਗਿਆਨੀ ਦਿਤ ਸਿੰਘ ਜੀ ਨੂੰ ਸੌਂਪ ਦਿਤੀ।ਗਿਆਨੀ ਦਿਤ ਸਿੰਘ ਜੀ ਖਾਲਸਾ ਅਖਬਾਰ ਦੇ ਸੰਪਾਦਕ ਬਣ ਗਏ।ਪੰਜਾਬੀ ਮਾਂ ਬੋਲੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਪ੍ਰੋ.ਗੁਰਮੁਖ ਸਿੰਘ ਜੀ ਨੇ ਦਰਅਸਲ ਸਭ ਤੋਂ ਪਹਿਲਾਂ ਗੁਰਮੁਖੀ ਦਾ ਸਭ ਤੋਂ ਪਹਿਲਾ ਅੰਕ 10 ਨਵੰਬਰ 1880 ਨੂੰ ਪ੍ਰਕਾਸ਼ਿਤ ਕੀਤਾ।ਇਸ ਤੋਂ ਬਾਦ ਸਿੰਘ ਸਭਾ ਲਾਹੋਰ ਦੀ ਸਰਪ੍ਰਸਤੀ ਹੇਠ"ਵਿਦਯਾਰਕ"ਮਾਸਕ ਪਤਰ ਸੰਨ 1881 ਨੂੰ ਪ੍ਰਕਾਸ਼ਿਤ ਕੀਤਾ।1882 ਨੂੰ "ਪੰਜਾਬੀ ਪ੍ਰਚਾਰਨੀ ਸਭਾ ਲਾਹੋਰ"ਦੀ ਸਥਾਪਨਾ ਕੀਤੀ ਅਤੇ ਇਸ ਦੇ ਮੁਖ ਸਲਾਹਕਾਰ ਹੋਣ ਦੇ ਨਾਤੇ ਸੁਚੱਜੀ ਅਗਵਾਈ ਦਿਤੀ। ਥਾਂ ਥਾਂ ਤੇ ਸਿੰਘ ਸਭਾਵਾਂ ਕਾਇਮ ਹੋਣੀਆਂ ਸ਼ੁਰੂ ਹੋ ਗਈਆਂ।ਸਿਖ ਕੌਮ ਵਿਚ ਧਾਰਮਿਕ ਜਾਗਰਤੀ ਆਉਣੀ ਸ਼ੁਰੂ ਹੋਈ।ਪ੍ਰੋ.ਗੁਰਮੁਖ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਆਰੇ ਸਿਧਾਂਤਾਂ ਤੋਂ ਭਲੀ ਪਰਕਾਰ ਜਾਣੂ ਸਨ ਅਤੇ ਆਪ ਜੀ ਗੁਰੂ ਡੰਮੀ ਖੇਮ ਸਿੰਘ ਵਰਗੇ ਅਨੇਕਾਂ ਸਾਧਾਂ ਦੀ ਬ੍ਰਾਹਮਣੀ ਮਕੜ ਜਾਲ ਵਿਚ ਬੁਰੀ ਤਰਾਂ ਫਸ ਚੁਕੀ ਸਿਖ ਕੌਮ ਨੂੰ ਬਾਹਰ ਕਢ ਕੇ ਇਸ ਨੂੰ ਨਿਰੋਲ ਖਾਲਸਾਈ ਰੰਗਣ ਵਿਚ ਰੰਗਣਾ ਚਾਹੁੰਦੇ ਸਨ। ਆਪ ਜੀ ਦੀਆਂ ਪ੍ਰਭਾਵ ਸ਼ਾਲੀ ਲਿਖਤਾਂ ਨੇ ਅਤੇ ਭਾਸ਼ਣਾਂ ਨੇ ਜਿਥੇ ਸਿਖ ਕੌਮ ਵਿਚ ਕੌਮੀਅਤ ਦਾ ਜਜ਼ਬਾ ਅਤੇ ਆਪਣੇ ਨਿਆਰੇਪਨ ਦੇ ਅਹਿਸਾਸ ਨੂੰ ਜਗਾਇਆ ਉਥੇ ਨਾਲ ਹੀ ਆਪ ਜੀ ਦੀਆਂ ਲਿਖਤਾਂ ਨੇ ਪੁਜਾਰੀਆਂ, ਸੋਢੀਆਂ, ਬੇਦੀਆਂ, ਭੱਲਿਆਂ,ਬਾਵਿਆਂ ਦੇ ਗੁਰਮਤਿ ਵਿਰੋਧੀ ਕਾਰਜਾਂ ਨੂੰ ਨੰਗਾ ਕਰ ਦਿਤਾ।ਕਿਉਕਿ ਇਹ ਲੋਕ ਆਪਣੇ ਆਪ ਨੂੰ ਗੁਰੂ ਸਾਹਿਬਾਨ ਜੀ ਦੀ ਅੰਸ਼ ਵੰਸ਼ ਆਖਵਾਉਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਤੇ ਦਰਬਾਰ ਸਾਹਿਬ ਵਿਖੇ ਗੱਦੀਆਂ ਲਗਾ ਕੇ ਬੈਠਦੇ ਆਪਣੀ ਪੂਜਾ ਕਰਾਉਦੇ ..ਆਦਿ ਭਾਵ ਗੁਰਮਤਿ ਵਿਰੋਧੀ ਹਰ ਇਕ ਕਰਮ ਕਾਂਡ ਕਰਾਉਣ ਵਿਚ ਸਭ ਤੋਂ ਅਗੇ ਸਨ।ਅੰਮ੍ਰਿਤਸਰ ਧੜੇ ਦੇ ਆਗੂ ਬਾਬਾ ਖੇਮ ਸਿੰਘ ਬੇਦੀ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉਚੇਚੇ ਗਦੇਲੇ ਵਿਛਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਬੈਠ ਕੇ ਆਪਣੀ ਪੂਜਾ ਕਰਾਉਦੇ ਸਨ। ਪ੍ਰੋ.ਗੁਰਮੁਖ ਸਿੰਘ ਜੀ ਅਤੇ ਇਹਨਾਂ ਦੇ ਸੰਗੀ ਸਾਥੀਆਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿਤਾ।ਇਹ ਵਿਰੋਧ ਇਥੋਂ ਤਕ ਵਧ ਗਿਆ ਕਿ ਆਪ ਜੀ ਦੇ ਖਿਲਾਫ ਵਿਰੋਧਤਾ ਦੀ ਇਕ ਮੁਹਿੰਮ ਹੀ ਚਲਾ ਦਿਤੀ ਗਈ।

ਆਪ ਜੀ ਦੇ ਉਪਰ ਇਹ ਦੋਸ਼ ਲਗਾਏ ਗਏ:

1) ਪ੍ਰੋ. ਗੁਰਮੁਖ ਸਿੰਘ ਨੇ ਗੁਰੂ ਸਾਹਿਬਾਨ ਦੀ ਅੰਸ ਬੰਸ ਬੇਦੀਆਂ, ਭਲੇ, ਸੋਢੀਆਂ ਅਤੇ ਬਾਵਿਆਂ ਪ੍ਰਤੀ ਨਿਰਾਦਰੀ ਵਿਖਾਈ ਹੈ।
2) ਸਿੰਘ ਸਭਾ ਦੇ ਇਕ ਦੀਵਾਨ ਵਿਚ ਉਨ੍ਹਾਂ ਨੇ ਹਿੰਦੂ ਦੇਵੀ ਦੇਵਤਿਆਂ ਦੇ 24 ਅਵਤਾਰਾਂ ਦੀ ਛਪੀ ਤਸਵੀਰ ਬਾਰੇ ਸਖਤ ਨਿਰਾਦਰੀ ਕੀਤੀ ਹੈ।
3) ਲਾਹੌਰ ਦੀ ਸਿੰਘ ਸਭਾ ਨੇ ਇਕ ਮੁਸਲਮਾਨ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਲਿਆ ਹੈ।
4) ਅਖੌਤੀ ਨੀਵੀਆਂ ਜਾਤੀਆਂ ਅਤੇ ਮੁਸਲਮਾਨਾਂ ਨੂੰ ਇਕੋ ਬਾਟੇ ਨੂੰ ਮੂੰਹ ਲਾ ਕੇ ਅੰਮ੍ਰਿਤ ਛਕਾਇਆ ਗਿਆ ਹੈ।
5) ਬਾਬਾ ਖੇਮ ਸਿੰਘ ਬੇਦੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉਚੇਚੇ ਗਦੇਲੇ ਲਗਾਕੇ ਨਾ ਬੈਠਣ ਦੇਣਾ।

ਇਹ ਦੋਸ਼ ਲਗਾਕੇ 1887 ਨੂੰ "ਸਿੰਘ ਸਭਾ ਅੰਮ੍ਰਿਤਸਰ" ਅਤੇ ਤਖਤਾਂ ਦੇ ਪੁਜਾਰੀਆਂ ਨੇ ਪੋ.ਗੁਰਮੁਖ ਸਿੰਘ ਜੀ ਨੂੰ ਪੰਥ ਵਿਚੋਂ ਛੇਕਣ ਦਾ ਹੁਕਮਨਾਮਾ ਕੱਢ ਦਿੱਤਾ।ਇਸ ਦੇ ਬਾਵਜੂਦ ਵੀ ਪ੍ਰੋ. ਗੁਰਮੁਖ ਸਿੰਘ ਜੀ ਨੇ ਥਾਂ ਥਾਂ ਜਾਂਕੇ ਆਪਣੇ ਗੁਰਮਤਿ ਵਿਖਿਆਨਾ ਰਾਹੀਂ ਆਪਣੀਆਂ ਲਿਖਤਾਂ ਰਾਹੀਂ ਗੁਰਮਤਿ ਦਾ ਪ੍ਰਚਾਰ ਜਾਰੀ ਰੱਖਿਆ।ਆਪ ਜੀ ਦੇ ਪ੍ਰਚਾਰ ਦੇ ਸਦਕਾ ਹੀ ਨਿੰਰਕਾਰੀਆਂ ਅਤੇ ਨਾਮਧਾਰੀਆਂ ਦੇ ਦੇਹਧਾਰੀਆਂ ਦੇ ਝੂਠੇ ਦਾਵਿਆਂ ਨੂੰ ਸਿੰਘ ਸਭਾ ਲਾਹੋਰ ਨੇ ਮੂਲੋ ਹੀ ਰੱਦ ਕਰ ਦਿਤਾ ਅਤੇ ਸਿਖ ਕੋਮ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਨੂੰ ਸਥਾਪਤ ਕਰ ਦਿਤਾ।

ਪ੍ਰੋ. ਗੁਰਮੁਖ ਸਿੰਘ ਜੀ ਦੀਆਂ ਕੋਸ਼ਿਸ਼ਾਂ ਦੇ ਸਦਕਾ ਹੀ 1892 ਵਿਚ "ਖਾਲਸਾ ਕਾਲਜ"ਅੰਮ੍ਰਿਤਸਰ ਦੀ ਨੀਂਹ ਰਖੀ ਗਈ।

ਪ੍ਰੋ. ਗੁਰਮੁਖ ਸਿੰਘ ਜੀ ਦੇ ਯਤਨਾ ਸਦਕਾ ਹੀ ਅੰਗਰੇਜ਼ ਅਫਸਰ ਮੈਕਸ ਆਰਥਰ ਮੈਕਾਲਿਫ ਨੇ ਡਿਸਟਿਕਟ ਜੱਜ ਦੀ ਪਦਵੀ ਤੋਂ ਅਸਤੀਫਾ ਦੇ ਕੇ "ਆਦਿ ਗੁਰੂ ਗ੍ਰ ੰਥ ਸਾਹਿਬ"ਦਾ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਕੀਤਾ। ਕੰਡਾ ਘਾਟ,ਜ਼ਿਲਾ ਸ਼ਿਮਲਾ ਵਿਖੇ 23 ਸਤੰਬਰ ਦੇਰ ਰਾਤ ਤੱਕ ਲਿਖਤ ਪੜ੍ਹਤ ਦਾ ਕੰਮ ਨਿਪਟਾਉਣ ਉਪਰੰਤ ਮੁੜ ਨੀਦ ਵਿਚੋ ਉਠੇ ਹੀ ਨਹੀਂ।

ਪ੍ਰੋ. ਗੁਰਮੁਖ ਸਿੰਘ ਜੀ ਦੇ ਅਕਾਲ ਚਲਾਣੇ ਦੇ ਸੌ ਸਾਲ ਬੀਤਣ ਤੌ ਬਾਦ ਕੌਮ ਨੂੰ ਥੋਹੜੀ ਜਿਹੀ ਹੋਸ਼ ਆਈ ਕਿ ਸਤੰਬਰ 1995 ਵਿਚ ਹੋਏ ਵਿਸ਼ਵ ਸੰਮੇਲਨ ਵਿਚ ਪ੍ਰੋ. ਗੁਰਮੁਖ ਸਿੰਘ ਜੀ ਨੂੰ ਛੇਕਣ ਵਾਲਾ ਹੁਕਮਨਾਮਾ ਵਾਪਸ ਲਿਆ ਗਿਆ।


ਘਾਹ ਕੱਟਣ ਵਾਲੀ ਮਸ਼ੀਨ,
(lawnmower)
ਪ੍ਰੈਸ਼ਨਵਾਸ਼ਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258(ਸਰੀ)

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼

AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

# ਸਿੰਘ ਸਭਾ ਲਹਿਰ ਦੇ ਵਿਦਵਾਨ ਆਗੂ 'ਪੰਥ ਰਤਨ' ਭਾਈ ਦਿੱਤ ਸਿੰਘ ਗਿਆਨੀ

(ਡਾ. ਗੁਰਵਿੰਦਰ ਸਿੰਘ, ਗਿਆਨੀ ਦਿੱਤ ਸਿੰਘ ਸਾਹਿਤ ਸਭਾ, ਕੈਨੇਡਾ)

''ਜਿਹਦਾ ਨਾਮ ਲੈਂਦਿਆਂ ਹੀ ਦਿਲ ਵਿਚ ਜੋਸ਼ ਉਠੇ,
ਝੁਕ ਜਾਵੇ ਧੌਣ ਵੱਡੇ ਵੱਡੇ ਅਭਿਮਾਨੀ ਦੀ।
ਸੁੱਤੀ ਹੋਈ ਘੂਕ ਕੌਮ ਆਣ ਕੇ ਜਗਾਈ ਜੀਹਨੇ,
ਅਜ ਤਕ ਧੁੰਮ ਪਈ ਹੋਈ ਜਿਹਦੀ ਕਾਨੀ ਦੀ।

ਐਸਾ ਕੌਣ ਬੀਰ ਜੀਹਨੇ ਭਰਮ ਲੀਰ ਲੀਰ ਕੀਤੇ,
ਆਈ ਅਜ ਯਾਦ ਉਸ ਸਿੰਘ ਸਭਾ ਬਾਨੀ ਦੀ।
ਭਾਵੇਂ ਉਹ ਦੀ ਪਾਈ ਨਾ ਕਦਰ ਪੂਰੀ ਪੰਥ ਨੇ ਹੈ,
ਭਾਸੇ ਅਜ ਲੋੜ ਫੇਰ 'ਦਿੱਤ ਸਿੰਘ ਗਿਆਨੀ' ਦੀ।''

ਸਿੰਘ ਸਭਾ ਲਹਿਰ ਦੀ ਜਿਥੇ ਪੰਜਾਬ ਦੀ ਧਰਤੀ 'ਤੇ ਸਿੱਖੀ ਦੇ ਫੈਲਾਅ ਵਿੱਚ ਵਿਸ਼ੇਸ਼ ਭੂਮਿਕਾ ਹੈ, ਉੱਥੇ ਭਾਰਤ ਤੋਂ ਬਾਹਰ ਵਿਦੇਸ਼ਾਂ ਵਿੱਚ ਸਿੱਖ ਸਿਧਾਂਤਾਂ ਦੇ ਪ੍ਰਸਾਰ ਵਿਚ ਵੀ ਇਸ ਦੀ ਵਡਮੁਲੀ ਦੇਣ ਹੈ। ਮਹਾਨ ਸਿੱਖ ਵਿਦਵਾਨ, ਉੱਚ-ਕੋਟੀ ਦੇ ਕਵੀ, ਪ੍ਰਸਿੱਧ ਲੇਖਕ, ਉੱਤਮ ਵਿਆਖਿਆਕਾਰ, ਸ੍ਰੇਸ਼ਟ ਟੀਕਾਕਾਰ, ਸੰਪਾਦਕ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਸਿੰਘ ਸਭਾ ਲਹਿਰ ਦੇ ਪ੍ਰਮੁਖ ਪ੍ਰਚਾਰਕ ਸਨ। ਰੋਪੜ ਨਿਵਾਸੀ ਕਵੀਰਾਜ ਗੁਰਬਖਸ਼ ਸਿੰਘ ਦੀਆਂ ਉਪਰੋਕਤ ਕਾਵਿ ਸਤਰਾਂ ਭਾਈ ਸਾਹਿਬ ਦੀ ਕੌਮ ਪ੍ਰਤੀ ਦੇਣ ਨੂੰ ਬਿਆਨਦੀਆਂ ਹਨ। ਸਿੰਘ ਸਭਾ ਲਹਿਰ ਦੇ ਪ੍ਰਮੁਖ ਪ੍ਰਚਾਰਕ ਗਿਆਨੀ ਦਿੱਤ ਸਿੰਘ ਦਾ ਜਨਮ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਨੰਦਪੁਰ ਕਲੌੜ ਦੇ ਮੂਲਨਿਵਾਸੀ ਦੀਵਾਨ ਸਿੰਘ ਦੇ ਘਰ ਮਾਈ ਰਾਮ ਕੌਰ ਦੀ ਕੁੱਖੋਂ 23 ਅਪ੍ਰੈਲ 1853 ਈ. (ਦੂਜਾ ਸਰੋਤ 1850 ਈ.) ਵਿਚ ਹੋਇਆ। ਨਿੱਕੀ ਉਮਰੇ ਆਪ ਜੀ ਨੇ ਗੁਲਾਬਦਾਸੀ ਮਹਾਤਮਾ ਸੰਤ ਗੁਰਬਖਸ਼ ਦੇ ਡੇਰੇ ਤੋਂ ਸ੍ਰੈ ਅਧਿਐਨ ਸਦਕਾ ਗੁਰਬਾਣੀ ਸਮੇਤ ਹੋਰ ਗਿਆਨ ਹਾਸਲ ਕੀਤਾ। ਭਾਈ ਦਿੱਤ ਸਿੰਘ ਦਾ ਵਿਆਹ 1872 ਵਿੱਚ ਸਿੱਖ ਮਰਿਆਦਾ ਅਨੁਸਾਰ ਸੰਤ ਭਾਗ ਸਿੰਘ ਦੀ ਸਪੁੱਤਰੀ ਬਿਸ਼ਨ ਕੌਰ ਨਾਲ ਹੋਇਆ। ਬੀਬੀ ਬਿਸ਼ਨ ਕੌਰ ਦੇ ਜਿਮੀਂਦਾਰ ਪਰਿਵਾਰ ਅਤੇ ਗਿਆਨੀ ਦਿੱਤ ਸਿੰਘ ਦਾ ਮੂਲ ਨਿਵਾਸੀ ਪਰਿਵਾਰ ਦਾ, ਵਿਆਹ ਦੇ ਰੂਪ ਵਿੱਚ ਮੇਲ ਇਤਿਹਾਸਕ ਇਨਕਲਾਬ ਸੀ, ਜਿਸ ਦਾ ਉਸ ਵੇਲੇ ਵੀ ਕਾਫੀ ਵਿਰੋਧ ਹੋਇਆ।

ਸਿੰਘ ਸਭਾ ਲਾਹੌਰ ਦੇ ਮੋਢੀ ਅਤੇ ਉੱਘੇ ਵਿਦਵਾਨ ਪ੍ਰੋਫੈਸਰ ਗੁਰਮੁਖ ਸਿੰਘ ਦੀ ਪ੍ਰੇਰਨਾ ਨਾਲ ਗਿਆਨੀ ਦਿੱਤ ਸਿੰਘ ਅੰਮ੍ਰਿਤ ਛੱਕ ਕੇ ਸਿੰਘ ਸਜੇ। ਇੱਕ ਸਾਲ ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦਾ ਇਮਤਿਹਾਨ ਪਹਿਲੇ ਸਥਾਨ 'ਤੇ ਰਹਿ ਕੇ ਪਾਸ ਕੀਤਾ। ਗਿਆਨੀ ਦਿੱਤ ਸਿੰਘ ਅਤੇ ਬੀਬੀ ਬਿਸ਼ਨ ਕੌਰ ਦੇ ਘਰ ਪੁੱਤਰ ਬਲਦੇਵ ਸਿੰਘ ਅਤੇ ਧੀ ਬੀਬਾ ਵਿਦਿਆਵੰਤੀ ਕੌਰ ਨੇ ਜਨਮ ਲਿਆ। ਗਿਆਨੀ ਦਿੱਤ ਸਿੰਘ ਜੀ ਨੇ ਜੀਵਨ ਭਰ ਸਿੰਘ ਸਭਾ ਲਹਿਰ ਦੇ ਉਦੇਸ਼ਾਂ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ। ਉਨ੍ਹਾਂ ਸਿੱਖ ਸਿਧਾਂਤਾਂ ਨੂੰ ਬਿਆਨ ਕਰਦਿਆਂ ਬਹੁਤ ਸਾਰੀਆਂ ਵਡਮੁੱਲੀਆਂ ਕਿਤਾਬਾਂ ਲਿਖੀਆਂ।

ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਨੇ 10 ਨਵੰਬਰ 1880 ਨੂੰ ਲਾਹੌਰ ਤੋਂ ਹਫ਼ਤਾਵਾਰੀ 'ਗੁਰਮੁਖੀ' ਅਖ਼ਬਾਰ, ਸ਼ੁੱਧ ਪੰਜਾਬੀ 'ਚ ਆਰੰਭ ਕਰਕੇ, ਨਾ ਸਿਰਫ਼ ਧਾਰਮਿਕ ਅਤੇ ਸਮਾਜਿਕ ਸੁਧਾਰ ਲਹਿਰ ਨੂੰ ਪ੍ਰਚੰਡ ਕੀਤਾ, ਸਗੋਂ ਪੰਜਾਬੀ ਦੇ ਵਿਕਾਸ 'ਚ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ। ਆਪ 'ਖ਼ਾਲਸਾ ਅਖ਼ਬਾਰ' ਲਾਹੌਰ ਦੇ ਸੰਪਾਦਕ ਰਹੇ ਅਤੇ ਅਖ਼ਬਾਰ ਜ਼ਰੀਏ ਵੀ ਲੋਕਾਂ ਨੂੰ ਜਾਤ ਪਾਤ, ਅੰਧ-ਵਿਸ਼ਵਾਸ, ਜਾਦੂ-ਟੂਣੇ, ਫੋਕਟ ਕਰਮ-ਕਾਂਡ ਤੋਂ ਸੁਚੇਤ ਕੀਤਾ। ਗਿਆਨੀ ਦਿੱਤ ਸਿੰਘ ਜੀ ਦੇ ਜ਼ਿਕਰ ਤੋਂ ਬਗੈਰ ਪੰਜਾਬੀ ਪੱਤਰਕਾਰੀ ਦਾ ਇਤਿਹਾਸ ਅਧੂਰਾ ਹੈ, ਪਰ ਦੁੱਖ ਇਸ ਗੱਲ ਦਾ ਹੈ ਕਿ ਪੰਜਾਬੀ ਪੱਤਰਕਾਰੀ ਦੇ ਇਤਿਹਾਸਕਾਰਾਂ ਅਤੇ ਖੋਜੀਆਂ ਵੱਲੋਂ ਸਿੰਘ ਸਭਾ ਲਹਿਰ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ ਦਾ ਜ਼ਿਕਰ ਕਰਨਾ ਵੀ ਮੁਨਾਸਬ ਨਹੀਂ ਸਮਝਿਆ ਜਾਂਦਾ। ਪੰਜਾਬੀ ਪੱਤਰਕਾਰੀ ਦੀ ਇਤਿਹਾਸਕਾਰੀ ਵਿੱਚ ਸਿੰਘ ਸਭਾ ਲਹਿਰ ਨਾਲ ਅਜਿਹਾ ਵਿਤਕਰਾ ਬੌਧਿਕ ਦੀਵਾਲੀਆਪਣ ਅਤੇ ਸਾਹਿਤਕ ਕੰਗਾਲੀ ਦਾ ਪ੍ਰਗਟਾਵਾ ਕਰਦਾ ਹੈ।

ਪੰਥ ਰਤਨ ਗਿਆਨੀ ਦਿੱਤ ਸਿੰਘ ਨੇ 'ਸਿੰਘ ਸਭਾ ਲਹਿਰ' ਰਾਹੀਂ ਸਿੱਖ ਸਮਾਜ ਵਿੱਚ ਫੈਲੇ ਮਨੂਵਾਦੀ ਭਰਮ ਅਤੇ ਪਖੰਡ ਖਤਮ ਕਰਨ ਲਈ ਦ੍ਰਿੜ੍ਹਤਾ ਨਾਲ ਲੰਮਾ ਸੰਘਰਸ਼ ਕੀਤਾ। ਆਪ ਜੀ ਦੇ ਮਹਾਨ ਗੁਣਾਂ ਵਿੱਚ ਇਹ ਅਹਿਮ ਪਹਿਲੂ ਸ਼ਾਮਲ ਹਨ ਕਿ ਇਕਵੰਜਾ ਸਾਲ ਦੀ ਉਮਰ




'ਚ 70 ਤੋਂ ਵੱਧ ਕਿਤਾਬਾਂ ਅਤੇ ਟਰੈਕਟਰ ਲਿਖੇ। ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਸਾਹਿਬ ਦੇ ਮੋਢੀ ਮੈਂਬਰ ਬਣੇ।

ਇਨ੍ਹਾਂ ਪੱਖਾਂ ਤੋਂ ਇਲਾਵਾ ਹੋਰਨਾਂ ਮਹੱਤਵਪੂਰਨ ਵਿਸ਼ੇਸ਼ਤਾਵਾਂ; ਜਾਤ -ਪਾਤ ਅਤੇ ਉਚ- ਨੀਚ ਦੇ ਸਿੱਖ ਸਮਾਜ 'ਚ ਵੀ ਵਿਤਕਰੇ ਖ਼ਿਲਾਫ਼ ਜ਼ੋਰਦਾਰ ਆਵਾਜ਼ ਉੱਠਾਉਣ ਸਮੇਤ ਅਨੇਕਾਂ ਖੇਤਰਾਂ ਵਿੱਚ ਗਿਆਨੀ ਦਿੱਤ ਸਿੰਘ ਜੀ ਦੀ ਇਤਿਹਾਸਕ ਭੂਮਿਕਾ ਰਹੀ। 6 ਸਤੰਬਰ 1901 ਈ. ਨੂੰ ਧਰਮ-ਸੁਧਾਰ ਲਈ ਜੂਝਦਿਆਂ ਗਿਆਨੀ ਦਿੱਤ ਸਿੰਘ ਬੀਮਾਰੀ ਕਾਰਨ ਸਰੀਰਕ ਤੌਰ 'ਤੇ ਸਭ ਨੂੰ ਅਲਵਿਦਾ ਕਹਿ ਗਏ, ਪਰ ਵਿਚਾਰਧਾਰਕ ਪੱਖੋਂ ਉਹ ਹਮੇਸ਼ਾ ਹੀ ਜਿਉਂਦੇ ਹਨ।

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਨੇ ਜਿੱਥੇ ਇਸਾਈ ਮਿਸ਼ਨਰੀਆਂ ਨੂੰ ਚੁਣੌਤੀ ਦਿੰਦਿਆਂ, ਸਿੱਖੀ ਉੱਤੇ ਉਹਨਾਂ ਦੇ ਪ੍ਰਭਾਵ ਦੇ ਖਾਤਮੇ ਦੇ ਯਤਨ ਕੀਤੇ, ਉੱਥੇ ਆਰੀਆ ਸਮਾਜੀਆਂ ਅਤੇ ਬ੍ਰਾਹਮਣਵਾਦੀਆਂ ਨੂੰ ਵੀ ਖੁੱਲ ਕੇ ਵੰਗਾਰਿਆ। ਸਿੱਖੀ ਦੇ ਵਿਰੋਧੀਆਂ ਨਾਲ ਜ਼ਬਰਦਸਤ ਟੱਕਰ ਲੈਂਦਿਆਂ ਗਿਆਨੀ ਦਿੱਤ ਸਿੰਘ ਜੀ ਨੇ ਦਿਯਾ ਨੰਦ ਨੂੰ ਵੱਖ- ਵੱਖ ਸੰਵਾਦ ਦੌਰਾਨ ਹਾਰ ਦਿੱਤੀ ਅਤੇ ਉਸ ਦੇ ਪਾਖੰਡ ਨੂੰ ਜੱਗ ਜ਼ਾਹਰ ਕੀਤਾ। ਇੱਥੇ ਜ਼ਿਕਰਯੋਗ ਹੈ ਕਿ ਸਾਧੂ ਦਿਆਨੰਦ ਨੇ ਸਤਿਆਰਥ ਪ੍ਰਕਾਸ਼ ਵਿੱਚ ਅਪਮਾਨਿਤ ਸ਼ਬਦ ਲਿਖੇ ਸਨ;'ਨਾਨਕ ਸ਼ਾਹ ਫਕੀਰ ਨੇ ਨਿਯਾ ਚਲਾਇਆ ਪੰਥ। ਇਧਰ ਉਧਰ ਸੇ ਜੋੜ ਕਰ ਲਿਖ ਡਾਲਾ ਇੱਕ ਗ੍ਰੰਥ।' ਗਿਆਨੀ ਦਿੱਤ ਸਿੰਘ ਨੇ ਇਸ ਬਾਰੇ 'ਸਾਧੂ ਦਿਯਾ ਨੰਦ ਨਾਲ ਮੇਰੇ ਸੰਵਾਦ' ਕਿਤਾਬ ਰਾਹੀਂ ਜੋ ਬਖੀਏ ਉਧੇੜੇ, ਉਹ ਭਾਵਪੂਰਤ ਸ਼ਬਦਾਂ ਵਿੱਚ ਦਰਜ ਹਨ ਤੇ ਇਹ ਕਿਤਾਬ ਹਰ ਇੱਕ ਦੇ ਪੜ੍ਹਨ ਲਾਇਕ ਹੈ।

ਅੱਜ ਗਿਆਨੀ ਜੀ ਦਾ ਜਨਮ ਦਿਹਾੜਾ ਮਨਾਉਂਦੇ ਹੋਏ, ਉਨ੍ਹਾਂ ਦੁਆਰਾ ਦਿਆਨੰਦ ਦੇ ਗੁਰੂ ਸਾਹਿਬ ਖਿਲਾਫ ਕੀਤੇ ਭੰਡੀ ਪ੍ਰਚਾਰ ਨੂੰ ਰੱਦ ਕਰਨ ਲਈ ਉੱਦਮ ਨੂੰ ਜਾਰੀ ਰੱਖਦੇ ਹੋਏ, ਅਜਿਹੇ ਅਪਮਾਨਜਨਕ ਸ਼ਬਦ ਹਮੇਸ਼ਾ ਵਾਸਤੇ ਰੱਦ ਕੀਤੇ ਜਾਣ ਲਈ ਜ਼ੋਰਦਾਰ ਆਵਾਜ਼ ਉਠਾਉਣ ਦੀ ਲੋੜ ਹੈ। ਸਾਧੂ ਦਿਯਾ ਨੰਦ ਨੇ ਗੁਰੂ ਨਾਨਕ ਸਾਹਿਬ ਸਬੰਧੀ ਜੋ ਸ਼ਬਦ 'ਸਤਿਆਰਥ ਪ੍ਰਕਾਸ਼' ਵਿੱਚ ਲਿਖੇ ਹਨ, ਉਨ੍ਹਾਂ ਨੂੰ ਸਮੁੱਚੀ ਸਿੱਖ ਕੌਮ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕਰਨ ਲਈ ਇੱਕਮੁੱਠ ਹੋਵੇ ਅਤੇ ਅਪਮਾਨਜਨਕ ਟਿੱਪਣੀਆਂ ਨੂੰ ਆਰੀਆ ਸਮਾਜ ਦੀ ਅਖੌਤੀ ਲਿਖਤ ਵਿੱਚੋਂ ਰੱਦ ਕੀਤਾ ਕੀਤਾ ਜਾਏ। ਇਸ ਉੱਦਮ ਲਈ ਆਨਲਾਈਨ ਪਟੀਸ਼ਨ ਵੀ ਸ਼ੁਰੂ ਕੀਤੀ ਜਾਏ ਅਤੇ ਲਿਖਤੀ ਰੂਪ ਦੇ ਵਿੱਚ ਸਿੱਖਾਂ ਦੀਆਂ ਕੇਂਦਰੀ ਸੰਸਥਾਵਾਂ ਤੋਂ ਵੀ ਜ਼ੋਰਦਾਰ ਕਦਮ ਉਠਾਉਣ ਦੀ ਮੰਗ ਕੀਤੀ ਜਾਵੇ, ਜੋ ਕਿ ਮਨੂੰਵਾਦੀ ਅਤੇ ਸਨਾਤਨੀ ਪ੍ਰਭਾਵ ਹੇਠ ਸਿੱਖ ਵਿਰੋਧੀ ਤਾਕਤਾਂ ਪ੍ਰਤੀ ਕਦਮ ਉਠਾਉਣ ਤੋਂ ਕੰਨੀ ਕਤਰਾਉਂਦੀਆਂ ਆ ਰਹੀਆਂ ਹਨ।

ਮਹਾਨ ਸਿੱਖ ਵਿਦਵਾਨ ਗਿਆਨੀ ਦਿੱਤ ਸਿੰਘ ਦੁਆਰਾ ਆਰੰਭੀ ਸਿੰਘ ਸਭਾ ਲਹਿਰ ਜਾਰੀ ਰੱਖਣ ਅਤੇ ਸਿੱਖ ਵਿਰੋਧੀ ਤਾਕਤਾਂ ਖਿਲਾਫ ਡਟਣ ਲਈ ਅਜਿਹੇ ਉੱਦਮ ਦੀ ਸਖ਼ਤ ਜ਼ਰੂਰਤ ਹੈ। ਇਸ ਗੱਲ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਸਵਾਮੀ ਦਯਾਨੰਦ ਦੇ ਨਾਮ 'ਤੇ ਪੰਜਾਬ ਸਮੇਤ ਉੱਤਰੀ ਭਾਰਤ ਵਿਚ ਥਾਂ-ਥਾਂ ਸਕੂਲ, ਕਾਲਜ ਹਨ ਪਰ ਅੱਜ ਇਹ ਸਿੱਖ ਕੌਮ ਲਈ ਬਹੁਤ ਵੱਡੀ ਬੌਧਿਕ ਚੁਣੌਤੀ ਹੈ ਕਿ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦੇ ਨਾਂ ਤੇ ਸਕੂਲ, ਕਾਲਜ ਤਾਂ ਕੀ ਹੋਣੇ ਹਨ, ਬਲਕਿ ਬਹੁਤੇ ਸਿੱਖ ਤਾਂ ਉਹਨਾਂ ਬਾਰੇ ਜਾਣਦੇ ਵੀ ਨਹੀਂ ਹਨ। ਦੁੱਖ ਦੀ ਗੱਲ ਇਹ ਹੈ ਕਿ ਜਿਹੜੇ ਸਿੱਖੀ ਦੇ ਅਸਲੀ ਅਨਮੋਲ ਰਤਨ ਸਨ, ਉਨ੍ਹਾਂ ਨੂੰ ਸਿੱਖਾਂ ਨੇ ਹੀ ਭੁਲਾ ਦਿਤਾ। ਸਿੰਘ ਸਭਾ ਲਹਿਰ ਚਲਾ ਕੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਦਿਆਂ ਸਿੱਖੀ ਦਾ ਬੇੜਾ ਬਚਾਇਆ ਸੀ, ਉਨ੍ਹਾਂ ਅਣਮੁੱਲੇ ਰਤਨਾਂ ਦੀ ਕੌਮ ਨੇ ਕੋਈ ਕਦਰ ਨਾ ਕੀਤੀ। ਪੰਥ ਰਤਨ ਗਿਆਨੀ ਦਿੱਤ ਸਿੰਘ ਸਮੇਤ ਇਹ ਸਾਰੇ ਉਹ ਯੋਧੇ ਹੋਏ ਨੇ ਜਿਨ੍ਹਾਂ ਨੇ ਸਿੱਖੀ ਨੂੰ ਮਨੂਵਾਦ ਅਤੇ ਬਿਪਰਵਾਦ ਦੇ ਦਲਦਲ ਵਿੱਚ ਧਸਣ ਤੋਂ ਬਚਾਇਆ ਸੀ, ਅੱਜ ਅਸੀਂ ਇਹਨਾਂ ਅਣਮੁਲੇ ਹੀਰਿਆਂ ਨੂੰ ਵਿਸਾਰ ਦਿਤਾ ਹੈ।

ਕਰੀਬ ਡੇਢ ਸੌ ਸਾਲ ਪਹਿਲਾਂ ਪੈਦਾ ਹੋਈ ਸਿੰਘ ਸਭਾ ਲਹਿਰ ਰਾਹੀਂ ਗਿਆਨੀ ਦਿੱਤ ਸਿੰਘ ਨੇ ਆਪਣੇ ਸਮਿਆਂ ਵਿਚ ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ, ਸਿੱਖਾਂ ਨੂੰ ਆਪਣੇ ਇਤਿਹਾਸ, ਵਿਰਸੇ ਅਤੇ ਗੁਰਬਾਣੀ ਨਾਲ ਜੁੜਨ ਲਈ ਉਤਸ਼ਾਹਤ ਕੀਤਾ। ਆਉ! ਉਹਨਾਂ ਦੇ ਜਨਮ ਦਿਹਾੜੇ 'ਤੇ ਸਿੰਘ ਸਭਾ ਲਹਿਰ ਦੀ ਪੁਨਰ-ਸੁਰਜੀਤੀ ਲਈ ਲਾਮਬੰਦ ਹੋਈਏ ਅਤੇ ਸਿੱਖੀ ਪ੍ਰਚਾਰ ਪ੍ਰਸਾਰ ਪੰਜਾਬੀ ਬੋਲੀ ਦੀ ਤਰੱਕੀ ਲਈ ਵਚਨਬੱਧ ਹੋਈਏ। ਗਿਆਨੀ ਦਿੱਤ ਜੀ ਦੇ ਜਨਮ ਦਿਨ ਦੀਆਂ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਕੈਨੇਡਾ ਵੱਲੋਂ ਬਹੁਤ ਮੁਬਾਰਕਾਂ। ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਬਾਰੇ ਇਹ ਕਵਿਤਾ ਅੱਜ ਇਸ ਮੌਕੇ 'ਤੇ ਸਾਂਝੀ ਕਰਦੇ ਹਾਂ :

''ਸਿੱਖੀ ਸੋਚ ਫੈਲਾਉਣ ਲਈ, ਬਹਿ ਮਤਾ ਪਕਾਇਆ।
ਸਿੰਘ ਸਭਾ ਬਣਾਉਣ ਦਾ, ਫੁਰਮਾਨ ਅਲਾਇਆ।
ਗੁਰਬਾਣੀ ਨੂੰ ਸਮਝਣਾ, ਇਤਿਹਾਸ ਵੀ ਲਿਖਣਾ।
ਮਨਮਤਿ ਕਿਵੇਂ ਤਿਆਗਣੀ, ਗੁਰੂਆਂ ਤੋਂ ਸਿੱਖਣਾ।

ਡੇਢ ਸਦੀ ਪਹਿਲਾਂ ਤਦੇ, ਸਿੰਘ ਅੱਗੇ ਆਏ।
ਲਹਿਰ ਚਲਾਈ ਸਿੰਘ ਸਭਾ, ਸਭ ਵੈਰ ਮੁਕਾਏ।
'ਮਹਾਂ-ਗਿਆਨੀ' ਦਿੱਤ ਸਿੰਘ, ਸੰਵਾਦ ਰਚਾਏ।
ਵਹਿਮ ਪਖੰਡ ਮਿਟਾਉਣ ਲਈ, ਲੱਖ ਕਸ਼ਟ ਉਠਾਏ।

'ਸਾਧੂ' ਦਿਆ ਨੰਦ ਜਦ, ਪੰਜਾਬ ਸੀ ਆਇਆ।
ਸਿੱਖਾਂ ਨੂੰ ਭਰਮਾਉਣ ਲਈ, ਉਸ ਝੂਠ ਫੈਲਾਇਆ।
ਧਨੀ ਕਲਮ ਦਾ ਦਿੱਤ ਸਿੰਘ, ਤਦ ਅੱਗੇ ਆਇਆ।
'ਵਿਪਰ ਨਹੀਂ', ਅਸੀਂ ਸਿੱਖ ਹਾਂ', ਇਹ ਸੱਚ ਸੁਣਾਇਆ।

'ਸਾਧੂ' ਨੂੰ ਵੰਗਾਰ ਕੇ, ਛੱਡਿਆ ਜੈਕਾਰਾ।
ਸਾਡਾ ਗੁਰੂ ਗ੍ਰੰਥ ਸਾਹਿਬ, ਤਾਰੇ ਸੰਸਾਰਾ।
'ਨਿੰਦਿਆ ਕਰੇਂ ਤੂੰ ਗੁਰੂ ਦੀ, ਊਂ ਰਿਸ਼ੀ ਕਹਾਵੇਂ।
ਘੜ ਸ਼ੁੱਧੀ ਦੀਆਂ ਸਾਜਿਸ਼ਾਂ, ਜਨਤਾ ਭਰਮਾਵੇਂ।

ਕਰ ਮੇਰੇ ਨਾਲ ਗੋਸ਼ਟੀ, ਜੇ ਸੱਚਾ ਸਾਧੂ।
ਛੱਡ ਭੜਕਾਉਣਾ ਨਹੀਂ ਤਾਂ, ਰੱਖ ਮੂੰਹ 'ਤੇ ਕਾਬੂ।''
ਰੀਸ ਗਿਆਨੀ 'ਹੰਸ' ਦੀ, ਕੀ ਕਰੂ 'ਟਟੀਹਰੀ'।
ਗਿੱਦੜ ਅਤੇ ਸ਼ੇਰ ਦੀ, ਨਾ ਹੋਏ ਸਕੀਰੀ।

ਦਿਆ ਨੰਦ ਦੀ ਸੋਚ ਸੀ, ਬੱਸ ਰੌਲਾ-ਗੌਲਾ।
ਦੋ ਲਫਜ਼ਾਂ ਵਿੱਚ ਸਿੰਘ ਨੇ, ਕਰ ਦਿੱਤਾ ਹੌਲਾ।

ਦਿੱਤ ਸਿੰਘ ਜੀ ਤਿੰਨ ਦਫਾ, ਕਰ ਗੋਸ਼ਟਿ ਜਿੱਤੇ।
'ਸਤਿਆਰਥ' ਦੇ ਕੁਫ਼ਰ ਸਭ, ਪਾ ਦਿੱਤੇ ਛਿੱਥੇ।

ਸਿੰਘ ਸਭੀਆਂ' ਦੀ ਲੋੜ ਹੈ, ਅੱਜ ਮੁੜਕੇ ਭਾਈ।
ਜਿਹਨਾਂ ਗਾਫ਼ਿਲ ਨੀਂਦਰੋਂ, ਸਿੱਖ ਕੌਮ ਜਗਾਈ।''

-ਭਾਈ ਹਰਪਾਲ ਸਿੰਘ ਲੱਖਾ



# ਆਧੁਨਿਕ ਜੀਵਨਸ਼ੈਲੀ ਤੇ ਮਾਨਸਿਕ ਤਣਾਅ

ਅਸ਼ਵਨੀ ਚਤਰੱਥ
ਸੰਪਰਕ: 62842-20595

ਅਜੋਕੀ ਤੇਜ਼ ਤਰਾਰ ਅਤੇ ਡਿਜੀਟਲ ਸਾਧਨਾਂ ਭਰਪੂਰ ਜ਼ਿੰਦਗੀ ਨੇ ਆਦਮੀ ਦੇ ਸੁਚੇਤ ਅਤੇ ਅਚੇਤ ਮਨ ਵਿੱਚ ਚਿਰਸਥਾਈ ਦਿਮਾਗੀ ਤਣਾਅ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਅਜਿਹੇ ਮਾਹੌਲ ਵਿੱਚ ਜਿੱਥੇ ਮਨੁੱਖ ਦਾ ਤਕਨੀਕੀ ਸਾਧਨਾਂ ਨਾਲ ਨਿਰਵਿਘਨ ਸੰਪਰਕ ਬਣਿਆ ਰਹਿੰਦਾ ਹੈ ਭਾਵ ਆਦਮੀ ਆਪਣੇ ਆਲੇ ਦੁਆਲੇ ਦੇ ਲੋਕਾਂ ਅਤੇ ਹਾਲਾਤ ਤੋਂ ਇੱਕ ਪਲ ਲਈ ਵੀ ਨਿਵੇਕਲਾ ਨਹੀਂ ਰਹਿ ਸਕਦਾ, ਉੱਥੇ ਮਨ ਦਾ ਸਕੂਨ ਕਿਵੇਂ ਟਿਕਿਆ ਰਹਿ ਸਕਦਾ ਹੈ। ਇਸੇ ਤਰ੍ਹਾਂ ਮੁਕਾਬਲੇ ਦੇ ਦੌਰ ਵਿੱਚ ਜਿੱਥੇ ਹਰ ਵੇਲੇ ਆਦਮੀ ਨੂੰ ਰੋਜ਼ਾਨਾ ਨਵੇਂ ਤੋਂ ਨਵੇਂ ਟੀਚਿਆਂ ਨੂੰ ਹਾਸਲ ਕਰਨ ਦਾ ਡੰਡਾ ਚੜ੍ਹਿਆ ਹੋਵੇ ਉੱਥੇ ਮਨ ਦੀ ਸ਼ਾਂਤੀ ਕਿੱਥੇ ਬਰਕਰਾਰ ਰਹਿ ਸਕਦੀ ਹੈ?

ਅਸਲ ਵਿੱਚ ਆਧੁਨਿਕ ਤਕਨਾਲੋਜੀ ਬਣਾਈ ਤਾਂ ਗਈ ਸੀ ਆਦਮੀ ਨੂੰ ਸੁੱਖ ਚੈਨ ਜਾਂ ਸੁਵਿਧਾਵਾਂ ਦੇਣ ਲਈ, ਪਰ ਇਸ ਨੇ ਆਦਮੀ ਨੂੰ ਸਦਾ ਲਈ ਪੱਬਾਂ ਭਾਰ ਖੜ੍ਹੇ ਰਹਿਣ ਲਈ ਭਾਵ ਹਮੇਸ਼ਾਂ 'ਸਵਿਚ ਔਨ' ਰਹਿਣ ਲਈ ਮਜਬੂਰ ਕਰ ਦਿੱਤਾ ਹੈ ਜਿਸ ਵਿੱਚ ਆਦਮੀ ਆਪਣੇ ਕੰਮ ਤੋਂ ਜਾਂ ਆਲੇ ਦੁਆਲੇ ਤੋਂ ਅਡੋਲ ਰਹਿ ਹੀ ਨਹੀਂ ਸਕਦਾ। ਇਵੇਂ ਲੱਗਦਾ ਹੈ ਕਿ ਮਨੁੱਖ ਹਰ ਵੇਲੇ ਅਤਿ ਉਕਸਾਵਟ ਵਾਲੀ ਅਵਸਥਾ ਵਿੱਚ ਹੈ ਜਾਂ ਮਾਨਸਿਕ ਤੌਰ 'ਤੇ ਭਟਕਿਆ ਫਿਰਦਾ ਹੈ। ਉਸ ਨੂੰ ਸਕੂਨ ਦੀ ਨੀਂਦ ਦੀ ਘਾਟ ਹੈ, ਅਸਲ ਅਤੇ ਸਨੇਹ ਭਰਪੂਰ ਸਮਾਜਿਕ ਰਿਸ਼ਤਿਆਂ ਦੀ ਘਾਟ ਹੈ ਅਤੇ ਜ਼ਮਾਨੇ ਭਰ ਦੀਆਂ ਜਾਣਕਾਰੀਆਂ ਨੇ ਉਸ ਦੇ ਮਨ ਨੂੰ ਚਾਰੇ ਪਾਸਿਓਂ ਘੇਰਿਆ ਹੋਇਆ ਹੈ। ਇਸ ਤਰ੍ਹਾਂ ਉਹ ਹਰ ਵੇਲੇ ਸਰੀਰਕ ਤੌਰ 'ਤੇ ਥੱਕਿਆ ਅਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿੰਦਾ ਹੈ। ਉਸ ਦੇ ਚਿੱਤ ਵਿੱਚ ਇਹੀ ਸਵਾਲ ਬਣਿਆ ਰਹਿੰਦਾ ਹੈ ਕਿ ਇਨ੍ਹਾਂ ਸਾਰੀਆਂ ਪ੍ਰਸਥਿਤੀਆਂ ਵਿੱਚ ਸੰਤੁਲਨ ਕਿਵੇਂ ਬਣਾ ਕੇ ਰੱਖਿਆ ਜਾਏ ਜਾਂ ਸੁੱਖ ਦਾ ਸਾਹ ਕਿਵੇਂ ਲਿਆ ਜਾਏ?

ਅਜਿਹੇ ਵਿੱਚ ਅਜੋਕੇ ਯੁੱਗ ਵਿੱਚ ਮਨੁੱਖ ਦਾ ਤਣਾਅ ਰਹਿਤ ਰਹਿਣਾ ਬੇਹੱਦ ਮੁਸ਼ਕਿਲ ਹੈ। ਉਸ ਨੂੰ ਰੋਜ਼ਾਨਾ ਜੀਵਨ ਵਿੱਚ ਅਨੇਕਾਂ ਚਿੰਤਾਵਾਂ ਸਤਾਉਂਦੀਆਂ ਰਹਿੰਦੀਆਂ ਹਨ ਜਿਵੇਂ ਕਿ ਰੋਜ਼ੀ ਰੋਟੀ ਕਮਾਉਣ ਦੀ ਚਿੰਤਾ, ਬੱਚਿਆਂ ਦੀ ਪੜ੍ਹਾਈ ਦੀ ਚਿੰਤਾ, ਘਰੇਲੂ ਖ਼ਰਚਿਆਂ ਦੀ ਚਿੰਤਾ, ਸਕੂਲਾਂ-ਕਾਲਜਾਂ ਦੀਆਂ ਫੀਸਾਂ ਦੀ ਚਿੰਤਾ, ਬੱਚਿਆਂ ਨੂੰ ਕੰਮ-ਕਾਰ 'ਤੇ ਲਾਉਣ ਦੀ ਚਿੰਤਾ, ਸਿਹਤ ਵਿਗੜਣ ਦੀ ਚਿੰਤਾ, ਜ਼ਿੰਦਗੀ ਵਿੱਚ ਤਰੱਕੀ ਲਈ ਦੂਸਰਿਆਂ ਤੋਂ ਅੱਗੇ ਲੰਘਣ ਦੀ ਚਿੰਤਾ, ਸਮਾਜ ਵਿੱਚ ਰੁਤਬਾ ਬਣਾਈ ਰੱਖਣ ਦੀ ਚਿੰਤਾ ਅਤੇ ਗੁਆਂਢੀਆਂ ਨਾਲੋਂ ਵੱਧ ਕਮਾਈ ਕਰਨ ਦੀ ਚਿੰਤਾ ਆਦਿ। ਵੇਖਿਆ ਜਾਵੇ ਤਾਂ ਅਜੋਕੇ ਮਨੁੱਖ ਨੇ ਆਪਣੀਆਂ ਇੱਛਾਵਾਂ ਨੂੰ 'ਜ਼ਰੂਰਤਾਂ' ਦਾ ਰੂਪ ਦੇ ਕੇ ਆਪਣੇ ਤੋਂ ਉੱਚੇ ਅਤੇ ਅਮੀਰ ਲੋਕਾਂ ਦੀ ਨਕਲ ਕਰ ਕੇ ਅਤੇ 'ਆਧੁਨਿਕ ਜੀਵਨਸ਼ੈਲੀ' ਦੀ ਭੇਡ-ਚਾਲ ਵਾਂਗ ਨਕਲ ਕਰਕੇ ਮਾਨਸਿਕ ਤਣਾਅ ਨੂੰ ਆਪ ਆਪਣੇ ਗਲ ਪਾਇਆ ਹੈ।

> ਝੂਠੀ ਸ਼ਾਨੋ-ਸ਼ੌਕਤ ਬਣਾ ਕੇ ਰੱਖਣੀ ਇੱਕ ਆਮ ਆਦਮੀ ਦੀ ਆਦਤ ਬਣ ਗਈ ਹੈ। ਅਜੋਕੇ ਸਮੇਂ ਵਿੱਚ ਜ਼ਿਆਦਾਤਰ ਤਣਾਅ ਲੋਕਾਂ ਨੂੰ ਕੰਮ-ਕਾਜ ਕਰਨ ਅਤੇ ਉਸ ਨੂੰ ਨਿਰਵਿਘਨ ਚੱਲਦਾ ਰੱਖਣ ਅਤੇ ਬੱਚਿਆਂ ਦੀ ਪੜ੍ਹਾਈ ਵਿੱਚ ਆ ਰਹੀਆਂ ਮੁਸ਼ਕਿਲਾਂ ਕਾਰਨ ਰਹਿੰਦਾ ਹੈ। ਇਕੱਲੇਪਣ ਦਾ ਤਣਾਅ ਵੀ ਸਮਾਜ ਦੇ ਹਰੇਕ ਵਰਗ ਵਿੱਚ ਕਾਫ਼ੀ ਜ਼ਿਆਦਾ ਵੇਖਿਆ ਜਾਂਦਾ ਹੈ। ਨੌਜਵਾਨ ਪੀੜ੍ਹੀ ਖ਼ਾਸ ਕਰਕੇ ਸਕੂਲਾਂ-ਕਾਲਜਾਂ ਦੇ ਵਿਦਿਆਰਥੀ ਤਾਂ ਮੁਕਾਬਲੇ ਦੇ ਯੁੱਗ ਵਿੱਚ ਗੰਭੀਰ ਤਣਾਅ ਵਿੱਚੋਂ ਗੁਜ਼ਰਦੇ ਵੇਖੇ ਜਾਂਦੇ ਹਨ। ਅਸਲ ਅਤੇ ਸਨੇਹ ਭਰਪੂਰ ਸਮਾਜਿਕ ਰਿਸ਼ਤਿਆਂ ਦੀ ਘਾਟ ਹੈ ਅਤੇ ਜ਼ਮਾਨੇ ਭਰ ਦੀਆਂ ਜਾਣਕਾਰੀਆਂ ਨੇ ਉਸ ਦੇ ਮਨ ਨੂੰ ਚਾਰੇ ਪਾਸਿਓਂ ਘੇਰਿਆ ਹੋਇਆ ਹੈ। ਇਸ ਤਰ੍ਹਾਂ ਉਹ ਹਰ ਵੇਲੇ ਸਰੀਰਕ ਤੌਰ 'ਤੇ ਥੱਕਿਆ ਅਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿੰਦਾ ਹੈ। ਉਸ ਦੇ ਚਿੱਤ ਵਿੱਚ ਇਹੀ ਸਵਾਲ ਬਣਿਆ ਰਹਿੰਦਾ ਹੈ ਕਿ ਇਨ੍ਹਾਂ ਸਾਰੀਆਂ ਪ੍ਰਸਥਿਤੀਆਂ ਵਿੱਚ ਸੰਤੁਲਨ ਕਿਵੇਂ ਬਣਾ ਕੇ ਰੱਖਿਆ ਜਾਏ ਜਾਂ ਸੁੱਖ ਦਾ ਸਾਹ ਕਿਵੇਂ ਲਿਆ ਜਾਏ? ਵਰਤਮਾਨ ਜ਼ਿੰਦਗੀ ਦਾ ਭਰਪੂਰ ਆਨੰਦ ਲੈਣਾ ਚਾਹੀਦਾ ਹੈ। ਸਵੇਰੇ ਸ਼ਾਮ ਪ੍ਰਮਾਤਮਾ ਦਾ ਧਿਆਨ ਕਰਨਾ ਚਾਹੀਦਾ ਹੈ, ਸਿਮਰਨ ਕਰਨਾ ਚਾਹੀਦਾ ਹੈ। ਯੋਗਾ ਕਰਨਾ ਚਾਹੀਦਾ ਹੈ, ਹਲਕੀ ਫੁਲਕੀ ਕਸਰਤ ਕਰਨੀ ਚਾਹੀਦੀ ਹੈ ਅਤੇ ਸੈਰ ਕਰਨੀ ਚਾਹੀਦੀ ਹੈ। ਕਦੀ ਵੀ ਦੂਜਿਆਂ ਦੇ ਰੁਤਬੇ ਨਾਲ ਆਪਣੀ ਤੁਲਨਾ ਨਹੀਂ ਕਰਨੀ ਚਾਹੀਦੀ। ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਭਰਪੂਰ ਨੀਂਦ ਦਾ ਆਨੰਦ ਲੈਣਾ ਚਾਹੀਦਾ ਹੈ। ਛੋਟੇ ਬੱਚਿਆਂ ਦੇ ਮਾਪਿਆਂ ਨੂੰ ਬੱਚਿਆਂ ਦੀ ਪੜ੍ਹਾਈ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ।

ਦਰਅਸਲ, ਝੂਠੀ ਸ਼ਾਨੋ-ਸ਼ੌਕਤ ਬਣਾ ਕੇ ਰੱਖਣੀ ਇੱਕ ਆਮ ਆਦਮੀ ਦੀ ਆਦਤ ਬਣ ਗਈ ਹੈ। ਅਜੋਕੇ ਸਮੇਂ ਵਿੱਚ ਜ਼ਿਆਦਾਤਰ ਤਣਾਅ ਲੋਕਾਂ ਨੂੰ ਕੰਮ-ਕਾਜ ਕਰਨ ਅਤੇ ਉਸ ਨੂੰ ਨਿਰਵਿਘਨ ਚੱਲਦਾ ਰੱਖਣ ਅਤੇ ਬੱਚਿਆਂ ਦੀ ਪੜ੍ਹਾਈ ਵਿੱਚ ਆ ਰਹੀਆਂ ਮੁਸ਼ਕਿਲਾਂ ਕਾਰਨ ਰਹਿੰਦਾ ਹੈ। ਇਕੱਲੇਪਣ ਦਾ ਤਣਾਅ ਵੀ ਸਮਾਜ ਦੇ ਹਰੇਕ ਵਰਗ ਵਿੱਚ ਕਾਫ਼ੀ ਜ਼ਿਆਦਾ ਵੇਖਿਆ ਜਾਂਦਾ ਹੈ। ਨੌਜਵਾਨ ਪੀੜ੍ਹੀ ਖ਼ਾਸ ਕਰਕੇ ਸਕੂਲਾਂ-ਕਾਲਜਾਂ ਦੇ ਵਿਦਿਆਰਥੀ ਤਾਂ ਮੁਕਾਬਲੇ ਦੇ ਯੁੱਗ ਵਿੱਚ ਗੰਭੀਰ ਤਣਾਅ ਵਿੱਚੋਂ ਗੁਜ਼ਰਦੇ ਵੇਖੇ ਜਾਂਦੇ ਹਨ।

ਮਾਨਸਿਕ ਤਣਾਅ ਭਰੀ ਜ਼ਿੰਦਗੀ ਮਨੁੱਖ ਦੀ ਸਿਹਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਤਣਾਅ ਕਾਰਨ ਅਨੇਕਾਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਲੱਗ ਜਾਂਦੀਆਂ ਹਨ। ਪੁਰਾਣੇ ਸਮੇਂ ਵਿੱਚ ਲੋਕਾਂ ਦੀਆਂ ਜ਼ਰੂਰਤਾਂ ਘੱਟ ਸਨ ਅਤੇ ਉਨ੍ਹਾਂ ਦਾ ਜੀਵਨ ਸਾਦਗੀ ਵਾਲਾ ਪਰ ਖੁਸ਼ਹਾਲ ਹੋਇਆ ਕਰਦਾ ਸੀ। ਸਬਰ ਸੰਤੋਖ ਅਤੇ ਤਣਾਅ ਰਹਿਤ ਜੀਵਨ ਕਾਰਨ ਉਹ ਤੰਦਰੁਸਤ ਅਤੇ ਲੰਮਾ ਜੀਵਨ ਬਤੀਤ ਕਰਦੇ ਸਨ। ਅੱਜ ਵੀ ਸਾਧਾਰਨ ਪਰਿਵਾਰਾਂ ਦੇ ਮਰਦ, ਔਰਤਾਂ ਅਤੇ ਬੱਚੇ ਅਮੀਰ ਪਰਿਵਾਰਾਂ ਦੇ ਜੀਆਂ ਨਾਲੋਂ ਵਧੇਰੇ ਤਕੜੇ ਅਤੇ ਸਿਹਤਮੰਦ ਹੁੰਦੇ ਹਨ ਕਿਉਂਕਿ ਉਹ ਤਣਾਅ-ਮੁਕਤ ਰਹਿੰਦੇ ਹਨ। ਅਜੋਕੇ ਮੁਕਾਬਲੇ ਦੇ ਆਧੁਨਿਕ ਯੁੱਗ ਵਿੱਚ ਤਣਾਅ ਪੈਦਾ ਹੋਣ ਦੇ ਅਨੇਕਾਂ ਕਾਰਨ ਹੋ ਸਕਦੇ ਹਨ।

ਇੱਕ ਸਾਧਾਰਨ ਪਰਿਵਾਰ ਦੇ ਮੁਖੀ ਨੂੰ ਪਰਿਵਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਪਣਾ ਕੰਮ-ਕਾਜ ਚਲਾਉਣ ਦੀ ਅਤੇ ਧਨ ਕਮਾਉਣ ਦੀ ਚਿੰਤਾ ਲੱਗੀ ਰਹਿੰਦੀ ਹੈ। ਵਿਦਿਆਰਥੀਆਂ ਨੂੰ ਪੜ੍ਹ ਕੇ ਪਾਸ ਹੋਣ ਦਾ ਅਤੇ ਚੰਗੇ ਨੰਬਰ ਲੈਣ ਦਾ ਫਿਕਰ ਲੱਗਾ ਰਹਿੰਦਾ ਹੈ। ਕੁਝ ਬੱਚਿਆਂ ਨੂੰ ਤਾਂ ਇਹ ਚਿੰਤਾ ਸਤਾਉਂਦੀ ਰਹਿੰਦੀ ਹੈ ਕਿ ਕੋਈ ਹੋਰ ਬੱਚਾ ਉਨ੍ਹਾਂ ਤੋਂ ਅੱਗੇ ਨਾ ਨਿਕਲ ਜਾਏ। ਕਿਸੇ ਹੱਦ ਤੱਕ ਉਨ੍ਹਾਂ ਦੀ ਚਿੰਤਾ ਜਾਇਜ਼ ਵੀ ਹੈ ਕਿਉਂਕਿ ਮੁਕਾਬਲੇ ਦੇ ਯੁੱਗ ਵਿੱਚ ਰੁਜ਼ਗਾਰ ਦੇ ਮੌਕੇ ਤਾਂ ਸਭ ਤੋਂ ਅੱਗੇ ਰਹਿਣ ਵਾਲੇ ਬੱਚਿਆਂ ਨੂੰ ਹੀ ਮਿਲਦੇ ਹਨ।

ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਵਿੱਚ ਕੰਮ-ਕਾਜ ਵਾਲੀਆਂ ਥਾਵਾਂ 'ਤੇ ਵੀ ਅੱਜਕੱਲ੍ਹ ਵਧੇਰੇ ਕੰਮ ਦਾ ਦਬਾਅ ਰਹਿੰਦਾ ਹੈ ਜੋ ਕਿ ਕੁਦਰਤੀ ਤੌਰ 'ਤੇ ਤਣਾਅ ਪੈਦਾ ਕਰਦਾ ਹੈ। ਪੜ੍ਹੇ ਲਿਖੇ ਬੱਚਿਆਂ ਨੂੰ ਨੌਕਰੀ ਲੱਭਣ ਦੀ ਚਿੰਤਾ ਲੱਗੀ ਰਹਿੰਦੀ ਹੈ। ਨੌਜਵਾਨ ਬੱਚਿਆਂ ਦੇ ਮਾਪਿਆਂ ਨੂੰ ਉਨ੍ਹਾਂ ਦੇ ਵਿਆਹ ਸ਼ਾਦੀ ਦਾ ਫਿਕਰ ਲੱਗਾ ਰਹਿੰਦਾ ਹੈ। ਬਜ਼ੁਰਗਾਂ ਨੂੰ ਸਿਆਣੀ ਉਮਰੇ ਸਿਹਤ ਦੇ ਵਿਗੜਣ ਦਾ ਭੈਅ ਸਤਾਉਂਦਾ ਰਹਿੰਦਾ ਹੈ।

ਇਸ ਉਮਰ ਵਿੱਚ ਨੀਂਦ ਦੀ ਘਾਟ ਵੀ ਇੱਕ ਸਮੱਸਿਆ ਬਣੀ ਹੁੰਦੀ ਹੈ। ਇੱਕ ਚਿੰਤਾ ਜਿਹੜੀ ਆਦਮੀ ਨੇ ਜਾਣਬੁੱਝ ਕੇ ਆਪਣੇ ਗਲ ਪਾਈ ਹੋਈ ਹੈ ਉਹ ਹੈ ਤੇਜ਼ੀ ਨਾਲ ਅੱਗੇ ਵਧਣ ਦੀ ਅਤੇ ਜਲਦੀ ਤੋਂ ਜਲਦੀ ਅਮੀਰ ਬਣਨ ਦੀ, ਪਰ ਇਹ ਵੀ ਇੱਕ ਸੱਚਾਈ ਹੈ ਕਿ ਜੇਕਰ ਆਦਮੀ ਤੰਦਰੁਸਤ ਅਤੇ ਸੁਖੀ ਰਹਿਣਾ ਚਾਹੁੰਦਾ ਹੈ ਤਾਂ ਉਸ ਨੂੰ ਸਬਰ ਸੰਤੋਖ 'ਚ ਰਹਿਣਾ ਪਏਗਾ। ਜਿੰਨਾ ਕੁਝ ਉਸ ਕੋਲ ਹੈ ਓਨੇ ਵਿੱਚ ਸੰਤੁਸ਼ਟੀ ਕਰਨੀ ਚਾਹੀਦੀ ਹੈ।

ਵਰਤਮਾਨ ਜ਼ਿੰਦਗੀ ਦਾ ਭਰਪੂਰ ਆਨੰਦ ਲੈਣਾ ਚਾਹੀਦਾ ਹੈ। ਸਵੇਰੇ ਸ਼ਾਮ ਪ੍ਰਮਾਤਮਾ ਦਾ ਧਿਆਨ ਕਰਨਾ ਚਾਹੀਦਾ ਹੈ, ਸਿਮਰਨ ਕਰਨਾ ਚਾਹੀਦਾ ਹੈ। ਯੋਗਾ ਕਰਨਾ ਚਾਹੀਦਾ ਹੈ, ਹਲਕੀ ਫੁਲਕੀ ਕਸਰਤ ਕਰਨੀ ਚਾਹੀਦੀ ਹੈ ਅਤੇ ਸੈਰ ਕਰਨੀ ਚਾਹੀਦੀ ਹੈ। ਕਦੀ ਵੀ ਦੂਜਿਆਂ ਦੇ ਰੁਤਬੇ ਨਾਲ ਆਪਣੀ ਤੁਲਨਾ ਨਹੀਂ ਕਰਨੀ ਚਾਹੀਦੀ। ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਭਰਪੂਰ ਨੀਂਦ ਦਾ ਆਨੰਦ ਲੈਣਾ ਚਾਹੀਦਾ ਹੈ। ਛੋਟੇ ਬੱਚਿਆਂ ਦੇ ਮਾਪਿਆਂ ਨੂੰ ਬੱਚਿਆਂ ਦੀ ਪੜ੍ਹਾਈ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਇਸ ਨਾਲ ਬੱਚਿਆਂ ਦਾ ਅਤੇ ਸਿਆਣਿਆਂ ਦਾ ਇਕੱਲਾਪਣ ਵੀ ਦੂਰ ਹੁੰਦਾ ਹੈ ਅਤੇ ਬੱਚਿਆਂ ਦੀ ਵਿੱਦਿਅਕ ਯੋਗਤਾ ਵੀ ਵਧਦੀ ਹੈ। ਬੱਚਿਆਂ ਨੂੰ ਰਵਾਇਤੀ ਖੇਡਾਂ ਵਿੱਚ ਉਤਸ਼ਾਹਤ ਕਰਨ ਨਾਲ ਉਨ੍ਹਾਂ ਦਾ ਮਾਨਸਿਕ ਤਣਾਅ ਘਟਦਾ ਹੈ ਅਤੇ ਦਿਮਾਗੀ ਸਮਰੱਥਾ ਵਿੱਚ ਸੁਧਾਰ ਹੁੰਦਾ ਹੈ।

ਪਰਿਵਾਰ ਦੇ ਸਾਰੇ ਜੀਆਂ ਦਾ ਇੱਕਠੇ ਬੈਠ ਕੇ ਟੀ.ਵੀ. ਦੇ ਹਲਕੇ-ਫੁਲਕੇ ਪ੍ਰੋਗਰਾਮ ਵੇਖਣ ਨਾਲ ਘਰੇਲੂ ਮਾਹੌਲ ਸੁਖਾਵਾਂ ਬਣਿਆ ਰਹਿੰਦਾ ਹੈ ਅਤੇ ਤਣਾਅ ਵਿੱਚ ਕਮੀ ਆਉਂਦੀ ਹੈ। ਘਰ ਅੰਦਰ ਸਾਰੇ ਜੀਆਂ ਦੇ ਇਕੱਠੇ ਬੈਠ ਕੇ ਕੈਰਮ ਵਰਗੀਆਂ ਅੰਦਰੂਨੀ ਖੇਡਾਂ ਖੇਡਣ ਨਾਲ ਅਤੇ ਹਾਸਾ-ਠੱਠਾ ਕਰਨ ਨਾਲ ਮਾਨਸਿਕ ਤਣਾਅ ਘਟਦਾ ਹੈ, ਘਰੇਲੂ ਮਾਹੌਲ ਸੁਖਾਵਾਂ ਬਣਿਆ ਰਹਿੰਦਾ ਹੈ ਅਤੇ ਘਰੇਲੂ ਰਿਸ਼ਤਿਆਂ ਵਿਚਲਾ ਨਿੱਘ ਬਰਕਰਾਰ ਰਹਿੰਦਾ ਹੈ।

ਮਨੋਵਿਗਿਆਨੀ ਤਣਾਅ ਨੂੰ ਘੱਟ ਕਰਨ ਲਈ 333 ਦਾ ਨਿਯਮ ਦਿੰਦੇ ਹਨ। ਇਸ ਅਨੁਸਾਰ ਤੁਹਾਨੂੰ ਜੇਕਰ ਲੱਗੇ ਕਿ ਤੁਸੀਂ ਤਣਾਅ ਵਿੱਚ ਹੋ ਤਾਂ ਆਪਣੇ ਆਲੇ ਦੁਆਲੇ ਦੀਆਂ ਤਿੰਨ ਵਸਤਾਂ ਵੱਲ ਧਿਆਨ ਲਗਾਓ, ਤਿੰਨ ਤਰ੍ਹਾਂ ਦੀਆਂ ਧੁਨੀਆਂ ਨੂੰ ਸੁਣੋ ਅਤੇ ਆਪਣੇ ਸਰੀਰ ਦੇ ਤਿੰਨ ਅੰਗਾਂ ਨੂੰ ਹਿਲਾਓ। ਇਨ੍ਹਾਂ ਨਾਲ ਦਿਮਾਗੀ ਤਣਾਅ ਕੁਝ ਹੱਦ ਤੱਕ ਘਟ ਜਾਂਦਾ ਹੈ।

# ਪੁਲਾੜ 'ਚ ਵੱਸਣਾ ਲੋਚਦਾ ਮਨੁੱਖ



ਹਰੀਕ੍ਰਿਸ਼ਨ ਮਾਇਰ

ਸਾਡੇ ਘਰ ਦੇਵਤਿਆਂ ਅਤੇ ਦੈਂਤਾਂ ਦੀਆਂ ਗੱਲਾਂ ਅਕਸਰ ਹੁੰਦੀਆਂ ਰਹਿੰਦੀਆਂ ਸਨ। ਕਦੀ ਸੁਣਦਾ ਸੀ ਕਿ ਪਾਣੀ ਦੀਆਂ ਲਹਿਰਾਂ ਦੇ ਥੱਲੇ ਰਾਕਸ਼ ਰਹਿੰਦੇ ਹਨ। ਕਦੀ ਸੁਣਦਾ ਸੀ ਕਿ ਬੱਦਲਾਂ ਤੋਂ ਉੱਪਰ ਰਾਕਸ਼ ਉੱਡਦੇ ਫਿਰਦੇ ਹਨ। ਮੈਂ ਇਸ ਦੀ ਖੋਜ ਕਰਨੀ ਚਾਹੁੰਦਾ ਸੀ। ਇੱਕ ਦਿਨ ਜਦ ਆਕਾਸ਼ ਵਿੱਚ ਪੀਲੀਆਂ ਕਿਰਨਾਂ ਉੱਗੀਆਂ, ਮੈਂ ਆਪਣੇ ਪਿਤਾ ਦੇ ਬੇੜੇ ਵਿੱਚੋਂ ਇੱਕ ਛੋਟਾ ਸਮੁੰਦਰੀ ਜਹਾਜ਼ ਚੋਰੀ ਕਰ ਲਿਆ। ਆਪਣੇ ਦੋਸਤ ਜੌਨੀ ਨੂੰ ਨਾਲ ਲੈ ਕੇ ਜਹਾਜ਼ ਸਮੁੰਦਰ ਵਿੱਚ ਠੇਲ਼ ਦਿੱਤਾ।

ਜਦ ਸਮੁੰਦਰੀ ਯਾਤਰਾ 'ਤੇ ਨਿਕਲਿਆਂ ਸਾਨੂੰ ਕਈ ਘੰਟੇ ਹੋ ਗਏ, ਇੱਕ ਭਿਆਨਕ ਵਾਅ ਵਰੋਲਾ ਪਤਾ ਨਹੀਂ ਆਕਾਸ਼ ਤੋਂ ਕਿੱਥੋਂ ਉਤਰ ਆਇਆ। ਸਮੁੰਦਰ ਦੀਆਂ ਲਹਿਰਾਂ ਉਤਾਂਹ ਵੱਲ ਚੁੱਕੀਆਂ ਗਈਆਂ। ਵਾਅ ਵਰੋਲਾ ਸਾਡੇ ਜਹਾਜ਼ ਨੂੰ ਉਤਾਂਹ ਨੂੰ ਚੁੱਕ ਕੇ ਲੈ ਗਿਆ। ਉਤਾਂਹ ਨੂੰ ਜਾਈ ਜਾਵੇ। ਜਾਈ ਜਾਵੇ...। ਅਸੀਂ ਤਾਂ ਜਹਾਜ਼ ਦੇ ਲੰਬੇ ਰੱਸਿਆਂ ਵਾਲੇ ਖੰਭੇ ਨਾਲ ਚਿੰਬੜੇ ਰਹੇ। ਅੱਖਾਂ ਬੰਦ ਕਰ ਲਈਆਂ। ਬਸ ਅਰਦਾਸ ਕਰੀ ਗਏ। ਜਦ ਅੱਖਾਂ ਖੋਲ੍ਹੀਆਂ ਤਾਂ ਅਸੀਂ ਕਿਸੇ ਅਣਜਾਣ ਧਰਤੀ 'ਤੇ ਆ ਗਏ ਸਾਂ। ਉੱਥੇ ਕੁਝ ਗਿੱਠੇ ਕੱਦ ਦੇ ਆਦਮੀ, ਸੰਘਣੇ ਜੰਗਲ ਵਿੱਚੋਂ ਹੁੰਦੇ ਹੋਏ ਸਾਨੂੰ ਉੱਚੇ ਪਹਾੜ ਦੀ ਚੋਟੀ ਵੱਲ ਲੈ ਗਏ।

ਅਸੀਂ ਜਹਾਜ਼ ਦੇ ਗਲਿਆਰੇ 'ਚੋਂ ਨਿਕਲ ਕੇ ਫਰਸ਼ 'ਤੇ ਸੁੱਟੀ ਇੱਕ ਨੀਲੀ ਦਰੀ ਉੱਪਰ ਆ ਗਏ ਸਾਂ। ਉਨ੍ਹਾਂ ਬੰਦਿਆਂ ਨੇ ਇੱਕ ਚਾਂਦੀ ਦੀ ਚਾਬੀ ਕੱਢੀ ਅਤੇ ਫਰਸ਼ ਥੱਲੇ ਇੱਕ ਦਰਵਾਜ਼ਾ ਖੁੱਲ੍ਹ ਗਿਆ। ਥੱਲੇ ਦੂਰ ਤੱਕ ਪੌੜੀਆਂ ਉਤਰਦੀਆਂ ਸਨ। ਸਾਨੂੰ ਪੌੜੀਆਂ ਤੋਂ ਥੱਲੇ ਲੈ ਗਏ। ਫਿਰ ਸਾਨੂੰ ਇੱਕ ਅਜੀਬ ਜਿਹੀ ਹੀਰੇ ਵਾਂਗ ਲਿਸ਼ਕਦੀ ਗੁਫ਼ਾ ਵਿੱਚ ਲਿਜਾਇਆ ਗਿਆ। ਜਿੱਥੇ ਸੋਨੇ ਦੇ ਸਿੰਘਾਸਨ 'ਤੇ ਇੱਕ ਉਦਾਸ ਜਿਹਾ ਬੰਦਾ ਬੈਠਾ ਸੀ।

''ਮੈਂ ਚੰਨ ਦਾ ਰਾਜਾ ਹਾਂ।'' ਉਹ ਬੋਲਿਆ।

''ਤੁਸੀਂ ਕੌਣ ਹੋ?'' ਉਸ ਨੇ ਸਾਨੂੰ ਪੁੱਛਿਆ।

''ਚੰਨ! ਕੀ ਇਸ ਵੇਲੇ ਅਸੀਂ ਚੰਨ ਉੱਤੇ ਹਾਂ?'' ਮੈਂ ਪੁੱਛਿਆ।

''ਬਿਲਕੁਲ ਤੁਸੀਂ ਚੰਨ ਉੱਪਰ ਪਹੁੰਚ ਗਏ ਹੋ।'' ਰਾਜੇ ਨੇ ਉੱਤਰ ਦਿੱਤਾ।

''ਤੁਸੀਂ ਕਿੱਥੇ ਸੋਚਦੇ ਸੀ?''

''ਧਰਤੀ 'ਤੇ।''

''ਇੰਜ ਕਿਉਂ ਸੋਚਦੇ ਹੋ?''

''ਕਿਉਂਕਿ ਅਸੀਂ ਉੱਥੇ ਰਹਿੰਦੇ ਹਾਂ। ਧਰਤੀ ਤੋਂ ਹੀ ਅਸੀਂ ਇੱਥੇ ਆਏ ਹਾਂ।''

''ਤੁਸੀਂ ਇੱਥੇ ਕਿਵੇਂ ਪਹੁੰਚ ਗਏ? ਤੁਹਾਡੇ ਕੋਲ ਤਾਂ ਕੋਈ ਪੁਲਾੜ ਗੱਡੀ ਵੀ ਨਹੀਂ। ਨਾ ਵੱਡੇ ਵੱਡੇ ਯੰਤਰ ਹਨ।''

''ਸ਼ਾਇਦ ਵਾਅ ਵਰੋਲਾ ਹੀ ਸਾਨੂੰ ਇਸ ਥਾਂ 'ਤੇ ਚੁੱਕ ਲਿਆਇਆ।'' ਮੈਂ ਕਿਹਾ।

''ਤੁਸੀਂ ਤਾਕਤਵਰ ਲੋਕ ਹੋ। ਪਹਿਲਾਂ ਵੀ ਇੱਥੇ ਧਰਤੀ ਦੇ ਮਨੁੱਖ ਦੇ ਪੈਰ ਪੈ ਚੁੱਕੇ ਹਨ। ਤੁਹਾਡਾ ਝੰਡਾ ਵੀ ਇੱਥੇ ਮੌਜੂਦ ਹੈ।''

''ਅਸੀਂ ਉਹ ਥਾਂ ਦੇਖਣਾ ਚਾਹੁੰਦੇ ਹਾਂ। ਮੈਂ ਆਪਣੀ ਇੱਛਾ ਪ੍ਰਗਟਾਈ।

''ਪਰ ਤੁਹਾਡੀ ਧਰਤੀ, ਉੱਬੜ ਖਾਬੜ ਜਿਹੀ ਕਿਉਂ ਹੈ? ਸਾਡੇ ਇੱਥੇ ਤਾਂ ਤੁਰਦਾ ਬੰਦਾ ਵੀ ਹਵਾ ਵਿੱਚ ਲਟਕਦਾ ਲੱਗਦੈ।''

''ਚੰਨ 'ਤੇ ਗੁਰੂਤਾ ਖਿੱਚ ਧਰਤੀ ਦੇ ਮੁਕਾਬਲੇ ਛੇਵਾਂ ਹਿੱਸਾ ਹੈ।'' ਜੌਨੀ ਬੋਲਿਆ।

''ਧਰਤੀ ਦੀ ਗੁਰੂਤਾ ਖਿੱਚ ਕਰਕੇ ਤਾਂ ਚੰਨ ਧਰਤੀ ਦੁਆਲੇ ਪਰਿਕਰਮਾ ਕਰਦਾ ਹੈ।'' ਮੈਂ ਕਿਹਾ

''ਬਈ ਤੁਹਾਨੂੰ ਤਾਂ ਸਾਡੇ ਬਾਰੇ ਬੜਾ ਕੁਝ ਪਤੈ।''

''ਪਤਾ ਕਿਉਂ ਨਾ ਹੋਵੇ, ਸਾਡੀਆਂ ਮਾਵਾਂ ਚੰਨ ਨੂੰ ਬੱਚਿਆਂ ਦਾ ਮਾਮਾ ਕਹਿੰਦੀਆਂ ਹਨ।'' ਜੌਨੀ ਬੋਲਿਆ।

''ਪਰ ਹੁਣ ਤੁਸੀਂ ਲੜਾਈ ਵਿੱਚ ਸਾਡੀ ਮਦਦ ਕਰੋ।'' ਚੰਨ ਦੇ ਰਾਜੇ ਨੇ ਸਾਨੂੰ ਕਿਹਾ।

''ਲੜਾਈ?'' ਮੈਂ ਹੈਰਾਨ ਹੁੰਦਿਆਂ ਪੁੱਛਿਆ।

''ਹਾਂ, ਲੜਾਈ।''

''ਪਰ ਲੜਾਈ ਹੈ ਕਿਸ ਦੇ ਨਾਲ?''

''ਅਸੀਂ ਸੂਰਜ ਖ਼ਿਲਾਫ਼ ਜੰਗ ਲੜ ਰਹੇ ਹਾਂ।'' ਰਾਜੇ ਨੇ ਸਪੱਸ਼ਟ ਕੀਤਾ।

ਜੌਨੀ ਨੇ ਰਾਜੇ ਦੇ ਚਿਹਰੇ ਵੱਲ ਇੰਜ ਦੇਖਿਆ ਜਿਵੇਂ ਉਸ ਦੇ ਕੋਈ ਗੱਲ ਪੱਲੇ ਨਹੀਂ ਪਈ ਸੀ। ਜੌਨੀ ਨੇ ਪੁੱਛਿਆ,

''ਤੁਸੀਂ ਸੂਰਜ ਨਾਲ ਕਿਉਂ ਲੜ ਰਹੇ ਹੋ? ਤੁਸੀਂ ਤਾਂ ਉਸ ਤੋਂ ਪ੍ਰਕਾਸ਼ ਲੈ ਕੇ ਪਰਾਵਰਤਿਤ ਰੌਸ਼ਨੀ ਨਾਲ ਚਮਕਦੇ ਹੋ?''

ਮੈਂ ਹੱਸ ਪਿਆ ਅਤੇ ਜੌਨੀ ਵੱਲ ਦੇਖਣ ਲੱਗਾ, ਜਿਸ ਨੂੰ ਚੰਨ ਬਾਰੇ ਕਾਫ਼ੀ ਕੁਝ ਪਤਾ ਸੀ। ਉਹ ਮੇਰੇ ਨਾਲੋਂ ਵਧੇਰੇ ਗੰਭੀਰ ਅਤੇ ਵਿਗਿਆਨ ਵਿੱਚ ਵੱਧ ਰੁਚੀ ਲੈਂਦਾ ਸੀ। ਤਾਂ ਹੀ ਮੈਂ ਹਮੇਸ਼ਾਂ ਉਸ ਨੂੰ ਆਪਣੇ ਨਾਲ ਰੱਖਦਾ ਸੀ।

''ਸੂਰਜ ਇੱਕ ਵੱਡਾ ਰਾਕਸ਼ ਹੈ। ਉਹ ਚਾਹੁੰਦਾ ਹੈ ਕਿ ਇੱਥੇ ਕਦੀ ਵੀ ਹਨੇਰਾ ਨਾ ਹੋਵੇ, ਕੋਈ ਰਾਤ ਵੀ ਨਾ ਹੋਵੇ।'' ਰਾਜੇ ਨੇ ਮਨ ਦੀ ਗੱਲ ਕਹੀ।

''ਹਨੇਰਾ ਨਹੀਂ ਹੋਵੇਗਾ ਤਾਂ ਰਾਤ ਕਿੰਜ ਹੋਵੇਗੀ? ਰਾਤ ਨਹੀਂ ਹੋਵੇਗੀ ਤਾਂ ਲੋਕ ਸੌਣਗੇ ਕਿਵੇਂ? ਲੋਕ ਸੌਣਗੇ ਨਹੀਂ ਤਾਂ ਉਹ ਸੁਪਨੇ ਕਿਵੇਂ ਦੇਖਣਗੇ?'' ਚੰਨ ਦੇ ਰਾਜੇ ਨੇ ਆਕਾਸ਼ ਵੱਲ ਘੂਰੀ ਵੱਟਦਿਆਂ ਕਿਹਾ।

''ਜੇ ਸੁਪਨੇ ਨਹੀਂ ਹੋਣਗੇ ਤਾਂ ਹਰ ਚੀਜ਼ ਖ਼ਤਮ ਹੋ ਜਾਵੇਗੀ।'' ਰਾਜਾ ਫਿਰ ਗਰਜਿਆ।

ਸਾਡੇ ਪੈਰਾਂ ਥੱਲੇ ਜ਼ਮੀਨ ਜਿਵੇਂ ਹਿੱਲਣ ਲੱਗੀ। ਆਪਣੀ ਕਹਾਣੀ ਨੂੰ ਜਾਰੀ ਰੱਖਦਾ ਰਾਜਾ ਬੋਲਿਆ,

''ਲਓ ਮੰਗਲ ਗ੍ਰਹਿ ਦੀਆਂ ਮੱਕੜੀਆਂ ਵੀ ਆ ਗਈਆਂ ਹਨ। ਲੜਾਈ ਤਾਂ ਪੰਜ ਸੌ ਸਾਲਾਂ ਤੋਂ ਪੂਰੇ ਜ਼ੋਰ ਨਾਲ ਲੜੀ ਜਾ ਰਹੀ ਹੈ। ਇਨ੍ਹਾਂ ਮੱਕੜੀਆਂ ਨੇ ਗ੍ਰਹਿਆਂ ਵਿਚਾਲੇ ਮੋਟਾ ਜਾਲ ਬੁਣ ਦਿੱਤਾ ਸੀ, ਇਸ ਉੱਪਰੋਂ ਅਸੀਂ ਆਪਣੇ ਜਹਾਜ਼ ਲੈ ਕੇ ਗਲੈਕਸੀਆਂ ਵੱਲ ਨਿਕਲ ਜਾਂਦੇ ਹਾਂ। ਸੂਰਜ ਦੇ ਸੈਨਿਕ ਐਨੀ ਚਮਕਣੀ ਰੌਸ਼ਨੀ ਸਾਡੇ ਉੱਪਰ ਸੁੱਟਦੇ ਹਨ ਕਿ ਉਨ੍ਹਾਂ ਵੱਲ ਝਾਕਣਾ ਔਖਾ ਹੋ ਜਾਂਦਾ ਹੈ। ਬੇਰਹਿਮ ਸੂਰਜ ਨੇ ਚੰਨ ਦੇ ਕਿੰਨੇ ਹੀ ਬਹਾਦਰ ਸੈਨਿਕਾਂ ਨੂੰ ਸ਼ਹੀਦ ਕਰ ਦਿੱਤਾ ਹੈ। ਸੂਰਜ ਅੰਨ੍ਹੇਵਾਹ ਸਾਡੇ ਵੱਲ ਵਧਿਆ ਆ ਰਿਹਾ ਹੈ। ਸਾਨੂੰ ਪਤਾ ਹੈ ਕਿ ਅਸੀਂ ਸਿੱਧਾ ਉਸ ਨਾਲ ਟੱਕਰ ਲੈਣ ਦੇ ਸਮਰੱਥ ਨਹੀਂ ਹਾਂ।''

ਜੌਨੀ ਨੇ ਜਹਾਜ਼ ਦੇ ਉਲਟ ਪਾਸੇ ਸਾਡੇ ਪਰਛਾਵੇਂ ਬਣੇ ਦੇਖੇ। ਉਸ ਨੇ ਮਹਿਸੂਸ ਕੀਤਾ ਕਿ ਜੇ ਅਸੀਂ ਨਹੀਂ ਲੜ ਸਕਦੇ ਤਾਂ ਸਾਡੇ ਪਰਛਾਵੇਂ ਤਾਂ ਲੜਾਈ ਲੜ ਹੀ ਸਕਦੇ ਹਨ। ਜੌਨੀ ਦਾ ਪਰਛਾਵਾਂ ਸਾਰਿਆਂ 'ਚੋਂ ਵੱਡਾ ਅਤੇ ਗੂੜ੍ਹਾ ਸੀ। ਜੌਨੀ ਚੰਨ ਦੇ ਸੈਨਿਕਾਂ ਦੇ ਅੱਗੇ ਹੋ ਤੁਰਿਆ। ਮੈਂ ਇਹ ਦੇਖ ਕੇ ਹੈਰਾਨ ਹੋ ਰਿਹਾ ਸਾਂ ਕਿ ਉਸ ਨੇ 'ਕੱਲੇ ਹੱਥ ਨਾਲ ਸੂਰਜ ਦੇ ਸੈਨਿਕਾਂ ਨੂੰ ਪਿਛਾਂਹ ਧੱਕ ਦਿੱਤਾ ਸੀ। ਫਿਰ ਕੁਝ ਸਮੇਂ ਲਈ ਸ਼ਾਂਤੀ ਪਸਰ ਗਈ। ਸੰਤੁਲਨ ਬਹਾਲ ਹੋ ਗਿਆ। ਚੰਨ ਦਾ ਰਾਜਾ ਲੜਾਈ ਲੜਦਾ ਲੜਦਾ ਥੱਕ ਚੁੱਕਾ ਸੀ। ਉਸ ਨੇ ਜੌਨੀ ਨੂੰ ਚੰਨ ਦਾ ਰਾਜ-ਭਾਗ ਸੰਭਾਲਣ ਦੀ ਬੇਨਤੀ ਕੀਤੀ।

ਮੈਂ ਬਥੇਰਾ ਜੌਨੀ ਨੂੰ ਅੱਖਾਂ ਦੇ ਇਸ਼ਾਰੇ ਕੀਤੇ, ਪਰ ਉਹ ਤਾਂ ਝੱਟ ਰਾਜਾ ਬਣਨ ਲਈ ਮੰਨ ਗਿਆ। ਉਸ ਨੇ ਚੰਨ ਦਾ ਰਾਜਾ ਬਣਨ ਦੀ ਸਹੁੰ ਵੀ ਚੁੱਕ ਲਈ। ਰਾਜੇ ਨੇ ਉਸ ਨੂੰ ਸੋਨੇ ਦੇ ਤਖ਼ਤ 'ਤੇ ਬਿਠਾ ਦਿੱਤਾ ਸੀ। ਰਾਜਾ ਆਪ ਉਸ ਦਾ ਸਲਾਹਕਾਰ ਬਣ ਗਿਆ ਸੀ।

''ਤੂੰ ਇੱਕ ਸਿਆਣਾ ਅਤੇ ਕਾਮਯਾਬ ਰਾਜਾ ਬਣੇਂ। ਮੇਰੀ ਤੇਰੇ ਲਈ ਦਿਲੋਂ ਦੁਆ ਹੈ।'' ਰਾਜੇ ਨੇ ਜੌਨੀ ਨੂੰ ਕਿਹਾ। ਤਾਜਪੋਸ਼ੀ ਸਮੇਂ ਰਾਜੇ ਨੇ ਮੇਰਾ ਹੱਥ ਫੜ ਕੇ ਰੱਖਿਆ। ਬਿਨਾਂ ਬੋਲੇ ਆਪਣੇ ਮਨ ਵਿੱਚ ਗੱਲਾਂ ਕਰੀ ਗਿਆ।

''ਉਂਜ ਵੀ ਤੁਹਾਡੇ ਧਰਤੀ ਦੇ ਲੋਕ ਇੱਥੇ ਘਰ ਬਣਾਉਣ ਬਾਰੇ ਵਿਉਂਤਾਂ ਬਣਾ ਹੀ ਰਹੇ ਹਨ। ਸਾਡੀ ਮਿੱਟੀ ਵੀ ਬੋਰੀਆਂ ਭਰ ਕੇ ਲੈ ਕੇ ਗਏ ਸਨ।''

''ਹਾਂ, ਇਹ ਤਾਂ ਤੁਹਾਡੀ ਗੱਲ ਠੀਕ ਹੈ। ਸਾਡੇ ਲੋਕ ਤਾਂ ਇੱਥੇ ਚੱਲਣ ਵਾਲੀ ਪੁਲਾੜ ਗੱਡੀ ਦਾ ਟਿਕਟ ਵੀ ਕਟਾਈ ਬੈਠੇ ਹਨ।''

''ਫਿਰ ਤਾਂ ਗੱਡੀ ਭਰਕੇ ਇੱਥੇ ਇਨਸਾਨ ਪਹੁੰਚਿਆ ਕਰਨਗੇ।''

''ਹੋ ਸਕਦਾ, ਸਾਲ ਛਿਮਾਹੀ ਪੁਲਾੜ ਗੱਡੀ ਆਇਆ ਕਰੇ।''

''ਮਨੁੱਖ ਧਰਤੀ ਨੂੰ ਕਾਹਤੋਂ ਛੱਡ ਛੱਡ ਭੱਜਦੇ ਨੇ?''

''ਚੁੱਪ ਹੀ ਭਲੀ ਆ ਜਨਾਬ, ਆਪਣਾ ਪੱਲਾ ਚੁੱਕਦੇ ਹਾਂ ਤਾਂ ਆਪਣਾ ਹੀ ਢਿੱਡ ਦੀਂਹਦਾ।''

''ਮੈਂ ਵੀ ਸੋਚਿਆ ਕਿ ਆਪਣੀ ਜ਼ਿੰਮੇਵਾਰੀ ਹੁਣੇ ਹੀ ਮਨੁੱਖ ਨੂੰ ਕਿਉਂ ਨਾ ਸੰਭਾਲ ਦਿਆਂ। ਕੱਲ੍ਹ ਨੂੰ ਕੋਈ ਹਮਲਾ ਕਰਕੇ ਵੀ ਤਾਂ ਮਨੁੱਖ ਤਖ਼ਤ ਖੋਹੇਗਾ ਹੀ।''

''ਪਰ ਜੌਨੀ ਇੱਥੇ ਕਿਵੇਂ ਰਹਿ ਸਕੇਗਾ? ਇੱਥੇ ਦੁਪਹਿਰ ਤਪਦੀ ਹੈ ਅਤੇ ਰਾਤ ਯਖ ਠੰਢੀ ਹੁੰਦੀ ਹੈ।''

''ਆਪੇ ਆਦੀ ਹੋ ਜਾਵੇਗਾ। ਰਾਜਾ ਬਣ ਕੇ ਰਹਿਣਾ ਕਿਤੇ ਵੀ ਔਖਾ ਨਹੀਂ ਹੁੰਦਾ। ਹੌਲੀ ਹੌਲੀ ਤੁਹਾਡੀ ਪੁਲਾੜ ਗੱਡੀ ਚੱਲ ਪਵੇਗੀ ਅਤੇ ਜੌਨੀ ਦੇ ਮਾਂ ਬਾਪ ਵੀ ਇੱਥੇ ਪਹੁੰਚ ਜਾਣਗੇ।''

''ਸਾਡੇ ਘਰ ਵਾਲੇ ਚਿੰਤਾ ਕਰ ਰਹੇ ਹੋਣਗੇ।''

''ਤੂੰ ਧਰਤੀ ਦਾ ਗੇੜਾ ਲਗਾ ਕੇ ਫਿਰ ਮੁੜ ਆ। ਜੌਨੀ ਦੇ ਘਰ ਰਾਜਾ ਬਣਨ ਦੀ ਖ਼ੁਸ਼ਖ਼ਬਰੀ ਵੀ ਉਨ੍ਹਾਂ ਨੂੰ ਦੇ ਆਵੀਂ।''

ਜੌਨੀ ਦੀ ਸਲਾਹ ਨਾਲ ਮੈਂ ਇੱਕ ਬੱਦਲ ਉੱਪਰ ਆਪਣਾ ਜਹਾਜ਼ ਲੈ ਕੇ ਧਰਤੀ ਵੱਲ ਵਾਪਸ ਮੁੜ ਪਿਆ। ਮੈਂ ਦੇਖਿਆ ਕਿ ਮੇਰੇ ਜਾਣ ਪਿੱਛੋਂ ਧਰਤੀ ਕਿੰਨੀ ਬਦਲ ਗਈ ਸੀ। ਜਦ ਮੇਰਾ ਸਮੁੰਦਰੀ ਜਹਾਜ਼ ਮੁੜਿਆ, ਮੇਰਾ ਪਿਤਾ ਡੈੱਕ ਉੱਤੇ ਬੈਠਾ ਮੈਨੂੰ ਉਡੀਕ ਰਿਹਾ ਸੀ। ਉਹ ਬਹੁਤ ਗੁੱਸੇ ਵਿੱਚ ਸੀ। ਕਹਿੰਦਾ;

''ਤੂੰ ਮੇਰੇ ਖ਼ਾਸ ਜਹਾਜ਼ ਨੂੰ ਮੇਰੇ ਪੁੱਛੇ ਬਗੈਰ ਕਿਵੇਂ ਚੁੱਕ ਕੇ ਲੈ ਗਿਆ। ਮੈਨੂੰ ਤਾਂ ਡਰ ਪੈ ਗਿਆ ਸੀ ਕਿ ਤੂੰ ਹੁਣ ਮੁੜੇਂਗਾ ਨਹੀਂ। ਜਾਂ ਤਾਂ ਤੈਨੂੰ ਹਵਾ ਉਡਾ ਕੇ ਲੈ ਗਈ ਜਾਂ ਕੋਈ ਮਗਰਮੱਛ ਨਿਗਲ ਗਿਆ ਹੋਣਾ।'' ਉਸ ਨੇ ਮੈਨੂੰ ਜਹਾਜ਼ 'ਚੋਂ ਬਾਹਰ ਕੱਢ ਕੇ ਘਰ ਵੱਲ ਤੋਰ ਲਿਆ। ਮੈਨੂੰ ਦੋ ਹਫ਼ਤੇ ਘਰੋਂ ਬਾਹਰ ਨਾ ਨਿਕਲਣ ਦੀ ਸਜ਼ਾ ਮਿਲੀ ਅਤੇ ਮੈਨੂੰ ਆਪਣੇ ਕਮਰੇ ਵਿੱਚ ਬੰਦ ਕਰ ਦਿੱਤਾ।

ਮੈਂ ਬਥੇਰਾ ਉਨ੍ਹਾਂ ਨੂੰ ਆਪਣੇ ਸੰਘਰਸ਼ ਦੀ ਕਹਾਣੀ ਸੁਣਾਈ। ਸਾਰੇ ਮੇਰੀ ਕਹਾਣੀ ਨੂੰ ਝੂਠਾ ਕਹਿ ਰਹੇ ਹਨ। ਜਦ ਜੌਨੀ ਦੀ ਮਾਂ ਮੇਰੇ ਕੋਲ ਆਈ ਤਾਂ ਕਹਿਣ ਲੱਗੀ, ''ਸਾਡੇ ਜੌਨੀ ਨੂੰ ਕਿੱਥੇ ਛੱਡ ਆਇਆਂ।''

ਉਸ ਨੂੰ ਇਹ ਸੁਣਨ ਵਿੱਚ ਕੋਈ ਦਿਲਚਸਪੀ ਨਹੀਂ ਸੀ ਕਿ ਜੌਨੀ ਐਸ ਵੇਲੇ ਚੰਨ ਦਾ ਰਾਜਾ ਹੈ। ਉਹ ਮੇਰੇ ਵੱਲ ਦੁਖੀ ਮਨ ਨਾਲ ਦੇਖਦੀ ਹੋਈ ਕਹਿੰਦੀ, ''ਜਾਂ ਤਾਂ ਉਹ ਕਿਤੇ ਜਹਾਜ਼ ਵਿੱਚ ਹੀ ਸੁੱਤਾ ਪਿਆ ਹੋਣਾ ਜਾਂ ਫਿਰ ਡੁੱਬ ਕੇ ਮਰ ਗਿਆ ਹੈ।''

ਉਹ ਰੋਂਦੀ ਹੈ। ਚੀਕ ਚਿਹਾੜਾ ਪੈ ਗਿਆ ਹੈ। ਉਹ ਮੇਰੇ ਕੁੜਤੇ ਦੇ ਕਾਲਰ ਨੂੰ ਫੜ ਕੇ ਕਹਿੰਦੀ, ''ਕਾਤਲਾ, ਮੇਰਾ ਪੁੱਤ ਮੈਨੂੰ ਵਾਪਸ ਦੇ। ਮੈਂ ਹੁਣੇ ਪੁਲੀਸ ਬੁਲਾਉਂਦੀ ਹਾਂ।''

''ਪਰ ਜੌਨੀ ਵਾਪਸ ਆ ਨਹੀਂ ਸਕਦਾ। ਉਹ ਤਾਂ ਆਪਣੇ ਸਿੰਘਾਸਨ 'ਤੇ ਬੈਠਾ ਹੋਣਾ।'' ਮੈਂ ਦੱਸਦਾ ਹਾਂ।

ਮੈਂ ਸੋਚਦਾ ਹਾਂ ਇਹ ਬ੍ਰਹਿਮੰਡ ਸੁਪਨੇ ਲੈਣ ਲਈ ਸਭ ਤੋਂ ਸੁਰੱਖਿਅਤ ਜਗ੍ਹਾ ਹੈ। ਮੇਰੀ ਸੋਚ ਦੀ ਲੜੀ ਉਦੋਂ ਟੁੱਟੀ ਜਦੋਂ ਮੇਰੀ ਮਾਂ ਮੇਰੇ ਸਿਰਹਾਣੇ ਖੜ੍ਹੀ ਚਾਹ ਪੀਣ ਲਈ ਆਵਾਜ਼ਾਂ ਮਾਰ ਰਹੀ ਸੀ। ਉੱਥੇ ਨਾ ਜੌਨੀ ਦੀ ਮਾਂ ਸੀ ਨਾ ਹੀ ਮੇਰਾ ਪਿਤਾ।

ਈਮੇਲ: mayer_hk@yahoo.com

# ਰੀਲਾਂ ਦੇ ਜਾਲ ਵਿੱਚ ਫਸਿਆ ਮਨੁੱਖ

ਬਰਜਿੰਦਰ ਕੌਰ ਬਸਰਾਓ, ਸੰਪਰਕ: 99889-01324



ਕਦੇ ਜ਼ਮਾਨਾ ਹੁੰਦਾ ਸੀ ਕਿ ਹਰ ਘਰ ਦੀਆਂ ਔਰਤਾਂ ਘਰ ਹੀ ਸਿਲਾਈ ਮਸ਼ੀਨਾਂ 'ਤੇ ਕੁਝ ਨਾ ਕੁਝ ਸਿਊਣ ਲਈ ਬਾਜ਼ਾਰੋਂ ਕੱਪੜੇ ਦੇ ਰੰਗ ਨਾਲ ਦੀਆਂ ਰੀਲਾਂ ਖ਼ਰੀਦ ਕੇ ਲਿਆਉਂਦੀਆਂ ਸਨ। ਜੇ ਕਿਤੇ ਉਹਨੂੰ ਕੱਪੜੇ ਦੇ ਰੰਗ ਨਾਲ ਦੀ ਰੀਲ ਨਾ ਮਿਲਦੀ ਤਾਂ ਉਹ ਆਪਣੀ ਕਿਸੇ ਸਹੇਲੀ ਜਾਂ ਗੁਆਂਢਣ ਤੋਂ ਪੁੱਛਦੀ। ਗੱਲ ਕੀ ਪੁਰਾਤਨ ਔਰਤਾਂ ਘਰ ਦੇ ਕੰਮਾਂ ਕਾਰਾਂ ਤੋਂ ਵਿਹਲੀਆਂ ਹੋ ਕੇ ਘਰ ਵਿੱਚ ਸਲਾਈ ਕਢਾਈ ਕਰਨ ਲਈ ਰੰਗ ਬਿਰੰਗੀਆਂ ਰੀਲਾਂ ਵਿੱਚ ਉਲਝੀਆਂ ਦਿਸਦੀਆਂ ਸਨ। ਕਦੇ ਕਿਸੇ ਬੱਚੇ ਦੇ ਫਟੇ ਕੱਪੜੇ ਨੂੰ ਸਿਊਣਾ ਜਾਂ ਨਵਾਂ ਸੂਟ ਸਿਊਣਾ ਜਾਂ ਘਰ ਦੇ ਬਾਕੀ ਜੀਆਂ ਦੇ ਕੱਪੜੇ ਸਿਊਣੇ ਹੁੰਦੇ ਤਾਂ ਉਹ ਬਾਜ਼ਾਰੋਂ ਕੱਪੜੇ ਦੀ ਲੀਰ ਦੇ ਕੇ ਉਸ ਰੰਗ ਦੀਆਂ ਰੀਲਾਂ ਮੰਗਵਾਉਂਦੀਆਂ ਹੁੰਦੀਆਂ ਸਨ। ਸਾਰੇ ਲੋਕ ਉਨ੍ਹਾਂ ਰੀਲਾਂ ਵਿੱਚ ਉਲਝੀ ਔਰਤ ਨੂੰ ਸੁੱਘੜ ਸਿਆਣੀ ਔਰਤ ਮੰਨਦੇ ਸਨ। ਜ਼ਮਾਨੇ ਦੇ ਹਿਸਾਬ ਨਾਲ ਬਸ ਫ਼ਰਕ ਏਨਾ ਕੁ ਹੀ ਪਿਆ ਹੈ ਕਿ ਅੱਜ ਦੀ ਔਰਤ ਬੇਢੰਗੇ ਕੱਪੜੇ ਪਾ ਕੇ, ਸੜਕਾਂ ਵਿਚਕਾਰ ਵੱਡੀਆਂ ਵੱਡੀਆਂ ਕਾਰਾਂ ਖੜ੍ਹੀਆਂ ਕਰਕੇ ਰੀਲਾਂ ਬਣਾਉਣ ਵਾਲੀ ਬਣ ਗਈ ਹੈ। ਗੱਲ ਇਕੱਲੀਆਂ ਔਰਤਾਂ ਦੀ ਹੀ ਨਹੀਂ, ਅੱਜ ਹਰ ਵਿਅਕਤੀ ਰੀਲਾਂ ਵਿੱਚ ਉਲਝਿਆ ਪਿਆ ਹੈ। ਕਿਤੇ ਸਾਡੇ ਵੱਡੇ ਵਡੇਰੇ ਅੱਜ ਧਰਤੀ 'ਤੇ ਆ ਕੇ ਇਸ ਦੁਨੀਆ ਦਾ ਨਜ਼ਾਰਾ ਵੇਖਣ ਤਾਂ ਉਨ੍ਹਾਂ ਨੂੰ ਕੋਈ ਵਿਅਕਤੀ ਵਿਹਲਾ ਨਜ਼ਰ ਨਹੀਂ ਆਏਗਾ ਤੇ ਨਾ ਹੀ ਕੋਈ ਬਹੁਤਾ ਕੰਮ ਕਰਦਾ ਨਜ਼ਰ ਆਏਗਾ। ਅੱਜ ਦੇ ਦੌਰ ਵਿੱਚ ਕਿਤੇ ਵੀ ਚਲੇ ਜਾਓ, ਚਾਹੇ ਹਸਪਤਾਲ, ਰੇਲਵੇ ਸਟੇਸ਼ਨ, ਬੱਸ ਅੱਡੇ, ਸੱਥਾਂ ਵਿੱਚ, ਘਰਾਂ ਵਿੱਚ, ਬੱਚਿਆਂ ਦੇ ਕਮਰੇ ਵਿੱਚ, ਰੋਟੀ ਖਾਂਦੇ ਹੋਏ, ਸੌਣ ਲੱਗੇ, ਗੁਆਂਢੀਆਂ ਦੇ ਘਰੇ, ਗਲੀ ਵਿੱਚ ਬੈਠੀਆਂ ਚਾਰ ਔਰਤਾਂ ਕੋਲ, ਬੱਸਾਂ ਵਿੱਚ ਬੈਠੇ, ਰੇਲਾਂ ਵਿੱਚ ਸਫ਼ਰ ਕਰਦੇ, ਕੰਮ ਕਾਜੀ ਥਾਵਾਂ 'ਤੇ, ਭਾਵ ਹਰ ਜਗ੍ਹਾ ਤੁਹਾਨੂੰ ਲੋਕ ਮੋਬਾਈਲ 'ਤੇ ਰੁੱਝੇ ਨਜ਼ਰ ਆਉਣਗੇ। ਟੱਚ ਸਕਰੀਨ ਵਾਲੇ ਸਮਾਰਟ ਫੋਨਾਂ 'ਤੇ ਨੰਨ੍ਹੀਆਂ ਉਂਗਲਾਂ ਤੋਂ ਲੈ ਕੇ ਝੁਰੜੀਆਂ ਵਾਲੀਆਂ ਉਂਗਲਾਂ ਫੋਨ 'ਤੇ ਅੱਖਾਂ ਗੱਡੀ ਬੈਠੇ ਕੁਝ ਅੱਗੇ ਨੂੰ ਵਧਾਉਂਦੇ (ਸਕਰੋਲ ਕਰਦੇ) ਨਜ਼ਰ ਆਉਣਗੇ।

ਹਰ ਕੋਈ ਆਪਣੇ ਆਪਣੇ ਮਨਪਸੰਦ ਦੇ ਕੰਟੈਂਟ ਦੀਆਂ ਰੀਲਾਂ ਖੋਲ੍ਹ ਕੇ ਮੋਬਾਈਲ 'ਤੇ ਐਨੀ ਨੀਝ ਲਾ ਕੇ ਬੈਠਾ ਨਜ਼ਰ ਆਉਂਦਾ ਹੈ ਕਿ ਕਈ ਵਾਰ ਤਾਂ ਉਸ ਨੂੰ ਆਪਣੇ ਆਲੇ ਦੁਆਲੇ ਦਾ ਵੀ ਧਿਆਨ ਨਹੀਂ ਰਹਿੰਦਾ ਕਿ ਉਹ ਸੋਗ ਕਰਨ ਵਾਲੀ ਜਗ੍ਹਾ 'ਤੇ ਫੋਨ ਵੇਖਦਾ ਵੇਖਦਾ ਹੱਸ ਪੈਂਦਾ ਹੈ, ਨੱਚਣ ਗਾਉਣ ਵਾਲੀ ਜਗ੍ਹਾ 'ਤੇ ਬੈਠਾ ਰੀਲ ਦੇਖਦਾ ਦੇਖਦਾ ਭਾਵੁਕ ਹੋ ਜਾਂਦਾ ਹੈ, ਘਰਵਾਲੇ ਤੇ ਘਰਵਾਲੀ ਦਾ ਆਪਸੀ ਝਗੜਾ ਇੱਕ ਦੂਜੇ ਨੂੰ ਰੀਲਾਂ ਭੇਜ ਭੇਜ ਕੇ ਇੱਕ ਦੂਜੇ ਨੂੰ ਗ਼ਲਤ ਠਹਿਰਾਉਣ ਦਾ ਸਭ ਤੋਂ ਉੱਤਮ ਸਾਧਨ ਬਣ ਜਾਂਦਾ ਹੈ। ਅਸਲ ਵਿੱਚ ਰੀਲ ਕੀ ਹੁੰਦੀ ਹੈ? ਇਸ ਬਾਰੇ ਜਾਣਨਾ ਵੀ ਜ਼ਰੂਰੀ ਹੈ। ਰੀਲ ਇੱਕ ਕਿਸਮ ਦਾ ਵੀਡੀਓ ਕੰਟੈਂਟ ਹੈ ਜੋ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਸਾਂਝਾ ਕੀਤਾ ਜਾਂਦਾ ਹੈ, ਖ਼ਾਸਕਰ ਇੰਸਟਾਗ੍ਰਾਮ, ਫੇਸਬੁੱਕ ਅਤੇ ਯੂ ਟਿਊਬ ਆਦਿ 'ਤੇ। ਇਹ ਅੰਦਾਜ਼ਨ 15 ਸੈਕਿੰਡ ਤੋਂ 90 ਸੈਕਿੰਡ ਤੱਕ ਦਾ ਹੁੰਦਾ ਹੈ ਅਤੇ ਇਸ ਵਿੱਚ ਮਜ਼ੇਦਾਰ, ਰਚਨਾਤਮਕ ਜਾਂ ਜਾਣਕਾਰੀ ਭਰਪੂਰ ਕੰਟੈਂਟ ਹੁੰਦਾ ਹੈ। ਰੀਲਾਂ ਵਿੱਚ ਆਮ ਤੌਰ 'ਤੇ ਮਿਊਜ਼ਿਕ, ਇਫੈਕਟਸ ਅਤੇ ਟੈਕਸਟ ਹੁੰਦੇ ਹਨ ਜੋ ਇਸ ਨੂੰ ਹੋਰ ਦਿਲਚਸਪ ਅਤੇ ਦਿਲਕਸ਼ ਬਣਾਉਂਦੇ ਹਨ। ਲੋਕ ਰੀਲਾਂ ਦੀ ਵਰਤੋਂ ਆਪਣੀ ਰਚਨਾਤਮਕਤਾ ਦਿਖਾਉਣ, ਮਜ਼ਾਕ ਕਰਨ ਜਾਂ ਕਿਸੇ ਵਿਸ਼ੇ ਵਾਰੇ ਜਾਣਕਾਰੀ ਸਾਂਝੀ ਕਰਨ ਲਈ ਕਰਦੇ ਹਨ। ਇਸ ਨਾਲ ਲੋਕਾਂ ਦਾ ਮਨੋਰੰਜਨ ਵੀ ਹੋ ਜਾਂਦਾ ਹੈ ਤੇ ਕਈ ਕਈ ਰੀਲਾਂ ਵੇਖ ਕੇ ਬਹੁਤ ਕੁਝ ਸਿੱਖਣ ਨੂੰ ਵੀ ਮਿਲ ਜਾਂਦਾ ਹੈ। ਕਈ ਲੋਕ ਰੀਲਾਂ ਬਣਾ ਕੇ ਬਹੁਤ ਸਾਰੇ ਪੈਸੇ ਵੀ ਕਮਾ ਰਹੇ ਹਨ। ਜੇਕਰ ਕਿਸੇ ਦਾ ਕੰਟੈਂਟ ਭਾਵ ਸਮੱਗਰੀ ਵਧੀਆ ਹੈ ਉਸ ਵਿੱਚ ਚੰਗੇ ਵਿਚਾਰਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ ਜਾਂ ਲੋਕਾਂ ਦੇ ਮਨੋਰੰਜਨ ਲਈ ਸਾਫ਼ ਸੁਥਰੇ ਮਨੋਭਾਵ ਪ੍ਰਗਟ ਕੀਤੇ ਜਾਂਦੇ ਹਨ ਤਾਂ ਉਹ ਵੇਖਣ ਵਾਲਿਆਂ ਲਈ ਵੀ ਮਨੋਰੰਜਨ ਭਰਪੂਰ ਅਤੇ ਸਿੱਖਿਆਦਾਇਕ ਹੁੰਦੀਆਂ ਹਨ। ਅੱਜ ਸਾਡੇ ਦੇਸ਼ ਵਿੱਚ ਲੋਕਾਂ ਉੱਤੇ ਰੀਲਾਂ ਬਣਾਉਣ ਦਾ ਭੂਤ ਇਸ ਕਦਰ ਸਵਾਰ ਹੈ ਕਿ ਉਹ ਹਰ ਜਗ੍ਹਾ 'ਤੇ ਰੀਲਾਂ ਬਣਾਉਂਦੇ ਦਿਖਾਈ ਦਿੰਦੇ ਹਨ। ਚਾਹੇ ਕੋਈ ਕਿਤੇ ਘੁੰਮਣ ਗਿਆ ਹੋਵੇ, ਖ਼ੁਸ਼ੀ ਦੇ ਮੌਕੇ ਦੀਆਂ, ਇੱਥੋਂ ਤੱਕ ਕਿ ਆਪਣੇ ਕਿਸੇ ਸਕੇ ਸਬੰਧੀਆਂ ਦੀ ਮੌਤ, ਅੰਤਿਮ ਸੰਸਕਾਰ ਆਦਿ ਦੀਆਂ ਰੀਲਾਂ ਵੀ ਬਣਾਉਂਦੇ ਹਨ। ਕੋਈ ਸੋਚਣ ਵਾਲਾ ਹੋਵੇ ਕਿ ਉਹ ਮੌਕਾ ਕੋਈ ਰੀਲਾਂ ਬਣਾਉਣ ਦਾ ਹੁੰਦਾ ਹੈ? ਕਈ ਲੋਕ ਸੜਕਾਂ 'ਤੇ ਜਾਂਦੇ ਜਾਂਦੇ, ਰੇਲ ਵਿੱਚ ਸਫ਼ਰ ਕਰਦੇ ਕਰਦੇ ਜਾਂ ਰੇਲਾਂ ਦੀਆਂ ਪਟੜੀਆਂ 'ਤੇ ਬੈਠ ਕੇ, ਪਹਾੜਾਂ ਵਿੱਚ ਖ਼ਤਰਨਾਕ ਜਗ੍ਹਾ 'ਤੇ ਖੜ੍ਹ ਕੇ ਜਾਂ ਨੌਜਵਾਨ ਹੁੱਲੜਬਾਜ਼ੀਆਂ ਕਰਦੇ ਹੋਏ ਰੀਲਾਂ ਬਣਾਉਂਦੇ ਹੋਏ ਆਪਣੀ ਜਾਨ ਵੀ ਗਵਾ ਬੈਠਦੇ ਹਨ ਜਾਂ ਕੋਈ ਹੋਰ ਭਾਣਾ ਵਰਤਾ ਬੈਠਦੇ ਹਨ। ਕਈ ਲੋਕ ਆਪਣੀ ਦਫ਼ਤਰੀ ਮਰਿਆਦਾ ਭੁੱਲ ਕੇ ਦਫ਼ਤਰਾਂ ਵਿੱਚ ਬੈਠੇ ਰੀਲਾਂ ਬਣਾਉਂਦੇ ਬਣਾਉਂਦੇ ਆਪਣੀ ਨੌਕਰੀ ਤੋਂ ਹੱਥ ਧੋ ਬੈਠਦੇ ਹਨ।

ਅੱਜਕੱਲ੍ਹ ਤਾਂ ਭੋਲਾ ਭਾਲਾ ਬਚਪਨ ਵੀ ਰੀਲਾਂ ਦੇ ਚੱਕਰ ਵਿੱਚ ਗੁਆਚ ਗਿਆ ਹੈ। ਬਹੁਤ ਮਾਪੇ ਆਪਣੇ ਮਾਸੂਮਾਂ ਤੋਂ ਵੱਡਿਆਂ ਵਾਲੀਆਂ ਗੱਲਾਂ ਬੁਲਵਾ ਕੇ ਜਾਂ ਨੱਚਣ ਗਾਉਣ ਦੀਆਂ ਵੀਡੀਓਜ਼ ਬਣਾ ਕੇ ਰੀਲਾਂ ਪਾਉਂਦੇ ਹਨ ਤੇ ਬੱਚਿਆਂ ਦੇ ਬਚਪਨ ਵਾਲੀ ਮਾਸੂਮੀਅਤ ਉਨ੍ਹਾਂ ਦੇ ਮਾਪਿਆਂ ਦੇ ਫੋਨਾਂ ਵਿੱਚ ਕੈਦ ਹੋ ਰਹੀ ਹੈ। ਬਿਨਾਂ ਕਿਸੇ ਪ੍ਰਾਪਤੀ ਦੇ ਰੀਲਾਂ ਜ਼ਰੀਏ ਬਹੁਤ ਜਲਦੀ ਪ੍ਰਸਿੱਧੀ ਖੱਟਣ ਦੀ ਹੋੜ ਲੱਗੀ ਹੋਈ ਹੈ। ਰੀਲਾਂ ਦੇ ਵੀਊ ਵੇਖ ਵੇਖ ਖ਼ੁਸ਼ ਹੋਣਾ ਤੇ ਆਪਣੇ ਆਪ ਨੂੰ ਸੈਲੇਬ੍ਰਿਟੀ ਮਹਿਸੂਸ ਕਰਨਾ ਆਮ ਜਿਹੀ ਗੱਲ ਹੋ ਗਈ ਹੈ। ਕਈ ਪਤੀ ਪਤਨੀਆਂ ਦੇ ਜੋੜੇ ਘਟੀਆ ਕੰਟੈਂਟ ਦੀਆਂ ਰੀਲਾਂ ਬਣਾ ਕੇ ਪ੍ਰਸਿੱਧੀ ਹਾਸਲ ਕਰਦੇ ਵੀ ਵੇਖੇ ਜਾਂਦੇ ਹਨ। ਉਨ੍ਹਾਂ ਲੋਕਾਂ ਦਾ ਮਕਸਦ ਸਿਰਫ਼ ਵਿਊਜ਼ ਵਧਾਉਣਾ ਅਤੇ ਜ਼ਿਆਦਾ ਕੁਮੈਂਟ ਹਾਸਲ ਕਰਨਾ ਹੁੰਦਾ ਹੈ ਚਾਹੇ ਉਸ ਵਿੱਚ ਉਨ੍ਹਾਂ ਨੂੰ ਗਾਲ੍ਹਾਂ ਹੀ ਕਿਉਂ ਨਾ ਕੱਢੀਆਂ ਹੋਣ।

ਰੀਲਾਂ ਬਣਾਉਣ ਨਾਲੋਂ ਰੀਲਾਂ ਵੇਖਣ ਦੀ ਸਥਿਤੀ ਜ਼ਿਆਦਾ ਹਾਨੀਕਾਰਕ ਸਿੱਧ ਹੋ ਰਹੀ ਹੈ। ਅੱਜ ਦੇ ਮਨੁੱਖ ਦੀ ਦਿਨ ਦੀ ਸ਼ੁਰੂਆਤ ਬਲਿਊ ਸਕ੍ਰੀਨ 'ਤੇ ਗੁੱਡ ਮੌਰਨਿੰਗ ਦੀਆਂ ਰੀਲਾਂ ਤੋਂ ਸ਼ੁਰੂ ਹੋ ਜਾਂਦੀ ਹੈ। ਹਰ ਕਿਸੇ ਦੀ ਜ਼ਿੰਦਗੀ ਇੱਕ ਦੂਜੇ ਨੂੰ ਰੀਲਾਂ ਭੇਜਣ ਤੋਂ ਲੈ ਕੇ ਰੀਲਾਂ ਖੋਲ੍ਹਣ ਤੱਕ ਉਲਝ ਕੇ ਰਹਿ ਗਈ ਹੈ। ਜਿਹੜਾ ਸਮਾਂ ਪਹਿਲਾਂ ਲੋਕ ਆਪਣੇ ਕੰਮਾਂ ਕਾਰਾਂ ਵਿੱਚ ਲਾ ਕੇ ਸਾਰਥਿਕ ਬਣਾਉਂਦੇ ਸਨ, ਘਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਪਰਿਵਾਰਕ ਮੈਂਬਰ ਇਕੱਠੇ ਬੈਠ ਕੇ ਸਲਾਹ ਮਸ਼ਵਰਾ ਕਰਦੇ ਹੋਏ ਜਾਂ ਹੱਸਦੇ ਖੇਡਦੇ ਆਪਸੀ ਪਿਆਰ ਵਧਾਉਂਦੇ ਹੋਏ ਬਿਤਾਉਂਦੇ ਸਨ, ਉਹ ਸਭ ਕੁਝ ਅੱਜ ਰੀਲਾਂ ਦੀ ਭੇਟ ਚੜ੍ਹ ਰਿਹਾ ਹੈ।

ਅੱਜ ਹਰ ਕੋਈ ਆਪਣੇ ਆਪਣੇ ਮੋਬਾਈਲ 'ਤੇ ਨਿਗ੍ਹਾ ਟਿਕਾਈ ਬੈਠਾ ਰੀਲਾਂ ਵਿੱਚ ਉਲਝਿਆ ਨਜ਼ਰ ਆਉਂਦਾ ਹੈ। ਜੋ ਕਿ ਮਾਨਸਿਕ ਬਿਮਾਰੀਆਂ, ਡਿਪਰੈਸ਼ਨ, ਕਾਹਲਾਪਣ, ਗੁੱਸਾ ਜਾਂ ਅੱਖਾਂ ਤੇ ਦਿਲ ਦੇ ਭਿਆਨਕ ਰੋਗਾਂ ਨੂੰ ਸੱਦਾ ਦੇ ਰਿਹਾ ਹੁੰਦਾ ਹੈ। ਹਰ ਵੇਲੇ ਰੀਲਾਂ ਬਣਾਉਣ ਅਤੇ ਵੇਖਣ ਵਿੱਚ ਰੁੱਝੇ ਰਹਿਣ ਵਾਲੇ ਲੋਕ ਸਮਾਂ ਬਰਬਾਦ ਕਰਨ ਦੇ ਨਾਲ ਨਾਲ ਸਿਹਤ ਦਾ ਨੁਕਸਾਨ ਵੀ ਕਰ ਰਹੇ ਹਨ। ਇਹ ਥੋੜ੍ਹ ਚਿਰੀ ਪ੍ਰਸਿੱਧੀ ਵੀ ਥੋੜ੍ਹ ਚਿਰੀ ਖ਼ੁਸ਼ੀ ਦਾ ਸਾਧਨ ਤਾਂ ਹੋ ਸਕਦੀ ਹੈ, ਪਰ ਇਹ ਸਥਾਈ ਖ਼ੁਸ਼ੀ ਨਹੀਂ ਦੇ ਸਕਦੀ।

# ਜ਼ਿੰਦਗੀ ਤੇ ਸੰਘਰਸ਼

ਸਤਪਾਲ ਸਿੰਘ ਦਿਓਲ, ਸੰਪਰਕ: 98781-70771

ਸਾਡੇ ਪਿੰਡ ਦਾ ਪ੍ਰਾਇਮਰੀ ਸਕੂਲ ਬਹੁਤ ਛੋਟਾ ਜਿਹਾ ਸੀ। ਪਿੰਡ ਵਿੱਚੋਂ ਮੇਰੇ ਸਣੇ ਮਸਾਂ ਦਸ-ਬਾਰਾਂ ਬੱਚੇ ਹੀ ਪੜ੍ਹਦੇ ਸਨ। ਸਾਡੇ ਮਾਸਟਰ ਜੀ ਨੇ ਸਕੂਲ ਦੀ ਹੋਂਦ ਨੂੰ ਬਚਾਈ ਰੱਖਣ ਲਈ ਦੂਸਰੇ ਪਿੰਡਾਂ ਤੋਂ ਬੱਚੇ ਲਿਆ ਕੇ ਦਾਖਲ ਕੀਤੇ। ਅੱਜ ਦੇ ਹਿਸਾਬ ਨਾਲ ਸਕੂਲਾਂ ਦਾ ਮਾਹੌਲ ਬਹੁਤ ਵੱਖਰਾ ਹੁੰਦਾ ਸੀ। ਡੰਡਾ ਪਰੇਡ ਆਮ ਹੁੰਦੀ ਸੀ, ਜਿਸ ਕਰਕੇ ਕਈ ਬੱਚੇ ਡੰਡਾ ਪਰੇਡ ਤੋਂ ਡਰਦੇ ਅਨਪੜ੍ਹ ਹੀ ਰਹਿ ਜਾਂਦੇ ਸਨ। ਸਾਡੇ ਪ੍ਰਾਇਮਰੀ ਦੇ ਅਧਿਆਪਕ ਬੜੇ ਮਿਹਨਤੀ ਹੁੰਦੇ ਸੀ। ਅੱਠਵੀਂ ਤੱਕ ਦੀ ਪੜ੍ਹਾਈ ਦੂਸਰੇ ਪਿੰਡ ਦੇ ਮਿਡਲ ਸਕੂਲ ਤੋਂ ਕਰਨੀ ਪੈਂਦੀ ਸੀ। ਉਨ੍ਹਾਂ ਸਮਿਆਂ ਵਿੱਚ ਪੀ ਟੀ ਮਾਸਟਰ ਦੇ ਡੰਡੇ ਤੋਂ ਡਰਦੇ ਰੱਬ-ਰੱਬ ਕਰਦੇ ਰਹਿੰਦੇ ਸੀ। ਇਸ ਦੌਰਾਨ ਕੁਝ ਅਜਿਹੇ ਅਧਿਆਪਕਾਂ ਨਾਲ ਵੀ ਵਾਹ ਪਿਆ, ਜਿਨ੍ਹਾਂ ਦਾ ਉਦੇਸ਼ ਸਿੱਖਿਆ ਦੇਣਾ ਨਹੀਂ, ਸਗੋਂ ਸਿਰਫ਼ ਤਨਖ਼ਾਹ ਲੈਣਾ ਹੀ ਸੀ। ਇਸ ਦੇ ਉਲਟ ਕਈ ਬਹੁਤ ਹੀ ਮਿਹਨਤੀ ਅਧਿਆਪਕ ਵੀ ਮਿਲੇ। ਅੱਠਵੀਂ ਤੇ ਦਸਵੀਂ ਵਿੱਚ ਮਿਹਨਤ ਦੇ ਅਸਲ ਅਰਥ ਪਤਾ ਲੱਗੇ। ਸਾਡੇ ਇੱਕ ਅਧਿਆਪਕ ਸਵੇਰੇ ਚਾਰ ਵਜੇ ਗਰੁੱਪਾਂ ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੰਦੇ। ਸਵੇਰੇ ਦੋ ਕਿਲੋਮੀਟਰ ਸਾਈਕਲ 'ਤੇ ਜਾ ਕੇ ਉਨ੍ਹਾਂ ਕੋਲ ਪੜ੍ਹ ਕੇ ਵਾਪਸ ਪਿੰਡ ਆ ਕੇ ਮੁੜ ਸਕੂਲ ਜਾਣਾ ਪੈਂਦਾ। ਮੇਰੇ ਪਿੰਡ ਦੇ ਕਾਫ਼ੀ ਮੁੰਡੇ ਪੜ੍ਹਾਈ ਨੂੰ ਬੋਝ ਹੀ ਸਮਝਦੇ ਸਨ। ਉਨ੍ਹਾਂ ਨੂੰ ਸਵੇਰੇ ਉੱਠ ਕੇ ਪੜ੍ਹਨ ਜਾਣ ਨਾਲੋਂ ਸੌਣਾ ਵਧੇਰੇ ਚੰਗਾ ਲੱਗਦਾ ਸੀ। ਜ਼ਿਆਦਾਤਰ ਉਹ ਕਿਸੇ ਨਾ ਕਿਸੇ ਬਹਾਨੇ ਛੁੱਟੀ ਮਾਰ ਲੈਂਦੇ ਸਨ। ਬਸ ਘਰਦਿਆਂ ਦੇ ਡਰ ਕਰਕੇ ਜਾਂ ਅਣਸਰਦੇ ਨੂੰ ਹੀ ਸਕੂਲ ਜਾਂਦੇ।

ਉਸ ਵੇਲੇ ਪਿੰਡਾਂ ਵਿੱਚ ਲਗਪਗ ਸਾਰੇ ਹੀ ਘਰਾਂ ਵਿੱਚ ਸੀਮਿਤ ਸਾਧਨ ਹੁੰਦੇ ਸਨ। ਜਿਨ੍ਹਾਂ ਘਰਾਂ ਦੇ ਬੱਚੇ ਪੜ੍ਹ ਜਾਂਦੇ, ਉਨ੍ਹਾਂ ਘਰਾਂ ਦੀ ਤਕਦੀਰ ਬਦਲ ਜਾਂਦੀ ਤੇ ਜੋ ਨਾ ਪੜ੍ਹਦੇ, ਉਹ ਮਗਰੋਂ ਪਛਤਾਉਂਦੇ। ਮੇਰੇ ਲਗਪਗ ਸਾਰੇ ਹੀ ਦੋਸਤਾਂ ਨੂੰ ਜ਼ਿਆਦਾ ਟੀ ਵੀ ਦੇਖਣ 'ਤੇ ਝਿੜਕਾਂ ਪੈਂਦੀਆਂ ਸਨ।

ਇੱਧਰ ਸਾਡੇ ਘਰੇ ਕੰਮ ਥੋੜ੍ਹਾ ਪੁੱਠਾ ਸੀ। ਸਾਂਝਾ ਪਰਿਵਾਰ ਹੋਣ ਕਰਕੇ ਸਾਰਾ ਦਿਨ ਰੌਲਾ-ਰੱਪਾ ਰਹਿੰਦਾ। ਜੇ ਮੈਂ ਪੜ੍ਹਾਈ ਵੇਲੇ ਟੀ ਵੀ ਬੰਦ ਕਰਨ ਲਈ ਆਖਦਾ ਵੀ ਤਾਂ ਕੋਈ ਮੇਰੀ ਗੱਲ ਨਾ ਸੁਣਦਾ। ਇਸ ਦਾ ਹੱਲ ਮੈਂ ਇਹ ਕੱਢਿਆ ਕਿ ਆਪਣਾ ਬਸਤਾ ਚੁੱਕ ਗੁਰਦੁਆਰੇ ਕੋਲ ਕਿੱਕਰ ਹੇਠ ਬੈਠ ਕੇ ਪੜ੍ਹਨ ਲੱਗ ਜਾਂਦਾ। ਮੇਰੇ ਸਹਿਪਾਠੀ ਅਕਸਰ ਮੈਨੂੰ ਟਿੱਚਰਾਂ ਕਰਦੇ ਸਨ ਕਿ ਮੈਂ ਆਉਣ-ਜਾਣ ਵਾਲਿਆਂ ਨੂੰ ਦਿਖਾਉਣ ਲਈ ਉੱਥੇ ਪੜ੍ਹਨ ਬੈਠਦਾ ਹਾਂ। ਅੱਠਵੀਂ ਜਮਾਤ ਪਹਿਲੇ ਦਰਜੇ ਵਿੱਚ ਪਾਸ ਹੋਣ ਦਾ 200 ਰੁਪਏ ਵਜ਼ੀਫ਼ਾ ਦਸਵੀਂ ਵਿੱਚ ਜਾ ਕੇ ਮਿਲਿਆ। ਲੱਗਦਾ ਸੀ ਦੁਨੀਆ ਜਿੱਤ ਲਈ। ਕਈ ਵਾਰ ਅਜਿਹੇ ਹਾਲਾਤ ਵੀ ਪੈਦਾ ਹੋਏ ਕਿ ਪੜ੍ਹਾਈ ਜਾਰੀ ਰੱਖਣੀ ਔਖੀ ਹੋਣ ਲੱਗੀ। ਬਹੁਤ ਸਖ਼ਤ ਮਿਹਨਤ ਕਰ ਕੇ ਬੀ ਏ ਕੀਤੀ। ਇਸ ਮਗਰੋਂ ਕਾਨੂੰਨ ਦੀ ਪੜ੍ਹਾਈ ਕੀਤੀ ਤੇ ਫੇਰ ਵਕਾਲਤ ਦਾ ਸਿਲਸਿਲਾ ਸ਼ੁਰੂ ਹੋਇਆ। ਤੁਰ ਕੇ ਦੂਸਰੇ ਪਿੰਡ ਤੋਂ ਬੱਸ 'ਤੇ ਪੰਜਾਹ ਕਿਲੋਮੀਟਰ ਜ਼ਿਲ੍ਹਾ ਅਦਾਲਤ ਜਾਣਾ। ਘਰ ਦੇ ਹਾਲਾਤ ਬਹੁਤੇ ਚੰਗੇ ਨਹੀਂ ਸਨ, ਜਿਸ ਕਰਕੇ ਕਈ ਵਾਰ ਵਕਾਲਤ ਛੱਡਣ ਦੇ ਹਾਲਾਤ ਵੀ ਬਣੇ। ਕਹਿ ਸਕਦੇ ਹਾਂ ਕਿ ਮੇਰੇ ਲਈ ਵਕੀਲ ਤੋਂ ਵਕੀਲ ਸਾਹਬ ਹੋਣ ਦਾ ਸਫ਼ਰ ਬਹੁਤ ਕਠਿਨਾਈਆਂ ਭਰਿਆ ਸੀ, ਜਿਸ ਲਈ ਕਈ ਵਾਰ ਫਾਕੇ ਵੀ ਕੱਟਣੇ ਪਏ।

ਇੱਕ ਘਟਨਾ ਹਮੇਸ਼ਾ ਦਿਮਾਗ਼ ਵਿੱਚ ਘੁੰਮਦੀ ਹੈ। ਦੋਵੇਂ ਬੱਚੇ ਬਹੁਤ ਛੋਟੇ ਸਨ। ਉਦੋਂ ਤੱਕ ਇੱਕ ਕਮਰੇ ਨੂੰ ਮੈਂ ਦਫ਼ਤਰ ਵਜੋਂ ਵਰਤਣ ਲੱਗ ਪਿਆ ਸੀ। ਪੜ੍ਹਨ ਵੇਲੇ ਕਦੇ ਵੀ ਮੇਰੀ ਪਤਨੀ ਇਕਾਗਰਤਾ ਭੰਗ ਨਾ ਕਰਦੀ। ਰਾਤ ਦਾ ਖਾਣਾ ਤਿਆਰ ਹੋ ਗਿਆ ਸੀ, ਪਰ ਮੈਂ ਖਾਣਾ ਭੁੱਲ ਗਿਆ। ਰਾਤ ਦੇ ਗਿਆਰਾਂ ਕਦੋਂ ਵੱਜੇ ਪਤਾ ਹੀ ਨਾ ਲੱਗਾ। ਦੋਵੇਂ ਬੱਚੇ ਪੋਲੇ ਜਿਹੇ ਕਦਮਾਂ ਨਾਲ ਕਮਰੇ 'ਚ ਆ ਕੇ ਕਹਿਣ ਲੱਗੇ, ''ਪਾਪਾ ਜੀ, ਅੱਜ ਹਾਲੇ ਤੱਕ ਅਸੀਂ ਵੀ ਰੋਟੀ ਨਹੀਂ ਖਾਧੀ।'' ਮੈਨੂੰ ਉਨ੍ਹਾਂ ਮਾਸੂਮਾਂ ਦਾ ਉਤਰਿਆ ਮੂੰਹ ਵੇਖ ਕੇ ਬੇਹੱਦ ਦੁੱਖ ਹੋਇਆ। ਨਿੱਕੇ ਪੁੱਤਰ ਨੇ ਪੁੱਛਿਆ, ''ਪਾਪਾ ਜੀ, ਕੱਲ੍ਹ ਕੋਈ ਔਖਾ ਪੇਪਰ ਏ?'' ਮੈਂ ਉਸ ਦਾ ਸਿਰ ਪਲੋਸਦਿਆਂ ਆਖਿਆ, ''ਬੇਟਾ ਜੀ, ਜਦੋਂ ਕਦੇ ਹਾਰ ਦੀ ਸੰਭਾਵਨਾ ਜ਼ਿਆਦਾ ਹੋਵੇ ਤਾਂ ਹੋਰ ਸਖ਼ਤ ਮਿਹਨਤ ਕਰਨ ਦੀ ਲੋੜ ਹੁੰਦੀ ਏ। ਇਸੇ ਲਈ ਅੱਜ ਮੈਂ ਥੋੜ੍ਹਾ ਜ਼ਿਆਦਾ ਪੜ੍ਹ ਰਿਹਾ ਸਾਂ।'' ਉਨ੍ਹਾਂ ਅਣਭੋਲ ਦਿਲਾਂ ਨੇ ਮੇਰੀ ਉਹ ਗੱਲ ਅੱਜ ਵੀ ਪੱਲੇ ਬੰਨ੍ਹੀ ਹੋਈ ਹੈ।

ਮੇਰੀ ਤਰੱਕੀ ਵੇਖ ਕਈਆਂ ਨੂੰ ਤਕਲੀਫ਼ ਵੀ ਹੋਈ। ਮੇਰੀ ਆਦਤ ਸੀ ਕਿ ਮੈਂ ਸੰਦੇਹਾਂ ਉੱਠ ਕੇ ਉਸ ਦਿਨ ਲੱਗੇ ਹੋਏ ਸਾਰੇ ਕੇਸ ਪੜ੍ਹਦਾ ਤੇ ਪੂਰੀ ਤਿਆਰੀ ਨਾਲ ਹੀ ਘਰੋਂ ਨਿਕਲਦਾ ਸੀ। ਜਿਨ੍ਹਾਂ ਨੂੰ ਮੇਰੀ ਤਰੱਕੀ ਤੋਂ ਸਾੜਾ ਸੀ, ਉਨ੍ਹਾਂ ਸਵੇਰੇ ਗੁਰਦੁਆਰੇ ਦੇ ਸਪੀਕਰ 'ਤੇ ਕੀਰਤਨ ਲਾਉਣਾ ਸ਼ੁਰੂ ਕਰ ਦਿੱਤਾ। ਮੈਂ ਕੁਝ ਇਤਰਾਜ਼ ਕੀਤਾ ਤਾਂ ਉਨ੍ਹਾਂ ਅੱਗੋਂ ਰੋਸ ਜਤਾਇਆ, ''ਵਿਆਹਾਂ ਸ਼ਾਦੀਆਂ 'ਤੇ ਵੀ ਉੱਚੀ ਆਵਾਜ਼ ਵਿੱਚ ਡੀ ਜੇ ਵੱਜਦੇ ਨੇ, ਉਨ੍ਹਾਂ ਨੂੰ ਕਿਉਂ ਨਹੀਂ ਰੋਕਦੇ?'' ਇਸ ਰੋਜ਼ ਦੀ ਪ੍ਰੇਸ਼ਾਨੀ ਦਾ ਹੱਲ ਕੱਢਣ ਲਈ ਮੈਂ ਦਫ਼ਤਰ ਕਿਸੇ ਹੋਰ ਥਾਂ ਬਣਾ ਲਿਆ। ਖ਼ੈਰ! ਮੈਂ ਤਾਂ ਉਸ ਸ਼ੋਰ ਤੋਂ ਬਚ ਆਇਆ ਹਾਂ, ਪਰ ਅਕਸਰ ਸੋਚਦਾ ਹਾਂ ਕਿ ਇਸ ਈਰਖਾ ਨੇ ਕਿੰਨੇ ਹੀ ਮਿਹਨਤੀ ਲੋਕਾਂ ਅੱਗੇ ਅੜਿੱਕੇ ਡਾਹੇ ਹੋਣਗੇ। ਕਿੰਨਿਆਂ ਦੇ ਬਣਦੇ ਕੰਮ ਵਿਗਾੜੇ ਹੋਣਗੇ ਤੇ ਕਿੰਨਿਆਂ ਨੂੰ ਪੜ੍ਹਾਈ ਵਿਚਾਲੇ ਛੱਡਣ ਲਈ ਮਜਬੂਰ ਕੀਤਾ ਹੋਵੇਗਾ। ਖ਼ੈਰ! ਸਿਆਣੇ ਠੀਕ ਹੀ ਆਖਦੇ ਨੇ, ਜ਼ਿੰਦਗੀ ਸੰਘਰਸ਼ ਦਾ ਦੂਜਾ ਨਾਮ ਹੈ। ਹਰ ਇਨਸਾਨ ਨੂੰ ਸੰਘਰਸ਼ ਵਿੱਚੋਂ ਗੁਜ਼ਰਨਾ ਪੈਂਦਾ ਹੈ ਪਰ ਮਿਹਨਤ ਆਪਣਾ ਰੰਗ ਜ਼ਰੂਰ ਦਿਖਾਉਂਦੀ ਹੈ।

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

**www.singhsabhasurrey.com**

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਭਗਤ ਧੰਨਾ ਜੀ ਬਾਬਾ ਸ਼ੇਖ ਫਰੀਦ ਸਾਹਿਬ ਜੀ ਅਤੇ ਗਿਆਨੀ ਦਿੱਤ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ ਅਤੇ ਸ੍ਰੀ ਅਖੰਡ ਪਾਠ ਸਾਹਿਬ 1) ਨਗਰ ਲੱਲੀਆਂ ਖੁਰਦ, 2) ਭਾਈ ਹਰਮੀਤ ਸਿੰਘ ਪ੍ਰਵਾਰ ਵੱਲੋਂ ਅਰੰਭ ਹੋਣਗੇ।
- ਇਹ ਅਖੰਡ ਪਾਠ 24 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 09:30 ਵਜੇ ਅਰੰਭ ਹੋਣਗੇ ਜਿਨਾਂ ਦੇ ਭੋਗ 26 ਅਪ੍ਰੈਲ ਸਵੇਰੇ 09:30 ਵਜੇ ਪੈਣਗੇ। ਉਪਰੰਤ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।
- 24 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਕਾਕਾ ਮਨਜੀਤ ਸਿੰਘ ਮੰਡ ਅਤੇ ਬੱਚੀ ਰਾਜਵਿੰਦਰ ਕੌਰ ਜੰਡਾ ਦੇ ਅਨੰਦ ਕਾਰਜ ਹੋਣਗੇ।
- 24 ਅਪ੍ਰੈਲ ਦਿਨ ਸ਼ੁੱਕਰਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਨਿਰਮਲ ਸਿੰਘ ਜੌਹਲ 2) ਭਾਈ ਗੁਰਦੇਵ ਸਿੰਘ ਵਿਰਕ ਪ੍ਰਵਾਰ ਵੱਲੋਂ ਹੋਵੇਗੀ।
- 25 ਅਪ੍ਰੈਲ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਬੱਚੀ ਮਨਰੂਪ ਕੌਰ ਦੇ ਅਨੰਦ ਕਾਰਜ ਹੋਣਗੇ।
- 25 ਅਪ੍ਰੈਲ ਦਿਨ ਸ਼ਨਿੱਚਰਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਬਲਬੀਰ ਸਿੰਘ ਨਿੱਝਰ 2) ਭਾਈ ਬਲਵਿੰਦਰ ਸਿੰਘ 3) ਭਾਈ ਗੁਰਦੇਵ ਸਿੰਘ 4) ਭਾਈ ਗੁਰਦੀਪ ਸਿੰਘ ਪ੍ਰਵਾਰ ਵੱਲੋਂ ਹੋਵੇਗੀ।
- 26 ਅਪ੍ਰੈਲ ਦਿਨ ਐਤਵਾਰ ਸਵੇਰੇ 09:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਪਰਮਜੀਤ ਸਿੰਘ ਕੰਗ 2) ਭਾਈ ਹਰਜਿੰਦਰ ਸਿੰਘ 3) ਪ੍ਰਵਾਰ ਵੱਲੋਂ ਹੋਵੇਗੀ।
- ਅੰਤਿਮ ਸਸਕਾਰ ਭਾਈ ਇੰਦਰਬੀਰ ਸਿੰਘ ਸਰਾਏ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 26 ਅਪ੍ਰੈਲ ਦਿਨ ਐਤਵਾਰ 03:00 ਵਜੇ ਹੋਵੇਗਾ ਉਪਰੰਤ 04:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- 26 ਅਪ੍ਰੈਲ ਦਿਨ ਐਤਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਗੁਰਮੇਲ ਸਿੰਘ, 2) ਭਾਈ ਪਰਮਜੀਤ ਸਿੰਘ ਬੈਂਸ, 3) ਭਾਈ ਜਸਵਿੰਦਰ ਸਿੰਘ ਗਿੱਲ, 4) ਸਵ. ਭਾਈ ਸਿਕੰਦਰ ਸਿੰਘ ਗਰੇਵਾਲ ਦੀ ਯਾਦ ਵਿੱਚ, ਪ੍ਰਵਾਰ ਵੱਲੋਂ ਹੋਵੇਗੀ।

- ਨੋਟ: ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਹਰ ਸ਼ੁੱਕਰਵਾਰ ਸਵੇਰੇ 10 ਤੋਂ 12 ਵਜੇ ਤਕ ਬਜੁਰਗਾਂ ਵਾਸਤੇ ਟੈਕਸ ਫਾਰਮ , ਬੁਢਾਪਾ ਪੈਨਸ਼ਨ , ਕੰਮ ਦੀ ਪੈਨਸ਼ਨ, ਪੀ ਆਰ ਕਾਰਡ ਫਾਰਮ, ਸਿਟੀਜਨਸ਼ਿਪ ਫਾਰਮ, ਬਸ ਪਾਸ ਫਾਰਮ , ਪਾਸਪੋਰਟ ਫਾਰਮ ਇਤਿਆਦ ਫਾਰਮ ਮੁਫਤ ਵਿਚ (Free Serivce) ਭਰੇ ਜਾਂਦੇ ਹਨ।

ਰਾਗੀ ਜੱਥਾ : ਭਾਈ ਦਿਲਬਾਗ ਸਿੰਘ
ਭਾਈ ਹਰਜੀਤ ਸਿੰਘ

ਕਥਾਵਾਚਕ : ਭਾਈ ਗੁਰਪ੍ਰੀਤ ਸਿੰਘ ਜੀ
ਢਾਡੀ ਜਥਾ : ਭਾਈ ਜਸਵੰਤ ਸਿੰਘ ਜੋਸ਼

ਭਾਈ ਸਰਬਜੀਤ ਸਿੰਘ ਧੂੰਦਾ 13 ਤੋਂ 19 ਅਪ੍ਰੈਲ ਤਕ ਸ਼ਬਦ ਵਿਚਾਰ ਰਾਹੀਂ ਸੰਗਤਾਂ ਨਾਲ ਸਾਂਝ ਪਾਉਣਗੇ

ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਖਾਲਸਾ ਸਾਜਨਾ ਦਿਵਸ ਨੂੰ ਸਮਰਿਪਤ ਸਜਾਏ ਗਏ ਨਗਰ ਕੀਰਤਨ ਦੀਆਂ ਝਲਕੀਆਂ















# ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਖਾਲਸਾ ਦੇ ਪ੍ਰਗਟ ਦਿਹਾੜੇ ਨੂੰ ਸਮਰਿਪਤ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ, ਸਰੀ ਵਿਖੇ ਵਿਸ਼ੇਸ਼ ਸਮਾਗਮ ਉਲੀਕੇ ਗਏ













ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਖਾਲਸਾ ਦੇ ਪ੍ਰਗਟ ਦਿਹਾੜੇ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ,ਸਰੀ ਵਿਖੇ ਮਿਤੀ 12 ਅਪ੍ਰੈਲ ਤੋਂ 19 ਅਪ੍ਰੈਲ ਤਕ ਵਿਸ਼ੇਸ਼ ਸਮਾਗਮ ਉਲੀਕੇ ਗਏ ਸਨ ਜਿਸ ਵਿਚ ਅੰਮ੍ਰਿਤ ਸੰਚਾਰ ਕਰਵਾਏ ਗਏ ਅਤੇ ਪੰਥ ਪ੍ਰਸਿਧ ਕਥਾਵਾਚਕ ਭਾਈ ਸਰਬਜੀਤ ਸਿੰਘ ਜੀ ਧੂੰਦਾ ਹੁਰਾਂ ਨੇ 13 ਅਪ੍ਰੈਲ ਤੋਂ ਲੈ ਕੇ 19 ਅਪ੍ਰੈਲ ਤਕ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕੀਤਾ ਅਤੇ ਪੰਥਕ ਮੁੱਦਿਆਂ ਤੋਂ ਜਾਣੂ ਕਰਵਾਇਆ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜਰੀਆਂ ਭਰੀਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਗ੍ਰੁਰੂ ਦੀ ਆਸੀਸ ਪ੍ਰਾਪਤ ਕੀਤੀ।

# ਪੰਜਾਬ ਵਿੱਚ ਨਸ਼ਿਆਂ ਦਾ ਹੜ੍ਹ



ਲਿਖਤ
ਗੌਰਵ ਧੀਮਾਨ
7626818016



ਜਵਾਨੀ ਉਮਰ ਵਿੱਚ ਧੱਸਿਆ ਬਲਜੀਤ ਇੱਕ ਨਸ਼ੇ ਦਾ ਆਦੀ ਹੋ ਰਹਿ ਗਿਆ। ਜਦੋਂ ਮਾਂ ਜਿਊਂਦੀ ਸੀ ਉਸ ਵਕ਼ਤ ਲੋਕਾਂ ਘਰ ਜਾ ਝੂਠੇ ਬਰਤਣ ਸਾਫ਼ ਕਰ ਢਿੱਡ ਭਰ ਹੀ ਦਿੰਦੀ ਸੀ। ਬਲਜੀਤ ਨੂੰ ਅਠਾਰਾਂ ਸਾਲ ਦੀ ਉਮਰ ਵਿੱਚ ਹੀ ਬੁਰੀ ਸੰਗਤ ਨੇ ਆਪਣੀ ਲਪੇਟ ਵਿੱਚ ਕਾਬੂ ਕਰ ਲਿਆ ਸੀ। ਬਲਜੀਤ ਦਾ ਬਾਪੂ ਫੌਜ਼ ਵਿੱਚ ਸ਼ਹੀਦ ਹੋ ਗਿਆ ਸੀ। ਸਰਕਾਰ ਵੱਲੋਂ ਦਿੱਤੀ ਪੈਨਸ਼ਨ ਹਰਨਾਮ ਸਿੰਘ ਦੀ ਪਤਨੀ ਰਣਜੀਤ ਨੂੰ ਆਇਆ ਕਰਦੀ ਸੀ। ਘਰ ਦੇ ਹਾਲਾਤ ਬਹੁਤ ਭੈੜੇ ਹੋ ਗਏ ਸੀ। ਹਰਨਾਮ ਦੇ ਜਾਨ ਮਗਰੋਂ ਰਣਜੀਤ ਦੇ ਘਰ ਕੁਝ ਸਿਆਸੀ ਪਾਰਟੀਆਂ ਘਰ ਉੱਤੇ ਕਬਜਾ ਕਰਨ ਲਈ ਵੀ ਆਉਂਦੀ ਰਹੀ। ਬਲਜੀਤ ਜਵਾਨੀ ਉਮਰੇ ਨਸ਼ੇ ਦੇ ਗ.ਲ ਲੱਗ ਪਿਆ। ਹਰ ਥਾਂ ਥੂ..ਥੂ..! ਰਣਜੀਤ ਦੇ ਮੂੰਹ ਉੱਤੇ ਹੁੰਦੀ ਰਹੀਆਂ ਪਰ ਰਣਜੀਤ ਨੇ ਲੋਕਾਂ ਦੀ ਪ੍ਰਵਾਹ ਨਾ ਕੀਤੀ।

ਰਣਜੀਤ ਨੇ ਬਲਜੀਤ ਨੂੰ ਥੋੜ੍ਹਾ ਪੜ੍ਹਾਇਆ ਕਿਉਂਕਿ ਬਲਜੀਤ ਰੋਜ਼ ਹੀ ਨਵੀਂ ਨਵੀਂ ਚਲਾਕੀ ਨਾਲ ਲੜ੍ਹ ਘਰ ਮੁੜ ਆਉਂਦਾ ਸੀ। ਉਸਦਾ ਦੋ ਵਾਰ ਸਕੂਲ ਤੋਂ ਨਾਮ ਕੱਟਿਆ ਗਿਆ ਤੇ ਰਣਜੀਤ ਨੇ ਉਸਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਬਲਜੀਤ ਨਾ ਸਮਝਿਆ। ਹੌਲੀ ਹੌਲੀ ਦਿਨ ਬੀਤਦੇ ਜਾ ਰਹੇ ਸੀ। ਪੈਨਸ਼ਨ ਦਾ ਪੈਸਾ ਬਲਜੀਤ ਖੋਹ ਲੈਂਦਾ ਸੀ। ਰਣਜੀਤ ਨੇ ਹਾਰ ਨਾ ਮੰਨੀ ਤੇ ਆਪਣੇ ਪੁੱਤ ਦਾ ਢਿੱਡ ਭਰਨ ਲਈ ਲੋਕਾਂ ਘਰ ਜਾ ਝੂਠੇ ਬਰਤਣ ਸਾਫ਼ ਕੀਤੇ। ਬਲਜੀਤ ਦਿਨੋਂ ਦਿਨ ਵੱਡਾ ਹੁੰਦਾ ਜਾ ਰਿਹਾ ਸੀ। ਕਈ ਵਾਰ ਬਲਜੀਤ ਘਰ ਨਸ਼ੇ ਦੀ ਹਾਲਤ ਵਿੱਚ ਘਰ ਮੁੜਦਾ ਸੀ। ਰਣਜੀਤ ਉਸਨੂੰ ਰੋਜ਼ ਚੀਕਦੀ ਚਲਾਉਂਦੀ ਪਰ ਉਸਨੂੰ ਕੋਈ ਆਵਾਜ਼ ਕੰਨੀ ਤੱਕ ਨਾ ਪਹੁੰਚਦੀ।

ਮਾਂ ਦੀ ਮਮਤਾ ਬਗਾਵਤ ਕਦੇ ਵੀ ਨਹੀਂ ਹੋ ਸਕਦੀ ਤੇ ਨਾ ਜਿਊਂਦੇ ਜੀਅ ਆਪਣੇ ਪੁੱਤ ਨੂੰ ਭੁੱਖ ਤੰਗ ਵੇਖ ਸਕਦੀ। ਬਲਜੀਤ ਨੂੰ ਇਸ ਗੱਲ ਦੀ ਭੋਰਾ ਵੀ ਫ਼ਿਕਰ ਨਹੀਂ ਕਿ ਉਸਦੀ ਮਾਂ ਦਾ ਦਿਲ ਕਮਜ਼ੋਰ ਹੈ। ਬਲਜੀਤ ਨੇ ਸ਼ੁਰੂ ਤੋਂ ਹੀ ਮਾਂ ਦਾ ਪਿਆਰ ਪਾਇਆ ਸੀ ਤੇ ਹੌਲੀ ਹੌਲੀ ਵਕ਼ਤ ਨੇ ਉਸ ਨਾਲ ਚਾਲ ਚੱਲੀ। ਬਲਜੀਤ ਇੱਕ ਥਾਂ ਤੋਂ ਇਹੋ ਜਿਹੇ ਘੇਰੇ ਵਿੱਚ ਗਿਆ ਜਿੱਥੋਂ ਉਸਦਾ ਵਾਪਿਸ ਆਉਣਾ ਬਹੁਤ ਮੁਸ਼ਕਿਲ ਸੀ। ਰਣਜੀਤ ਸਦਾ ਦੁੱਖੀ ਰਹਿਣ ਲੱਗ ਪਈ ਤੇ ਵਾਹਿਗੁਰੂ ਜੀ ਅੱਗੇ ਅਰਦਾਸ ਕਰਦੀ ਰਹਿੰਦੀ। ਬਲਜੀਤ ਦੀ ਉਮਰ ਵੀਹ ਵਰ੍ਹੇ ਹੋ ਚੁੱਕੀ ਸੀ। ਨਸ਼ੇ ਵਿੱਚ ਟੁੰਨ ਇੱਕ ਦਿਨ ਬਲਜੀਤ ਘਰ ਬੂਹੇ ਆਉਣ ਖਲੋ ਗਿਆ। ਦਰਵਾਜ਼ੇ ਨੂੰ ਜੋਰ ਜੋਰ ਦੀ ਖਟ - ਖਟਾਉਣ ਲੱਗਾ। ਅੱਧੀ ਰਾਤ ਨੂੰ ਬਲਜੀਤ ਪਤਾ ਨਹੀਂ ਕਿੱਥੋਂ ਆਇਆ ਸੀ। ਰਣਜੀਤ ਉੱਠ ਕੇ ਭੱਜੀ ਭੱਜੀ ਗਈ। ਬਲਜੀਤ ਆਪਣੀ ਮਾਂ ਨੂੰ ਬੋਲਦਾ,' ਬੂਹਾਂ ਖੋਲ੍ਹਣ ਨੂੰ ਇਹਨਾਂ ਵਕ਼ਤ ਕਿਉਂ ਲੱਗਾ..ਤੈਨੂੰ ਪਤਾ ਨਹੀਂ ਮੈ ਘਰ ਆਉਣਾ ਹੁੰਦਾ ਗਾ।' ਮਾਂ ਦੀ ਚੁੱਪੀ ਹਮੇਸ਼ਾ ਦੀ ਤਰ੍ਹਾਂ ਚੁੱਪ ਹੀ ਰਹੀ। ਆਪਣੇ ਪੁੱਤ ਅੱਗੇ ਇੱਕ ਸ਼ਬਦ ਨਾ ਬੋਲੀ। ਜੋ ਇਨਸਾਨ ਆਪਣੇ ਜਿਉਂਦੇ ਮਾਂ ਬਾਪ ਦੀ ਕਦਰ ਨਹੀਂ ਕਰਦਾ ਉਸਨੂੰ ਉਸਦੀ ਔਲਾਦ ਵੀ ਨਹੀਂ ਪੁੱਛਦੀ। ਵਕ਼ਤ ਫਿਰ ਬਦਲ ਗਿਆ।

ਦਿਨ ਚੜ੍ਹਦੇ ਨੂੰ ਬਲਜੀਤ ਆਪਣੀ ਮਾਂ ਰਣਜੀਤ ਕੋ.ਲ ਗਿਆ। ' ਅੱਜ ਮਾਏ ਤੂੰ ਮੈਨੂੰ ਕੁਝ ਪੈਸੇ ਦੇ ਮੈ ਯਾਰਾਂ ਮਿੱਤਰਾਂ ਨਾਲ ਐਸ਼ ਕਰਨੀ ਹੈ। ' ਰਣਜੀਤ ਨੇ ਗੁੱਸੇ ਵਿੱਚ ਆ ਕੇ ਹੱਥ ਅਲਮਾਰੀ ਦੀ ਚਾਬੀ ਧਰ ਦਿੱਤੀ ਤੇ ਆਖਿਆ,' ਮੈ ਕਿਹੋ ਜਿਹੀ ਔਲਾਦ ਨੂੰ ਜਨਮ ਦੇ ਦਿੱਤਾ ਜੋ ਆਪਣੀ ਮਾਂ ਦੀ ਕਦਰ ਵੀ ਨਹੀਂ ਕਰ ਸਕਦਾ। ਤੈਨੂੰ ਨਸ਼ੇ ਨੇ ਇੱਕ ਦਿਨ ਨਿਚੋੜ ਕੇ ਖਾ ਲੈਣਾ ਤੇ ਮੈ ਉਸ ਵਕ਼ਤ ਤੇਰੇ ਕੋ.ਲ ਵੀ ਨਹੀਂ ਹੋਣਾ। ਮੇਰੀ ਇਹ ਗੱਲ ਹਮੇਸ਼ਾ ਯਾਦ ਰੱਖੀ ਪੁੱਤਰਾਂ.." ਜਿੰਦਗੀ ਛੋਟੀ ਜਿਹੀ ਹੈ ਅੱਜ ਹੱਸਲੈ ਕੱਲ੍ਹ ਜਿੰਦਗੀ ਕੱਟਲੈ ਫਿਰ ਨਾ ਮੁੜ ਮਿਲਣੀ।"

ਰਣਜੀਤ ਦੇ ਸ਼ਬਦ ਸੁਣ ਬਲਜੀਤ ਨੂੰ ਕੋਈ ਅਫ਼ਸੋਸ ਨਾ ਹੋਇਆ। ਰਣਜੀਤ ਆਪਣੀ ਜਿੰਦਗੀ ਵਿੱਚ ਬਿਲਕੁੱਲ ਵੀ ਖੁਸ਼ ਨਹੀਂ ਸੀ। ਲੋਕਾਂ ਦੇ ਰੋਜ਼ ਦੇ ਤਾਹਨੇ ਸੁਣ ਅੱਕ ਗਈ ਸੀ। ਰਣਜੀਤ ਨੇ ਆਪਣੇ ਪੁੱਤ ਨੂੰ ਬਹੁਤ ਸਮਝਾਉਣਾ ਚਾਹਿਆ ਪਰ ਉਹ ਨਸ਼ੇ ਵਿੱਚ ਡੁੱਬਿਆ ਹੋਇਆ ਸੀ। ਉਸਨੂੰ ਹਰ ਵਕ਼ਤ ਪੈਸੇ ਚਾਹੀਦੇ ਸੀ। ਹਰ ਵਕ਼ਤ ਨਸ਼ੇ ਦਾ ਸੇਵਨ ਕਰਨ ਦਾ ਜਰੀਆ ਲੱਭਦਾ ਸੀ। ਬਲਜੀਤ ਦੀ ਇਸ ਹਾਲਤ ਨੂੰ ਵੇਖ ਕੁਝ ਗੁਆਂਢੀ ਵੀ ਘਰ ਆਉਣਾ ਬੰਦ ਕਰ ਗਏ ਸੀ। ਬਲਜੀਤ ਦੇ ਬੁਰੇ ਪ੍ਰਭਾਵ ਦਾ ਅਸਰ ਉਹਨਾਂ ਦੇ ਬੱਚਿਆ ਉੱਤੇ ਨਾ ਪਏ ਇਸ ਕਰਕੇ ਗੁਆਂਢੀ ਘਰਾਂ ਨੇ ਆਪਣੀ ਕੰਧ ਹੋਰ ਉੱਚੀ ਕਰ ਲਈ ਸੀ। ਰਣਜੀਤ ਨੂੰ ਹੌਲੀ ਹੌਲੀ ਸਾਹ ਦੀ ਬਿਮਾਰੀ ਨੇ ਘੇਰ ਲਿਆ। ਕੋਠੀਆਂ ਘਰਾਂ ਦੀ ਸਫ਼ਾਈ ਤੇ ਬਰਤਣ ਰੋਜ਼ ਦਾ ਇਹ ਕੰਮ ਰਣਜੀਤ ਨੂੰ ਕਮਜ਼ੋਰ ਤੇ ਨਾ ਜਿਊਣਯੋਗ ਬਣਾ ਗਿਆ। ਬਲਜੀਤ ਨੂੰ ਇਸ ਗੱਲ ਦੀ ਭਣਕ ਵੀ ਨਹੀਂ ਸੀ। ਰਣਜੀਤ ਨੇ ਤਾਂ ਆਪਣੀ ਜਿੰਦਗੀ ਨੂੰ ਇੰਝ ਸੋਚ ਕੇ ਕੱਟਿਆ,' ਮੇਰਾ ਹਰਨਾਮ ਭਾਵੇਂ ਨਹੀਂ ਪੁੱਤ ਤਾਂ ਹੈ ਬਸ ਇਹ ਜਿੰਦਗੀ ਹੈ।' ਰਣਜੀਤ ਚੰਗੀ ਤਰ੍ਹਾਂ ਜਾਣਦੀ ਸੀ ਮੇਰੀ ਜਿੰਦਗੀ ਮੇਰੀ ਵੀ ਨਹੀਂ ਹੋ ਸਕਦੀ। ਬਲਜੀਤ ਨੂੰ ਸਹੀ ਰਾਹ ਪਾਉਣ ਦਾ ਇੱਕੋ ਇੱਕ ਤਰੀਕਾ ਸੀ ਉਹ ਸੀ,' ਵਕ਼ਤ ਦਾ ਚੱਕਾ ਜ਼ਾਮ ਕਰ ਇੱਕ ਦਿਨ ਦੁਨੀਆ ਤੋਂ ਕੁਰਬਾਨ ਜਾਣਾ। '

ਬਲਜੀਤ ਰੋਜ਼ ਦੀ ਤਰ੍ਹਾਂ ਟੁੰਨ ਹੋ ਘਰ ਆਇਆ ਜਾਇਆ ਕਰਦਾ ਸੀ। ਘਰ ਵਿੱਚ ਸਿਰਫ਼ ਦੋ ਜੀਅ ਦਾ ਰਹਿਣ ਸਹਿਣ ਸੀ ਤੇ ਰਿਸ਼ਤੇਦਾਰਾਂ ਨੇ ਮੁੱਖ ਫੇਰ ਲਿਆ ਸੀ ਕਿਉਂਕਿ ਬਲਜੀਤ ਦੇ ਵਰਤਾਰੇ ਤੋਂ ਸਭ ਦੁੱਖੀ ਸੀ। ਉਸਦੀ ਹਾਲਤ ਨੂੰ ਠੀਕ ਨਹੀਂ ਕੀਤਾ ਜਾ ਸਕਦਾ ਸੀ। ਰਣਜੀਤ ਉਸ ਵਕ਼ਤ ਇਹਨੀ ਜਿਆਦਾ ਕਮਜ਼ੋਰ ਹੋ ਗਈ ਕਿ ਉਹ ਹੁਣ ਘਰ ਘਰ ਕੰਮ ਵੀ ਨਹੀਂ ਕਰ ਸਕਦੀ। ਵਕ਼ਤ ' ਤੇ ਦਵਾਈ ਨਾ ਲੈਣ ਕਰਕੇ ਰਣਜੀਤ ਦੀ ਹਾਲਤ ਹੋਰ ਵਧੇਰੇ ਖਰਾਬ ਹੁੰਦੀ ਜਾ ਰਹੀ ਸੀ। ਰਣਜੀਤ ਨੇ ਇੱਕ ਖ਼ਤ ਲਿਖਣਾ ਚਾਹਿਆ ਤੇ ਉਸ ਵਿੱਚ ਸਿਰਫ਼ ਦੋ ਤੋਂ ਦੋ ਅੱਖਰ ਸਨ ਜਿਸ ਵਿੱਚ ਲਿਖਿਆ ਸੀ,' ਮੈ ਬੁਰੀ ਤੂੰ ਚੰਗਾ।' ਜਦੋਂ ਘਰ ਬਲਜੀਤ ਆਇਆ ਤਾਂ ਉਸ ਦਿਨ ਟੁੰਨ ਨਹੀਂ ਦਿਖਿਆ। ਮਾਂ ਰਣਜੀਤ ਮੰਜੇ ਉੱਤੇ ਪਈ ਸੀ ਤੇ ਬੂਹਾ ਖੁੱਲ੍ਹਿਆ ਸੀ। ਬਲਜੀਤ ਦਰਵਾਜ਼ਾ ਖੋਲ੍ਹ ਅੰਦਰ ਵੜਿਆ। ਹੱਥ ਵਿੱਚ ਇੱਕ ਖ਼ਤ ਫੜ੍ਹਿਆ ਦਿਖਾਈ ਦਿੱਤਾ ਜੋ ਰਣਜੀਤ ਨੇ ਆਖਰੀ ਸਾਹ ਚੱਲਦੇ ਲਿਖਿਆ ਸੀ। ਬਲਜੀਤ ਆਪਣੀ ਮਾਂ ਰਣਜੀਤ ਕੋ.ਲ ਜਾ ਬੈਠਦਾ ਹੈ ਤੇ ਉੱਠਣ ਲਈ ਆਖਦਾ ਹੈ ਪਰ ਮਾਂ ਰਣਜੀਤ ਨਾ ਉੱਠਦੀ। ਇਹ ਵੇਖ ਬਲਜੀਤ ਨਬਜ ਫੜ੍ਹ ਵੇਖਦਾ ਹੈ ਤੇ ਨਾ ਨਬਜ ਚੱਲਣ ' ਤੇ ਬਲਜੀਤ ਉਸ ਥਾਂ ਤੋਂ ਥੱਲ੍ਹੇ ਡਿੱਗ ਪੈਂਦਾ ਹੈ। ਉੱਚੀ ਉੱਚੀ ਬਲਜੀਤ ਰੌਂਦਾ ਹੋਇਆ ਆਖਦਾ ਹੈ,' ਮਾਂ ਮੇਰੀਏ ਮੈਨੂੰ ਮਾਫ਼ ਕਰਦੇ..ਮੈ ਤੈਨੂੰ ਬਹੁਤ ਸਾਰੇ ਦੁੱਖ ਦਿੱਤੇ। ਤੂੰ ਮੈਨੂੰ ਇੰਝ ਛੱਡ ਕੇ ਨਹੀਂ ਜਾ ਸਕਦੀ।'

ਬਲਜੀਤ ਨੂੰ ਰੌਂਦਿਆ ਵੇਖ ਗੁਆਂਢੀ ਘਰ ਆਏ ਤੇ ਬਲਜੀਤ ਨੂੰ ਪੁੱਛਦੇ,' ਕੀ ਹੋਇਆ ਬਲਜੀਤ..ਸੁੱਖ ਤਾਂ ਹੈ। ਬਲਜੀਤ ਧਾਹਾਂ ਮਾਰ ਰੋਅ ਰਿਹਾ ਸੀ ਤੇ ਗੁਆਂਢੀ ਨੂੰ ਬਲਜੀਤ ਦੀ ਮਾਂ ਪੂਰੀ ਹੋਈ ਦਿਖੀ। ਗੁਆਂਢੀ ਨੇ ਬਲਜੀਤ ਨੂੰ ਸਹਾਰਾ ਦਿੱਤਾ ਤੇ ਹੋਰ ਬਾਕੀ ਗੁਆਂਢੀ ਵੀ ਇੱਕਠੇ ਹੋ ਗਏ। ਬਲਜੀਤ ਦੇ ਹੱਥ ਉਹ ਖ਼ਤ ਆਇਆ ਜੋ ਰਣਜੀਤ ਲਿੱਖ ਗਈ ਸੀ। ਜਦੋਂ ਬਲਜੀਤ ਨੇ ਉਹ ਖ਼ਤ ਦੇ ਬੋਲ ਪੜ੍ਹੇ ਤਾਂ ਉਸਦੇ ਪੈਰੋਂ ਜਮੀਨ ਹੀ ਖਿਸਕ ਗਈ। ਬਲਜੀਤ ਨੇ ਆਪਣੀ ਮਾਂ ਦਾ ਅਤਿੰਮ ਸੰਸਕਾਰ ਕੀਤਾ। ਵਕ਼ਤ ਨੇ ਰਣਜੀਤ ਦੇ ਫ਼ੈਸਲੇ ਨੂੰ ਅਹਿਮ ਸਮਝਿਆ ਤੇ ਬਲਜੀਤ ਨੂੰ ਨਸ਼ੇ ਦੇ ਹੜ੍ਹ ਤੋਂ ਬਚਾ ਲਿਆ। ਹੁਣ ਬਲਜੀਤ ਨਸ਼ੇ ਦਾ ਸੇਵਨ ਨਹੀਂ ਕਰਦਾ ਹੈ। ਉਹ ਸਦਾ ਅਨਾਥ ਆਸ਼ਰਮ ਚੰਦਾ ਦਿੰਦਾ ਹੈ ਤੇ ਬਜੁਰਗਾਂ ਦਾ ਸਤਿਕਾਰ ਕਰਦਾ ਹੈ। ਬਲਜੀਤ ਹੁਣ ਆਪਣੀ ਭੂਆ ਘਰ ਰਹਿੰਦਾ ਹੈ ਤੇ ਬਲਜੀਤ ਦੀ ਇੱਕ ਭੈਣ ਹੈ ਜੋ ਭੂਆ ਦੀ ਹੀ ਧੀ ਹੈ। ਬਲਜੀਤ ਥੋੜ੍ਹੇ ਸਮੇਂ ਚੁੱਪ ਤੇ ਸ਼ਾਂਤ ਰਿਹਾ। ਇਕੱਲਾਪਨ ਜਿੰਦਗੀ ਨੂੰ ਨਰਕ ਬਣਾ ਦਿੰਦਾ ਹੈ ਤੇ ਇਸ ਬਾਰੇ ਬਲਜੀਤ ਚੰਗੀ ਤਰ੍ਹਾਂ ਜਾਣ ਗਿਆ ਸੀ। ਜੋ ਸ਼ਬਦ ਉਸਦੀ ਮਾਂ ਨੇ ਕਹੇ ਸੀ ਉਹ ਉਹਨਾਂ ਸ਼ਬਦਾਂ ਨੂੰ ਸਦਾ ਲਈ ਦਿਲ ਵਿੱਚ ਵਸਾ ਲੈਂਦਾ ਹੈ। ਬਲਜੀਤ ਦਾ ਜੀਵਨ ਕੁਝ ਸਮੇਂ ਬਾਅਦ ਠੀਕ ਹੋ ਜਾਂਦਾ ਹੈ ਤੇ ਆਪਣੀ ਨਵੀਂ ਜਿੰਦਗੀ ਜਿਊਂਦਾ ਹੈ।

---

# ਅਸਹਿਣਸ਼ੀਲਤਾ ਅਤੇ ਘਰੇਲੂ ਹਿੰਸਾ

ਲਿਖਤ : ਬਰਜਿੰਦਰ ਕੌਰ ਬਿਸਰਾਓ,
ਸੰਪਰਕ : 99889-01324

ਸਾਡੇ ਸਮਾਜ ਵਿੱਚ ਪਰਿਵਾਰਾਂ ਅੰਦਰ ਦਿਨ ਬ ਦਿਨ ਘਰੇਲੂ ਹਿੰਸਾ ਦੀਆਂ ਵਾਰਦਾਤਾਂ ਵਧਦੀਆਂ ਜਾ ਰਹੀਆਂ ਹਨ। ਨਿੱਤ ਦਿਹਾੜੀ ਦਿਲ ਨੂੰ ਝੰਜੋੜ ਕੇ ਰੱਖ ਦੇਣ ਵਾਲੀਆਂ ਘਟਨਾਵਾਂ ਬਾਰੇ ਖ਼ਬਰਾਂ ਸੁਣ ਕੇ ਜਾਂ ਦੇਖ਼ ਕੇ ਹਿਰਦੇ ਵਲੂੰਧਰੇ ਜਾਂਦੇ ਹਨ। ਕੁਝ ਵਰ੍ਹੇ ਪਹਿਲਾਂ ਤੱਕ ਤਾਂ ਘਰੇਲੂ ਹਿੰਸਾ ਦੀ ਹੱਦ ਘਰ ਵਿੱਚ ਔਰਤਾਂ ਜਾਂ ਬੱਚਿਆਂ ਨਾਲ ਕੁੱਟ ਕੁਟਾਪੇ ਤੱਕ ਸੀਮਤ ਸੀ।ਪਰ ਅੱਜ ਕੱਲ੍ਹ ਹਿੰਸਾ ਦੀਆਂ ਵਾਰਦਾਤਾਂ ਦੇ ਕਈ ਤਰ੍ਹਾਂ ਦੇ ਰੂਪ ਸਾਹਮਣੇ ਆ ਰਹੇ ਹਨ ਜਿਵੇਂ ਘਰੇਲੂ ਹਿੰਸਾ ਕਾਰਨ ਹੋਏ ਕਲੇਸ਼ ਤੋਂ ਦੁਖੀ ਹੋ ਕੇ ਆਤਮਹੱਤਿਆ ਕਰਨਾ, ਜਾਂ ਆਪਣੇ ਆਪ ਨੂੰ ਖ਼ਤਮ ਕਰਨ ਤੋਂ ਪਹਿਲਾਂ ਪਰਿਵਾਰ ਦੇ ਬਾਕੀ ਮੈਂਬਰਾਂ ਨੂੰ ਮਾਰ ਦੇਣਾ, ਜ਼ਮੀਨੀ ਬਟਵਾਰਿਆਂ ਕਾਰਨ ਪੈਦਾ ਹੋਈ ਅਸੰਤੁਸ਼ਟਤਾ ਕਾਰਨ ਦੋ ਪਰਿਵਾਰਾਂ ਵਿੱਚ ਹਿੰਸਕ ਘਟਨਾਵਾਂ ਵਿੱਚ ਤਰ੍ਹਾਂ ਤਰ੍ਹਾਂ ਦੇ ਤਰੀਕਿਆਂ ਨਾਲ ਇੱਕ ਦੂਜੇ ਦੇ ਵਿਰੋਧੀ ਪਰਿਵਾਰਕ ਮੈਂਬਰਾਂ ਨੂੰ ਨੁਕਸਾਨ ਪਹੁੰਚਾਉਣਾ ਆਦਿ। ਇਹਨਾਂ ਸਭ ਘਟਨਾਵਾਂ ਪਿੱਛੇ ਅੱਜ ਦੇ ਮਨੁੱਖ ਅੰਦਰ ਪੈਦਾ ਹੋ ਰਹੀ ਅਸਹਿਣਸ਼ੀਲਤਾ ਹੈ।

ਅੱਜ ਦੇ ਮਨੁੱਖ ਅੰਦਰ ਸਿਰਫ਼ ਪਦਾਰਥਵਾਦੀ ਸੋਚ ਨੇ ਡੇਰਾ ਲਾ ਲਿਆ ਹੈ । ਉਸ ਅੰਦਰ ਚੁਟਕੀ ਮਾਰਕੇ ਅਮੀਰ ਹੋਣ ਦੀ ਲਾਲਸਾ ਉਤਪੰਨ ਹੋਣ ਲੱਗ ਪਈ ਹੈ। ਉਹ ਆਪਣੀਆਂ ਪ੍ਰਾਪਤੀਆਂ ਨੂੰ ਦੇਖ ਕੇ ਖੁਸ਼ ਹੋਣ ਦੀ ਥਾਂ ਦੂਜਿਆਂ ਦੀਆਂ ਸਫਲਤਾਵਾਂ ਨੂੰ ਦੇਖ਼ ਕੇ ਖਿਝਦਾ ਸੜਦਾ ਹੈ,ਮਨ ਵਿੱਚ ਈਰਖਾ ਦਾ ਭਾਵ ਪੈਦਾ ਕਰਦਾ ਹੈ,ਉਸ ਜ਼ਹਿਰ ਨੂੰ ਆਪਣੇ ਮਨ ਅੰਦਰ ਪਾਲਦਾ ਹੈ ਤੇ ਮਨ ਅੰਦਰਲੀ ਸੋਚ ਨੂੰ ਐਨਾ ਵਿਸ਼ੈਲਾ ਬਣਾ ਬੈਠਦਾ ਹੈ ਕਿ ਅਸੰਜਮਤਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਉਸ ਅੰਦਰ ਸਬਰ ਸੰਤੋਖ ਵਾ.ਲੀ ਪ੍ਰਵਿਰਤੀ ਤਾਂ ਬਿਲਕੁਲ ਖਤਮ ਹੋ ਜਾਂਦੀ ਹੈ ਜਿਸ ਕਾਰਨ ਉਸ ਅੰਦਰ ਅਸਹਿਣਸ਼ੀਲਤਾ ਪੈਦਾ ਹੋ ਜਾਂਦੀ ਹੈ। ਅਸਹਿਣਸ਼ੀਲਤਾ ਕਾਰਨ ਕ੍ਰੋਧ ਉਤਪੰਨ ਹੋਣ ਲੱਗਦਾ ਹੈ। ਉਹ ਕ੍ਰੋਧ ਵੀ ਇੱਕ ਦੋ ਦਿਨ ਦਾ ਨਹੀਂ ਹੁੰਦਾ। ਪਤਾ ਨਹੀਂ ਕਿੰਨਾ ਚਿਰ ਮਨੁੱਖ ਉਸ ਅੰਦਰ ਵਾਲੇ ਕ੍ਰੋਧ ਨਾਲ ਅੰਦਰੋਂ ਅੰਦਰ ਲੜਦਾ ਰਹਿੰਦਾ ਹੈ। ਫਿਰ ਅੰਦਰ ਵਾ.ਲੀ ਵਿਚਾਰਾਂ ਦੀ ਲੜਾਈ ਐਨੀ ਪ੍ਰਪੱਕ ਹੋ ਜਾਂਦੀ ਹੈ ਕਿ ਉਸ ਨੂੰ ਆਪਣੇ ਅੰਦਰ ਵਾ.ਲੀ ਵਿਸ਼ੈਲੀ ਸੋਚ ਹੀ ਸਹੀ ਲੱਗਣ ਲੱਗ ਜਾਂਦੀ ਹੈ ਜਿਸਨੂੰ ਉਹ ਜ਼ਬਰਦਸਤੀ ਘਰ ਪਰਿਵਾਰ ਵਿੱਚ ਦੂਜਿਆਂ ਉੱਤੇ ਥੋਪਣ ਲੱਗਦਾ ਹੈ।ਇਹੋ ਜਿਹੇ ਮਨੁੱਖ ਇਹ ਭੁੱਲ ਜਾਂਦੇ ਹਨ ਕਿ ਜਿਹਨਾਂ ਉੱਪਰ ਉਹ ਆਪਣੀ ਸੋਚ ਥੋਪਣਾ ਚਾਹੁੰਦੇ ਹਨ ਉਹਨਾਂ ਦੀ ਵੀ ਆਪਣੀ ਨਿੱਜੀ ਸੋਚ ਹੁੰਦੀ ਹੈ,ਉਹ ਵੀ ਆਪਣੇ ਅੰਦਰ ਕਿੰਨੀਆਂ ਯੋਜਨਾਵਾਂ ਬਣਾਈ ਬੈਠਾ ਹੁੰਦਾ ਹੈ । ਬਸ ਛੋਟਾ ਜਿਹਾ ਤਕਰਾਰ ਕਿੰਨੀਆਂ ਜ਼ਿੰਦਗੀਆਂ ਤੇ ਭਾਰੂ ਪੈ ਜਾਂਦਾ ਹੈ।



ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਮਨੁੱਖ ਕੋਲ ਪਰਿਵਾਰ ਵਿੱਚ ਬੈਠ ਕੇ ਸਮਾਂ ਬਤੀਤ ਨਾ ਕਰਨ ਕਰਕੇ ਉਹ ਔਰਤਾਂ ਅਤੇ ਬੱਚਿਆਂ ਦੀਆਂ ਜ਼ਰੂਰਤਾਂ ਤੇ ਮੁਸ਼ਕਲਾਂ ਤੋਂ ਅਣਜਾਣ ਰਹਿੰਦਾ ਹੈ। ਪਰਿਵਾਰਕ ਮੈਂਬਰ ਇੱਕ ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣ ਲਈ ਸਮਾਂ ਨਹੀਂ ਦਿੰਦੇ। ਇੱਕ ਦੂਜੇ ਨਾਲ ਬੈਠ ਕੇ ਪਰਿਵਾਰਕ ਮਸਲੇ ਵਿਚਾਰੇ ਨਹੀਂ ਜਾਂਦੇ, ਉਹਨਾਂ ਨੂੰ ਹੱਲ ਕਰਨ ਲਈ ਬੈਠ ਕੇ ਵਿਚਾਰ ਚਰਚਾ ਕਰਨ ਲਈ ਸਮਾਂ ਨਹੀਂ ਦਿੱਤਾ ਜਾਂਦਾ,ਜਿਸ ਤੋਂ ਬਹੁਤੇ ਪਰਿਵਾਰਿਕ ਮੁਖੀ ਅਣਜਾਣ ਰਹਿੰਦੇ ਹਨ, ਉਹਨਾਂ ਅੰਦਰ ਪਰਿਵਾਰ ਪ੍ਰਤੀ ਪ੍ਰਬਲ ਭਾਵਨਾਵਾਂ ਉਤਪੰਨ ਨਹੀਂ ਹੁੰਦੀਆਂ ਜਿਸ ਕਰਕੇ ਛੋਟੀ ਜਿਹੀ ਮੁਸੀਬਤ ਆਉਣ ਤੇ ਜਾਂ ਤੰਗੀ ਆਉਣ ਤੇ ਜਾਂ ਫਿਰ ਕੋਈ ਹੋਰ ਦੁੱਖ ਤਕਲੀਫ ਆਉਣ ਤੇ ਆਪਸ ਵਿੱਚ ਹੀ ਵਿਚਾਰਕ ਮਤਭੇਦ ਪੈਦਾ ਹੋ ਕੇ ਆਪਸੀ ਅਸਹਿਮਤੀ ਤੇ ਅਸਹਿਯੋਗ ਪੈਦਾ ਹੁੰਦਾ ਹੈ। ਇਸ ਨਾਲ ਉਸ ਅੰਦਰ ਸਹਿਣਸ਼ੀਲਤਾ ਦੀ ਕਮੀ ਆਉਣ ਕਰਕੇ ਕ੍ਰੋਧ ਵਧਣ ਲੱਗਦਾ ਹੈ। ਕਈ ਵਾਰ ਉਹੀ ਕ੍ਰੋਧ ਚੰਡਾਲ ਦਾ ਰੂਪ ਧਾਰਨ ਕਰ ਕੇ ਆਪਣੇ ਹੀ ਪਰਿਵਾਰ ਲਈ ਨੁਕਸਾਨਦੇਅ ਬਣ ਜਾਂਦਾ ਹੈ।

ਅੱਜ ਦਾ ਮਨੁੱਖ ਆਪਣੀ ਅਤੇ ਆਪਣੇ ਪਰਿਵਾਰ ਦੀ ਖੁਸ਼ੀ ਨੂੰ ਆਪਸ ਵਿੱਚ ਖੁੱਲ੍ਹ ਕੇ ਮਨਾਉਣ ਦੀ ਥਾਂ ਦੂਜਿਆਂ ਨੂੰ ਦਿਖਾਵੇ ਲਈ ਢੋਂਗ ਕਰਦਾ ਵੱਧ ਨਜ਼ਰ ਆਉਂਦਾ ਹੈ। ਅੱਜ ਦੀ ਜ਼ਿੰਦਗੀ ਵਿੱਚ ਰੰਗੀਨ ਮੌਕਿਆਂ ਨੂੰ ਵਧਾਉਣਾ ਮਨੁੱਖ ਲਈ ਉਸ ਦੇ ਪਰਿਵਾਰ ਦੀ ਖੁਸ਼ੀ ਨਾ.ਲੋਂ ਵੱਧ ਦੂਜਿਆਂ ਦੀ ਨਕਲ ਕਰਨਾ ਜਾਂ ਦਿਖਾਵਾ ਕਰਨ ਦਾ ਰਿਵਾਜ਼ ਬਣ ਗਿਆ ਹੈ ਜਿਸ ਨਾਲ ਉਹ ਵੱਡੇ ਵੱਡੇ ਕਰਜ਼ਿਆਂ ਦੇ ਬੋਝ ਥੱਲੇ ਦੱਬਿਆ ਹਰ ਸਮੇਂ ਮਾਨਸਿਕ ਤਣਾਓ ਵਿੱਚ ਅੰਦਰੋਂ ਅੰਦਰ ਖ਼ਤਮ ਹੋ ਰਿਹਾ ਹੁੰਦਾ ਹੈ।ਉਹੀ ਪ੍ਰੇਸ਼ਾਨੀ ਉਸ ਅੰਦਰ ਕ੍ਰੋਧ ਅਤੇ ਖਿੱਝੂਪਣ ਪੈਦਾ ਕਰਕੇ ਘਰ ਵਿੱਚ ਤਣਾਅ ਪੂਰਨ ਸਥਿਤੀ ਉਤਪੰਨ ਕਰਦੀ ਹੈ। ਇਸ ਨਾਲ ਸਾਰੇ ਪਰਿਵਾਰ ਵਿੱਚ ਅਸੰਜਮਤਾ ਅਤੇ ਅਸਹਿਣਸ਼ੀਲਤਾ ਪੈਦਾ ਹੋਣ ਕਰਕੇ ਪਰਿਵਾਰ ਵਿੱਚ ਘਰੇਲੂ ਹਿੰਸਾ ਦਾ ਵਾਤਾਵਰਨ ਸਿਰਜਿਆ ਜਾਂਦਾ ਹੈ। ਸਾਡੇ ਸਮਾਜ ਵਿੱਚ ਹਸਦੇ ਵਸਦੇ ਪਰਿਵਾਰਾਂ ਨੂੰ ਘੁਣ ਵਾਂਗ ਲੱਗੀ ਘਰੇਲੂ ਹਿੰਸਾ ਦੀ ਬੀਮਾਰੀ ਤੋਂ ਬਚਣ ਲਈ ਸਹਿਣਸ਼ੀਲਤਾ, ਆਪਸੀ ਵਿਚਾਰਕ ਸਾਂਝ, ਸਹਿਯੋਗ ਦੇ ਨਾਲ ਨਾਲ ਸਦਾਚਾਰਕ ਕਦਰਾਂ ਕੀਮਤਾਂ ਦੇ ਧਾਰਨੀ ਬਣਨ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ।ਜੇ ਜ਼ਿੰਦਗੀ ਦਾ ਸਹੀ ਅਨੰਦ ਮਾਨਣਾ ਚਾਹੁੰਦੇ ਹੋ ਤਾਂ ਸਦਾਚਾਰਕ ਜੀਵਨ ਜੀਊਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਵੱਡਾ ਅਨੰਦ ਹੋਰ ਕੋਈ ਨਹੀਂ ਹੋ ਸਕਦਾ।

# ਵਿਸ਼ਵ ਧਰਤੀ ਦਿਵਸ

ਏਕਜੋਤ ਸਿੰਘ




ਪੂਰੇ ਵਿਸ਼ਵ ਭਰ ਵਿਚ 22 ਅਪ੍ਰੈਲ ਦਾ ਦਿਨ ਧਰਤੀ ਦਿਵਸ ਮਨਾਇਆ ਜਾਂਦਾ ਹੈ। 1970 ਵਿਚ ਸ਼ੁਰੂ ਕੀਤੇ ਗਏ ਇਸ ਦਿਵਸ ਨੂੰ 192 ਦੇਸ਼ਾਂ ਨੇ ਖੁੱਲ੍ਹੀਆਂ ਬਾਹਾਂ ਨਾਲ ਅਪਣਾਇਆ ਅਤੇ ਇਸ ਦਿਨ ਬਹੁਤ ਸਾਰੇ ਲੋਕਾਂ ਵਲੋਂ ਧਰਤੀ ਮਾਤਾ ਦੀ ਸਾਂਭ ਸੰਭਾਲ ਲਈ ਕੁੱਝ ਚੰਗਾ ਕਰਨ ਦਾ ਪ੍ਰਣ ਲਿਆ ਜਾਂਦਾ ਹੈ। ਅੱਜ ਵਿਸ਼ਵ ਭਰ ਦੇ ਵਿਗਿਆਨੀ ਵਾਤਾਵਰਣ ਵਿਚ ਹੋ ਰਹੇ ਬਦਲਾਅ ਨੂੰ ਲੈ ਕੇ ਬੇਹੱਦ ਚਿੰਤਤ ਹਨ। ਜਿਸ ਤਰ੍ਹਾਂ ਅਸੀਂ ਡਾਇਨਾਸੋਰ, ਵੱਡੇ ਦੰਦਾਂ ਵਾਲੇ ਹਾਥੀ ਸਮੇਤ ਹੋਰ ਬਹੁਤ ਸਾਰੇ ਜਾਨਵਰਾਂ ਬਾਰੇ ਕਿਤਾਬਾਂ ਵਿਚ ਹੀ ਪੜ੍ਹਿਆ ਜਾਂ ਸੁਣਿਆ ਹੈ। ਓਵੇਂ ਹੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਘਰ ਦੇ ਵਿਹੜੇ ਵਿਚ ਚਹਿਚਹਾਉਣ ਵਾਲੀਆਂ ਚਿੜੀਆਂ, ਫੁੱਲਾਂ 'ਤੇ ਮੰਡਰਾਉਂਦੀਆਂ ਰੰਗ ਬਿਰੰਗੀਆਂ ਤਿਤਲੀਆਂ, ਭੰਵਰੇ, ਪਰਾਗ਼ ਨਾਲ ਸ਼ਹਿਦ ਬਣਾਉਂਦੀਆਂ ਮਧੂ ਮੱਖੀਆਂ, ਦਾਣੇ ਲਿਜਾਂਦੀਆਂ ਕੀੜੀਆਂ ਅਤੇ ਚੀਤੇ ਵਰਗੀਆਂ ਪ੍ਰਜਾਤੀਆਂ ਦੇ ਬਾਰੇ ਵਿਚ ਕਿਤਾਬਾਂ ਜ਼ਰੀਏ ਜਾਣ ਸਕਣਗੀਆਂ। ਇਸ ਦੇ ਲਈ ਧਰਤੀ ਦੀ ਸੰਭਾਲ ਲਈ ਬਹੁਤ ਕੁੱਝ ਕਰਨ ਦੀ ਲੋੜ ਹੈ। ਧਰਤੀ ਦੇ ਤਾਪਮਾਨ ਵਿਚ ਦਿਨੋ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਗਲੇਸ਼ੀਅਰ ਪਿਘਲ ਰਹੇ ਹਨ ਅਤੇ ਸਮੁੰਦਰ ਦਾ ਜਲ ਪੱਧਰ ਲਗਾਤਾਰ ਵਧ ਰਿਹਾ ਹੈ। ਜਿਸ ਨਾਲ ਸਮੁੱਚੀ ਕੁਦਰਤ ਦੀ ਹੋਂਦ ਲਈ ਸੰਕਟ ਖੜ੍ਹਾ ਹੁੰਦਾ ਜਾ ਰਿਹਾ ਹੈ। ਅੱਜ ਦਾ ਮਨੁੱਖ ਵਿਕਾਸ ਦੀ ਦੌੜ ਵਿੱਚ ਕੁਦਰਤ ਨਾਲ ਜਿਹੀ ਛੇੜਛਾੜ ਕਰ ਰਿਹਾ ਹੈ, ਉਸਦੇ ਨਤੀਜੇ ਵਜੋਂ ਵਾਯੂਮੰਡਲ ਵਿਚ ਗੈਸਾਂ ਦਾ ਸੰਤੁਲਨ ਗੰਭੀਰ ਤਰੀਕੇ ਨਾਲ ਵਿਗੜ ਗਿਆ ਹੈ। ਇਸ ਨਾਲ ਨਾ ਸਿਰਫ਼ ਮੌਸਮ ਪੈਟਰਨ ਬਦਲ ਰਹੇ ਹਨ, ਸਗੋਂ ਧਰਤੀ ਦੀ ਉਪਜਾਊ ਸ਼ਕਤੀ ਵੀ ਲਗਾਤਾਰ ਘਟਦੀ ਜਾ ਰਹੀ ਹੈ। ਫ਼ਸਲੀ ਚੱਕਰ ਗੜਬੜਾ ਚੁੱਕਾ ਹੈ, ਜਿਹਦਾ ਸਿੱਧਾ ਅਸਰ ਵਿਅਕਤੀਗਤ ਜੀਵਨ, ਖੁਰਾਕ, ਸਿਹਤ ਅਤੇ ਆਮਦਨ 'ਤੇ ਪੈ ਰਿਹਾ ਹੈ।

ਸਭ ਤੋਂ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਜੈਵ ਵਿਭਿੰਨਤਾ, ਜੋ ਧਰਤੀ ਦੇ ਜੀਵਨ ਚੱਕਰ ਦੀ ਨਿਵ ਹੈ, ਉਸ ਉੱਤੇ ਘਾਤਕ ਖ਼ਤਰਾ ਮੰਡਰਾ ਰਿਹਾ ਹੈ। ਹਜ਼ਾਰਾਂ ਕਿਸਮ ਦੇ ਪੰਛੀ, ਥਣਧਾਰੀ ਜਾਨਵਰ ਅਤੇ ਕੀਟ-ਪਤੰਗੇ ਜਾਂ ਤਾਂ ਅਲੋਪ ਹੋ ਚੁੱਕੇ ਹਨ ਜਾਂ ਅਲੋਪ ਹੋਣ ਦੇ ਕੰਢੇ ਤੇ ਪਹੁੰਚ ਗਏ ਹਨ।

ਵਿਗਿਆਨੀਆਂ ਦੇ ਅਧਿਐਨਾਂ ਮੁਤਾਬਕ ਵਿਸ਼ਵ ਭਰ ਵਿਚ ਹਰ ਸਾਲ ਕੀਟਾਂ ਦੀ ਗਿਣਤੀ ਲਗਭਗ 2.5 ਫ਼ੀਸਦੀ ਦੀ ਦਰ ਨਾਲ ਘਟ ਰਹੀ ਹੈ, ਜੋ ਇਕ ਗੰਭੀਰ ਸੰਕੇਤ ਹੈ। ਕੀਟ-ਪਤੰਗਿਆਂ ਦਾ ਘੱਟ ਹੋਣਾ ਪਾਰਿਸਥਿਤਿਕ ਤੰਤਰ ਲਈ ਖਤਰਨਾਕ ਹੈ, ਕਿਉਂਕਿ ਇਹ ਜੀਵ ਪਰਾਗਣ ਪ੍ਰਕਿਰਿਆ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਫਸਲਾਂ ਦੀ ਪੈਦਾਵਾਰ ਵਧਾਉਣ, ਕੁਦਰਤੀ ਖਾਦ ਬਣਾਉਣ ਅਤੇ ਹੋਰ ਜੀਵਾਂ ਲਈ ਭੋਜਨ ਸਰੋਤ ਵਜੋਂ ਕੰਮ ਆਉਂਦੇ ਹਨ। ਉਨ੍ਹਾਂ ਦੇ ਬਿਨਾਂ ਨਾਂ ਸਿਰਫ਼ ਖਾਦ ਲੜੀ ਟੁੱਟੇਗੀ, ਸਗੋਂ ਆਮ ਜੀਵਨ ਭੀ ਅਸਥਿਰ ਹੋ ਜਾਵੇਗਾ। ਭਾਰਤ ਵਿੱਚ ਵੀ ਇਨ੍ਹਾਂ ਚਿੰਤਾਵਾਂ ਨੂੰ ਲੈ ਕੇ ਚਰਚਾ ਤੇ ਰਿਸਰਚ ਹੋ ਰਹੀ ਹੈ।

ਇੱਥੇ ਇਕ ਸਿੰਘ ਵਾਲਾ ਗੈਂਡਾ, ਨੀਲਗਿਰੀ ਤਾਹਰਾ, ਬੰਗਾਲੀ ਸ਼ੇਰ, ਏਸ਼ੀਆਈ ਸ਼ੇਰ, ਕਸ਼ਮੀਰੀ ਹਿਰਨ, ਕਾਲਾ ਹਿਰਨ, ਹਿਮ ਤੇਂਦੂਆ, ਡਾਲਫਿਨ, ਵੇਲ੍ਹ, ਲਾਲ ਪਾਂਡਾ, ਫਿਸ਼ਿੰਗ ਕੈਟ, ਬੰਗਾਲ ਫਲੋਰੀਕਨ, ਚਿੱਟੀ ਗਿੱਧ, ਕਠਫੋੜਾ, ਸਾਰਸ, ਚਿੜੀ ਅਤੇ ਕੋਇਲ ਵਰਗੀਆਂ ਅਨੇਕ ਪ੍ਰਜਾਤੀਆਂ ਅਲੋਪਤਾ ਦੇ ਭਿਆਨਕ ਖਤਰੇ ਵੱਲ ਵੱਧ ਰਹੀਆਂ ਹਨ। ਦੂਜੇ ਪਾਸੇ ਜੇ ਵਿਸ਼ਵ ਪੱਧਰ 'ਤੇ ਅਲੋਪ ਹੋ ਰਹੀਆਂ ਜਾਨਵਰਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਵਿਚ ਸਾਈਗਾ ਹਿਰਨ, ਧਰੁਵੀ ਭਾਲੂ, ਫਿਲੀਪੀਨਸ ਈਗਲ, ਲੰਬੇ ਨੱਕ ਵਾਲਾ ਬਾਂਦਰ, ਸਨਬ ਨੋਜ਼ਡ ਮੰਕੀ, ਜੁਗਨੂੰ, ਪਾਈਡ ਟੈਮੇਰਿਨ, ਟ੍ਰੀ ਪੈਂਗੋਲਿਨ, ਅਫਰੀਕੀ ਹਾਥੀ, ਗੋਲਡਨ ਨੋਜ਼ਡ ਮੰਕੀ, ਸੀ ਏਂਜਲਸ ਅਤੇ ਪੱਛਮੀ ਤਰਾਈ ਗੋਰੀਲਾ ਆਦਿ ਸ਼ਾਮਲ ਹਨ।ਇਹ ਸਾਰੀਆਂ ਪ੍ਰਜਾਤੀਆਂ ਮਨੁੱਖੀ ਲਾਲਚ, ਆਵਾਸ ਖੋਹਣ, ਵਾਤਾਵਰਣੀ ਤਬਾਹੀ ਅਤੇ ਸ਼ਿਕਾਰ ਦੀ ਭੇਂਟ ਚੜ ਰਹੀਆਂ ਹਨ। ਜੇਕਰ ਇਸ ਰਫ਼ਤਾਰ ਨਾਲ ਕੁਦਰਤ ਦਾ ਨਾਸ ਹੋਇਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹ ਸਾਰੀ ਜੈਵ ਵਿਭਿੰਨਤਾ ਸਿਰਫ਼ ਕਿਤਾਬਾਂ ਜਾਂ ਮਿਊਜ਼ੀਅਮਾਂ ਤੱਕ ਸੀਮਤ ਰਹਿ ਜਾਵੇਗੀ।

ਇਸ ਨਾਲ ਸਿਰਫ਼ ਪਰਬੀਜਨ ਲੜੀ ਨੂੰ ਨਹੀਂ, ਸਗੋਂ ਖੁਦ ਮਨੁੱਖੀ ਜੀਵਨ ਨੂੰ ਖ਼ਤਰਾ ਪੈਦਾ ਹੋ ਜਾਵੇਗਾ। ਸੰਯੁਕਤ ਰਾਸ਼ਟਰ ਅਤੇ ਵੱਖ-ਵੱਖ ਵਾਤਾਵਰਣ ਸੰਸਥਾਵਾਂ ਵੱਲੋਂ ਲਗਾਤਾਰ ਇਹ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਜੇਕਰ ਅਸੀਂ ਹੁਣ ਵੀ ਨਾਂ ਸੰਭਲੇ ਤਾਂ ਸਾਰਾ ਤਰਤੀ ਸੱਭਿਆਚਾਰ ਤੇ ਸਿਸਟਮ ਢਹਿ ਜਾਵੇਗਾ। ਵਾਤਾਵਰਣ ਬਚਾਉਣ ਦੀ ਦਿਸ਼ਾ ਵਿੱਚ ਸੰਸਾਰ ਭਰ ਦੀਆਂ ਸਰਕਾਰਾਂ ਨੂੰ ਗੰਭੀਰਤਾ ਨਾਲ ਕਦਮ ਚੁੱਕਣੇ ਹੋਣਗੇ ਅਤੇ ਕਾਨੂੰਨੀ ਪੱਧਰ 'ਤੇ ਵੀ ਪਲਾਸਟਿਕ, ਕਾਰਬਨ ਨਿਕਾਸ, ਜੰਗਲਾਂ ਦੀ ਕਟਾਈ ਤੇ ਉਦਯੋਗਿਕ ਪ੍ਰਦੂਸ਼ਣ ਉੱਤੇ ਪਾਬੰਦੀ ਲਾਉਣੀ ਹੋਵੇਗੀ। ਧਰਤੀ ਮਾਤਾ ਸਾਡੀ ਸਾਂਝੀ ਵਿਰਾਸਤ ਹੈ। ਅਸੀਂ ਜਿਹੜੀ ਧਰਤੀ ਆਪਣੇ ਬੱਚਿਆਂ ਲਈ ਛੱਡ ਕੇ ਜਾਣੀ ਹੈ, ਉਹ ਸਾਫ, ਸੁਰੱਖਿਅਤ, ਹਰੀ-ਭਰੀ ਹੋਣੀ ਚਾਹੀਦੀ ਹੈ। ਧਰਤੀ ਦਿਵਸ ਮੌਕੇ ਅਸੀਂ ਸਭ ਨੂੰ ਇਹ ਵਾਅਦਾ ਕਰਨਾ ਚਾਹੀਦਾ ਹੈ ਕਿ ਅਸੀਂਪੌਦੇ ਲਗਾ ਕੇ, ਪਲਾਸਟਿਕ ਤੋਂ ਤੋਬਾ ਕਰ ਕੇ, ਅਤੇ ਕੁਦਰਤ ਨਾਲ ਪਿਆਰ ਕਰ ਕੇ ਆਪਣੇ ਭਵਿੱਖ ਨੂੰ ਸੰਵਾਰਾਂਗੇ। ਇਹ ਸਿਰਫ਼ ਇਕ ਦਿਨ ਦੀ ਯਾਦ ਨਹੀਂ, ਸਗੋਂ ਹਰ ਰੋਜ਼ ਦੀ ਜ਼ਿੰਮੇਵਾਰੀ ਬਣਾਈਏ।

# ਪਾਣੀ ਅਤੇ ਸਵੱਛਤਾ ਸੰਕਟ ਦੇ ਹੱਲ ਲਈ ਤਬਦੀਲੀ ਜ਼ਰੂਰੀ

**ਲਿਖਤ : ਸੋਹਨ ਸਿੰਘ ਚਾਹਲ,**
**ਸੰਪਰਕ : 94639-50475**

ਲੋਕਾਂ ਨੂੰ ਪਾਣੀ ਦੀ ਵਰਤੋਂ, ਖਪਤ ਅਤੇ ਪ੍ਰਬੰਧਨ ਦੇ ਤਰੀਕੇ ਨੂੰ ਬਦਲਣ ਲਈ ਆਪਣੇ ਜੀਵਨ ਵਿੱਚ ਤਬਦੀਲੀ ਲਿਆਉਣ ਲਈ ਉਤਸ਼ਾਹਿਤ ਕਰਨਾ ਅਤਿਅੰਤ ਜ਼ਰੂਰੀ ਹੈ ਅਤੇ ਇਹੋ ਭਾਵ "ਪਾਣੀ ਅਤੇ ਸਵੱਛਤਾ ਸੰਕਟ ਨੂੰ ਹੱਲ ਕਰਨ ਲਈ ਤਬਦੀਲੀ ਨੂੰ ਤੇਜ਼ ਕਰਨਾ" ਹੀ 2023 ਦੇ ਵਿਸ਼ਵ ਪਾਣੀ ਦਿਵਸ ਦਾ ਥੀਮ ਹੈ, ਜਿਹੜਾ ਹਰ ਸਾਲ ਸੰਸਾਰ ਵਿੱਚ 22 ਮਾਰਚ ਨੂੰ ਮਨਾਇਆ ਜਾਂਦਾ ਹੈ। 1993 ਤੋਂ ਹੀ ਸੰਯੁਕਤ ਰਾਸ਼ਟਰ ਸਭਾ ਵਲੋਂ ਇਸ ਦਿਨ ਨੂੰ ਸੰਸਾਰ ਵਿੱਚ ਰਹਿੰਦੇ ਮਨੁੱਖਾਂ ਨੂੰ ਪਾਣੀ ਦਾ ਜੀਵਨ ਵਿੱਚ ਮਹੱਤਵ, ਜ਼ਰੂਰਤ ਅਤੇ ਬਚਾਓ ਸਬੰਧੀ ਜਾਗਰੂਕ ਕਰਨ ਲਈ ਇਹ ਪ੍ਰੋਗਰਾਮ ਚਲਾਇਆ ਜਾਂਦਾ ਹੈ।

ਪਾਣੀ ਹਰ ਇੱਕ ਮਨੁੱਖ ਤੇ ਜੀਵ-ਜੰਤੂ ਦੀ ਜ਼ਰੂਰਤ ਹੈ। ਇਸ ਲਈ ਕਹਾਵਤ ਹੈ, ਕਿ 'ਪਾਣੀ ਹੀ ਜ਼ਿੰਦਗੀ ਹੈ'। ਕੁਦਰਤ ਸਾਨੂੰ ਜਿਉਣ ਲਈ ਪਾਣੀ ਮੁਹੱਈਆ ਕਰਵਾਉਂਦੀ ਹੈ। ਬ੍ਰਹਿਮੰਡ ਵਿੱਚ ਬਹੁਤ ਸਾਰੇ ਗ੍ਰਹਿ ਹਨ, ਪਰ ਧਰਤੀ 'ਤੇ ਹੀ ਜੀਵਨ ਸੰਭਵ ਹੈ, ਕਿਉਕੀਂ ਪਾਣੀ ਸਿਰਫ ਇਥੇ ਮੌਜੂਦ ਹੈ। ਪਰ ਅੱਜ ਮਨੁੱਖ ਨੇ ਆਪਣੇ ਲਾਲਚ ਲਈ ਧਰਤੀ 'ਤੇ ਥਾਂ-ਥਾਂ ਉਤੇ ਗੰਦਗੀ ਫੈਲਾ ਕੇ ਆਪਣੇ ਲਈ ਹੀ ਜਿਉਣ ਦਾ ਪਾਣੀ ਪ੍ਰਦੂਸ਼ਿਤ ਕਰ ਲਿਆ ਹੈ। ਅੱਜ ਤਰੱਕੀ ਦੇ ਨਾਂ 'ਤੇ ਪ੍ਰਕ੍ਰਿਤਕ ਸਾਧਨਾਂ ਨੂੰ ਤਹਿਸ-ਨਹਿਸ ਕਰ ਦਿੱਤਾ ਹੈ।

ਅੱਜ ਫੈਕਟਰੀਆਂ ਦੀ ਕਿੰਨੀ ਹੀ ਗੰਦਗੀ ਨਦੀਆਂ ਨਾਲਿਆਂ ਵਿੱਚ ਵਹਾਈ ਜਾ ਰਹੀ ਹੈ ਅਤੇ ਪੀਣ ਵਾਲੇ ਪਾਣੀ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਸਮੁੰਦਰ ਵਿੱਚ ਕਿੰਨੀ ਹੀ ਗੰਦਗੀ ਮਿਲਾਈ ਜਾ ਰਹੀ ਹੈ, ਜਿਸ ਨਾਲ ਪਾਣੀ ਵਿੱਚ ਰਹਿਣ ਵਾਲੇ ਹਜ਼ਾਰਾਂ ਜੀਵ-ਜੰਤੂਆਂ ਨੂੰ ਖਤਮ ਕੀਤਾ ਜਾਂ ਰਿਹਾ ਹੈ। ਆਸਥਾ ਦੇ ਨਾਂ 'ਤੇ ਕਿੰਨਾ ਕੁਝ ਨਦੀਆਂ-ਦਰਿਆਵਾਂ ਦੇ ਪਵਿੱਤਰ ਪਾਣੀ ਵਿੱਚ ਸੁੱਟ ਕੇ ਉਨ੍ਹਾਂ ਦੀ ਪਵਿੱਤਰਤਾ ਨੂੰ ਖੋਰਾ ਲਾਇਆ ਜਾ ਰਿਹਾ ਹੈ। ਆਪਣੇ ਘਰਾਂ ਦੇ ਕੂੜੇ ਨੂੰ ਆਸ ਪਾਸ ਦੇ ਪੀਣ ਵਾਲੇ ਸਰੋਤਾਂ ਵਿੱਚ ਸੁੱਟ ਕੇ ਜ਼ਹਿਰੀਲਾ ਕੀਤਾ ਜਾ ਰਿਹਾ ਹੈ। ਲਗਾਤਾਰ ਕੀਟ ਨਾਸ਼ਕਾਂ ਦੇ ਪ੍ਰਯੋਗ ਨੇ ਪੀਣ ਵਾਲਾ ਪਾਣੀ ਜ਼ਹਿਰੀਲਾ ਕਰ ਦਿੱਤਾ ਹੈ, ਜਿਸ ਦਾ ਅਸਰ ਮਨੁੱਖ ਤੇ ਜੀਵ ਜੰਤੂਆਂ 'ਤੇ ਦੇਖਣ ਨੂੰ ਮਿਲ ਰਿਹਾ ਹੈ। ਅੰਨ੍ਹੇਵਾਹ ਦਰਖ਼ਤਾਂ ਦੀ ਕਟਾਈ ਤੇ ਲਗਾਤਾਰ ਵਧ ਰਿਹੇ ਹਵਾ ਪ੍ਰਦੂਸ਼ਣ ਨਾਲ ਆਲਮੀ ਤਪਸ਼ ਕਾਰਨ ਦਿਨੋ-ਦਿਨ ਧਰਤੀ ਦਾ ਤਾਪਮਾਨ ਵਧ ਰਿਹਾ ਹੈ, ਜਿਸ ਨਾਲ ਵਰਖਾ ਘੱਟ

ਹੋਣ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਥੱਲੇ ਜਾ ਰਿਹਾ ਹੈ। ਪਾਣੀ ਦੇ ਸਰੋਤ ਲਗਾਤਾਰ ਸੁੱਕਦੇ ਜਾ ਰਹੇ ਹਨ। ਸੰਸਾਰ ਦੀ ਅਬਾਦੀ ਲਗਾਤਾਰ ਵਧ ਰਹੀ ਹੈ ਪਰ ਪੀਣ ਵਾਲੇ ਸ਼ੁੱਧ ਪਾਣੀ ਦੀ ਲਗਾਤਾਰ ਕਮੀ ਆ ਰਹੀ ਹੈ, ਜਿਸ ਕਾਰਨ ਮਨੁੱਖ ਹੁਣ ਗੰਦਾ ਪਾਣੀ ਪੀਣ ਲਈ ਮਜਬੂਰ ਹੈ।

ਧਰਤੀ ਦੀ ਸਤਹਿ ਦਾ ਲਗਭਗ 71 ਪ੍ਰਤੀਸ਼ਤ ਭਾਗ ਪਾਣੀ ਨਾਲ ਢੱਕਿਆ ਹੋਇਆ ਹੈ, ਜਿਸ ਵਿੱਚੋਂ ਮਹਾਸਾਗਰਾਂ ਵਿੱਚ 96.5 ਪ੍ਰਤੀਸ਼ਤ ਖਾਰਾ ਪਾਣੀ ਹੈ। ਲੂਣਾਂ ਦੀ ਮਾਤਰਾ ਜ਼ਿਆਦਾ ਹੋਣ ਕਾਰਣ ਅਸੀਂ ਇਹ ਪਾਣੀ ਪੀ ਨਹੀਂ ਸਕਦੇ। ਬਾਕੀ 3.5 ਪ੍ਰਤੀਸ਼ਤ ਪਾਣੀ ਹੀ ਅਸੀਂ ਪੀਣ ਲਈ ਵਰਤ ਸਕਦੇ ਹਾਂ, ਜਿਸ ਵਿੱਚੋਂ 2 ਪ੍ਰਤੀਸ਼ਤ ਬਰਫ ਦੇ ਰੂਪ ਵਿੱਚ ਜਮਿਆ ਹੈ। ਕੁਝ ਪਾਣੀ




ਵਾਸ਼ਪ/ਭਾਫ਼ ਦੇ ਰੂਪ ਵਿੱਚ ਵਾਯੂਮੰਡਲ ਵਿੱਚ ਹੈ। ਲਗਭਗ 1 ਪ੍ਰਤੀਸ਼ਤ ਸ਼ੁੱਧ ਪਾਣੀ ਹੈ ਜੋ ਸਾਨੂੰ ਅਸਾਨੀ ਨਾਲ ਪੀਣ ਲਈ ਮਿਲਦਾ ਹੈ। ਇਸ 1 ਪ੍ਰਤੀਸ਼ਤ ਵਿਚੋਂ ਵੀ 60 ਪ੍ਰਤੀਸ਼ਤ ਜਾਨਵਰ ਵਰਤਦੇ ਹਨ। ਇਸ ਲਈ ਸ਼ੁੱਧ ਪਾਣੀ ਸੱਚਮੁਚ ਹੀ ਸਾਡੇ ਲਈ ਅਨਮੋਲ ਹੈ।

ਮਨੁੱਖੀ ਸਰੀਰ ਵਿੱਚ 60 ਪ੍ਰਤੀਸ਼ਤ ਪਾਣੀ ਹੈ। ਪਾਣੀ ਤੋਂ ਬਿਨਾਂ ਮਨੁੱਖ ਜੀਉਂਦਾ ਨਹੀਂ ਰਹਿ ਸਕਦਾ। ਮਨੁੱਖ ਲਈ ਹਰ ਰੋਜ਼ 3 ਲੀਟਰ ਤੇ ਪਸ਼ੂਆਂ ਲਈ 50 ਲੀਟਰ ਸ਼ੁੱਧ ਪਾਣੀ ਦੀ ਪੀਣ ਲਈ ਜ਼ਰੂਰਤ ਹੁੰਦੀ ਹੈ। ਇਹ ਪਾਣੀ ਨਦੀਆਂ, ਸਰੋਵਰਾਂ, ਝੀਲਾਂ, ਖੂਹਾਂ ਅਤੇ ਝਰਨਿਆਂ ਰਾਹੀਂ ਮਿਲਦਾ ਹੈ। ਪਰ ਮਨੁੱਖ ਦੇ ਲਾਲਚ ਨੇ ਪਾਣੀ ਦੇ ਇਨ੍ਹਾਂ ਸਰੋਤਾਂ ਨੂੰ ਵੀ ਗੰਧਲੇ ਕਰ ਦਿੱਤਾ ਹੈ। ਹਾਲ ਇਹ ਹੋ ਗਿਆ ਹੈ ਕਿ ਅੱਜ ਸੰਸਾਰ ਦੇ 10 ਵਿਅਕਤੀਆਂ ਵਿੱਚੋਂ 2 ਨੂੰ ਪੀਣ ਲਈ ਗੰਦਾ ਪਾਣੀ ਮਿਲ ਰਿਹਾ ਹੈ। ਹਰ ਰੋਜ਼ ਮਨੁੱਖ ਦੰਦਾਂ ਨੂੰ ਸਾਫ਼ ਕਰਨ, ਨਹਾਉਣ ਅਤੇ ਫ਼ਲੱਸ਼ ਵਿੱਚ ਲਈ ਕਿੰਨਾ ਹੀ ਪੀਣ ਯੋਗ ਪਾਣੀ ਵਿਅਰਥ ਵਹਾ ਦਿੰਦਾ ਹੈ। ਅੱਜ ਸੰਸਾਰ ਦੇ ਲਗਭਗ 1.5 ਅਰਬ ਲੋਕਾਂ ਨੂੰ ਪੀਣ ਵਾਲਾ ਸ਼ੁੱਧ ਪਾਣੀ ਨਹੀਂ ਮਿਲ ਰਿਹਾ। ਹਰ ਸਾਲ ਸੰਸਾਰ ਦੇ 22 ਲੱਖ ਲੋਕ ਪਾਣੀ ਦੀਆਂ ਬਿਮਾਰੀਆਂ ਕਾਰਨ ਮਰ ਰਹੇ ਹਨ।

ਜੇ ਗੱਲ ਅਸੀਂ ਆਪਣੇ ਸੂਬੇ ਪੰਜਾਬ ਦੀ ਹੀ ਕਰੀਏ ਤਾਂ ਪੰਜ ਦਰਿਆਵਾਂ ਦੀ ਇਸ ਧਰਤੀ ਦੇ ਦਰਿਆ ਸੁੱਕਦੇ ਜਾ ਰਹੇ ਹਨ। ਲਗਾਤਾਰ ਕੀਟਨਾਸ਼ਕ ਦਵਾਇਆਂ ਦੀ ਵਰਤੋਂ ਤੇ ਵਧਦੇ ਪ੍ਰਦੂਸ਼ਣ ਕਾਰਨ ਇੱਥੋਂ ਦਾ ਜ਼ਿਆਦਾਤਰ ਪਾਣੀ ਵੀ ਗੰਦਾ ਹੋ ਚੁੱਕਾ ਹੈ। ਪੰਜਾਬ ਦੇ ਕਈ ਇਲਾਕਿਆਂ ਵਿੱਚ ਪਾਣੀ ਗੰਦਾ ਹੋਣ ਕਾਰਨ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਫੈਲ ਚੁੱਕੀਆਂ ਹਨ। ਧਰਤੀ ਹੇਠਲੇ ਪਾਣੀ ਦਾ ਪੱਧਰ ਘਟਣ ਨਾਲ ਹਰ ਸਾਲ ਲੱਖਾਂ ਰੁਪਏ ਲਾ ਕੇ ਕਿਸਾਨ ਫ਼ਸਲਾਂ ਦੀ ਸਿੰਜਾਈ ਲਈ ਖੂਹਾਂ/ਬੋਰਾਂ ਨੂੰ ਡੂੰਘਾ ਕਰਵਾ ਰਹੇ ਹਨ। ਦਰਿਆਵਾਂ ਦੇ ਪਾਣੀ ਨੂੰ ਲੈ ਕੇ ਗੁਆਂਢੀ ਸੂਬਿਆਂ ਨਾਲ ਵਿਵਾਦ ਚੱਲ ਰਿਹਾ ਹੈ। ਪਾਣੀ ਦੀ ਘਾਟ ਨਾਲ ਕਿਸਾਨੀ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਅੱਜ ਸਮੇਂ ਦੀ ਲੋੜ ਹੈ ਇਸ ਬਾਰੇ ਜਾਗਰੂਕ ਹੋਣ ਦੀ।

ਸਾਡੇ ਧਰਮ ਗ੍ਰੰਥਾਂ ਵਿੱਚ ਵੀ ਕੁਦਰਤ ਦੇ ਇਨ੍ਹਾਂ ਸਰੋਤਾਂ ਦੀ ਸਾਡੇ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਦਰਸਾਈ ਗਈ ਹੈ। ਅਸੀਂ ਹਰ ਰੋਜ਼ 'ਜਪੁਜੀ ਸਾਹਿਬ' ਵਿੱਚ ਗੁਰੂ ਜੀ ਦਾ ਸਲੋਕ ਪੜ੍ਹਦੇ ਹਾਂ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਜਿਸ ਵਿੱਚ ਉਨ੍ਹਾਂ ਹਵਾ, ਪਾਣੀ ਤੇ ਧਰਤੀ ਵਰਗੇ ਪ੍ਰਕ੍ਰਿਤਕ ਸਰੋਤਾਂ ਦਾ ਮਨੁੱਖ ਦੇ ਜੀਵਨ ਵਿੱਚ ਮਹੱਤਵ ਬਾਰੇ ਦੱਸਿਆ। ਪਰ ਅਸੀਂ ਇਸ ਨੂੰ ਸੰਦੇਸ਼ ਨੂੰ ਮੰਨਦੇ ਨਹੀਂ। ਸੰਯੁਕਤ ਰਾਸ਼ਟਰ ਵੱਲੋਂ ਸ਼ੁੱਧ ਪਾਣੀ ਸਬੰਧੀ ਆਪਣਾ ਪ੍ਰੋਗਰਾਮ 2030 ਤੱਕ ਚਲਾਉਣ ਦਾ ਟੀਚਾ ਨਿਸ਼ਚਿਤ ਕੀਤਾ ਗਿਆ ਹੈ। ਜਿਸ ਸਬੰਧ ਵਿੱਚ ਹਰ ਸਾਲ 22 ਮਾਰਚ ਨੂੰ ਵਿਸ਼ਵ ਪਾਣੀ ਦਿਵਸ 'ਤੇ ਇਕ ਵਿਸ਼ਾ ਦਿੱਤਾ ਜਾਂਦਾ ਹੈ। ਵਿਸ਼ਵ ਪਾਣੀ ਦਿਵਸ 2023 ਦਾ ਮੁੱਖ ਥੀਮ "ਮੁਹਿੰਮ-ਤਬਦੀਲੀ ਲਿਆਓ" ਹੈ ਤਾਂ ਜੋ ਲੋਕਾਂ ਨੂੰ ਪਾਣੀ ਦੀ ਵਰਤੋਂ, ਖਪਤ ਅਤੇ ਪ੍ਰਬੰਧਨ ਦੇ ਤਰੀਕੇ ਨੂੰ ਬਦਲਣ ਲਈ ਆਪਣੇ ਜੀਵਨ ਵਿੱਚ ਤਬਦੀਲੀ ਲਿਆਉਣ ਲਈ ਪ੍ਰੇਰਿਤ ਕੀਤਾ ਜਾ ਸਕੇ। ਅਸੀਂ ਵੀ ਸਮਾਜ ਨੂੰ ਜੀਵਨ ਵਿੱਚ ਪਾਣੀ ਦੇ ਮਹੱਤਵ ਸਬੰਧੀ ਜਾਣਕਾਰੀ ਦੇਣ ਵਿੱਚ ਆਪਣੀ ਭੂਮਿਕਾ ਨਿਭਾਈਏ ਅਤੇ ਦਿਨੋ-ਦਿਨ ਪ੍ਰਦੂਸ਼ਿਤ ਹੋ ਰਹੇ ਪਾਣੀ ਨੂੰ ਬਚਾਈਏ।

# ਗ਼ਦਰ ਲਹਿਰ ਵਿੱਚ ਸ਼ਹੀਦੀ ਪਾਉਣ ਵਾਲੇ ਕੈਨੇਡਾ ਦੇ ਸਭ ਤੋਂ ਧਨਵਾਨ ਅਤੇ ਦਾਨੀ ਸਿੱਖ ਭਾਈ ਰਾਮ ਸਿੰਘ ਧੁਲੇਤਾ




ਡਾ ਗੁਰਵਿੰਦਰ ਸਿੰਘ
604-825-1550


23 ਅਪ੍ਰੈਲ 1918 : ਸ਼ਹੀਦੀ ਦਿਹਾੜਾ





ਸ਼ਹੀਦ ਭਾਈ ਰਾਮ ਸਿੰਘ ਧੁਲੇਤਾ

ਗ਼ਦਰ ਲਹਿਰ ਵਿੱਚ ਸ਼ਹੀਦੀ ਪਾਉਣ ਵਾਲੇ ਕੈਨੇਡਾ ਦੇ ਸਭ ਤੋਂ ਧਨਵਾਨ ਅਤੇ ਦਾਨੀ ਭਾਈ ਰਾਮ ਸਿੰਘ ਧੁਲੇਤਾ ਕੈਨੇਡਾ ਦੇ ਮੋਢੀ ਸਿੱਖਾਂ ਵਿਚੋਂ ਪ੍ਰਮੁੱਖ ਸਨ। ਭਾਈ ਰਾਮ ਸਿੰਘ ਧੁਲੇਤਾ ਦਾ ਜਨਮ ਸੰਨ 1886 ਵਿੱਚ ਗੁਰਾਇਆ ਨੇੜੇ, ਤਹਿਸੀਲ ਫਿਲੌਰ ਜ਼ਿਲਾ ਜਲੰਧਰ 'ਚ ਪੈਂਦੇ ਪਿੰਡ ਧੁਲੇਤਾ ਵਿਖੇ ਕਿਸਾਨ ਭਾਈ ਜੀਵਨ ਸਿੰਘ ਸਹੋਤਾ ਦੇ ਗ੍ਰਹਿ ਵਿਖੇ ਹੋਇਆ। ਧੁਲੇਤਾ ਪਿੰਡ ਵਿੱਚ ਖੇਤੀਬਾੜੀ ਕਰਦਿਆਂ, ਕਰੀਬ 21 ਸਾਲ ਦੀ ਉਮਰ ਵਿੱਚ ਆਪ ਨੇ ਕੈਨੇਡਾ ਆਉਣ ਦਾ ਫੈਸਲਾ ਲਿਆ। ਮਿਹਨਤ-ਮੁਸ਼ੱਕਤ ਕਰਕੇ ਆਰਥਿਕ ਜੀਵਨ ਦੀ ਖ਼ੁਸ਼ਹਾਲੀ ਲਈ ਭਾਈ ਰਾਮ ਸਿੰਘ ਸੰਨ 1907 ਵਿੱਚ ਵੈਨਕੂਵਰ ਆਏ। ਇੱਥੇ ਆ ਕੇ ਆਪ ਨੇ ਲੱਕੜ ਦੀ ਮਿੱਲ 'ਚ ਕੰਮ ਸ਼ੁਰੂ ਕੀਤਾ ਤੇ ਜਲਦੀ ਹੀ 'ਫੋਰਮੈਨ' ਬਣ ਗਏ। ਕੁਝ ਸਮਾਂ ਮਗਰੋਂ ਆਪ ਨੇ ਨੌਕਰੀ ਛੱਡ ਕੇ ਲੱਕੜ ਲੱਦਣ ਦੇ ਠੇਕੇ ਲੈਣ ਦਾ ਕਾਰੋਬਾਰ ਸ਼ੁਰੂ ਕਰ ਲਿਆ ਅਤੇ ਵੱਡੀ ਕਾਮਯਾਬੀ ਹਾਸਿਲ ਕੀਤੀ।

ਸਖਤ ਮਿਹਨਤ ਅਤੇ ਤੀਖਣ ਬੁੱਧੀ ਸਦਕਾ ਭਾਈ ਰਾਮ ਸਿੰਘ ਧੁਲੇਤਾ ਨੇ ਕੈਨੇਡਾ ਵਿੱਚ ਰੀਅਲ ਅਸਟੇਟ ਦੇ ਖੇਤਰ ਵਿੱਚ ਚੋਖੀ ਜਾਇਦਾਦ ਬਣਾਈ। ਇਹ ਅਜਿਹਾ ਸਮਾਂ ਸੀ ਜਦੋਂ ਵੈਨਕੂਵਰ ਵਿੱਚ ਰੀਅਲ ਸਟੇਟ ਦੀਆਂ ਕੀਮਤਾਂ ਸਿਖਰ ਨੂੰ ਛੂ ਰਹੀਆਂ ਸਨ। ਅਜਿਹੇ ਸਮੇਂ ਭਾਈ ਰਾਮ ਸਿੰਘ ਧੁਲੇਤਾ ਨੇ ਆਪਣਾ ਪੈਸਾ ਜ਼ਮੀਨ ਖਰੀਦਣ ਵਿੱਚ ਲਾ ਦਿੱਤਾ। ਕੈਨੇਡਾ ਅਤੇ ਅਮਰੀਕਾ ਦੇ ਮੋਢੀ ਸਿੱਖਾਂ ਅਤੇ ਗ਼ਦਰੀ ਯੋਧਿਆਂ ਬਾਰੇ, ਅੰਮ੍ਰਿਤਸਰ ਤੋਂ ਛਪਦੇ 'ਕਿਰਤੀ' ਅਖਬਾਰ ਦੇ ਫਰਵਰੀ 1927 ਦੇ ਅੰਕ ਵਿੱਚ ਭਾਈ ਰਾਮ ਸਿੰਘ ਧੁਲੇਤਾ ਦੇ ਲਿਖੇ ਜੀਵਨ 'ਚੋਂ ਵੇਰਵਾ ਮਿਲਦਾ ਹੈ ਕਿ ਆਪ ਕੈਨੇਡਾ ਦੇ ਸਭ ਤੋਂ ਧਨੀ ਸਿੱਖ ਸਨ, ਜਿਹਨਾਂ ਕੈਨੇਡਾ ਵਿੱਚ ਇਕ ਲੱਖ ਪੱਚੀ ਹਜ਼ਾਰ ਡਾਲਰ ਦੀ ਜ਼ਮੀਨ ਖਰੀਦੀ ਸੀ ਅਤੇ ਇਸ ਤੋਂ ਇਲਾਵਾ ਵੱਡੀ ਪੱਧਰ ਤੇ ਹੋਰ ਵੀ ਧਨ ਵੱਖ-ਵੱਖ ਧੰਦਿਆਂ ਵਿੱਚ ਨਿਵੇਸ਼ ਕੀਤਾ ਸੀ।

ਵੱਡੀ ਗੱਲ ਇਹ ਸੀ ਕਿ ਭਾਈ ਰਾਮ ਸਿੰਘ ਧੁਲੇਤਾ ਆਰਥਿਕ ਪੱਖੋਂ ਏਨੇ ਖੁਸ਼ਹਾਲ ਹੁੰਦਿਆਂ ਵੀ, ਬੇਹੱਦ ਹਲੀਮੀ ਵਾਲੇ ਸੁਭਾਅ ਦੇ ਮਾਲਕ ਸਨ ਅਤੇ ਕਿਸੇ ਤਰ੍ਹਾਂ ਦਾ ਮਾਣ ਨਹੀਂ ਸਨ ਕਰਦੇ। ਉਹ ਆਪਣੇ ਸਮੇਂ ਦੇ ਵੱਡੇ ਦਾਨੀ ਸਿੱਖ ਸਨ, ਜਿਹਨਾਂ ਕੈਨੇਡਾ ਵਿੱਚ ਗੁਰਦੁਆਰਿਆਂ ਦੀ ਸਥਾਪਨਾ, ਲੋੜਵੰਦ ਭਾਰਤੀਆਂ ਦੀ ਮਦਦ, ਗੁਰੂ ਨਾਨਕ ਜਹਾਜ਼ ਦੀ ਕਿਸ਼ਤ 'ਚ ਵੱਡੇ ਪੱਧਰ ਤੇ ਦਾਨ ਦੇਣ ਦੇ ਨਾਲ-ਨਾਲ, ਗ਼ਦਰ ਪਾਰਟੀ ਦੀ ਸਥਾਪਨਾ 'ਚ ਤਨੋਂ, ਮਨੋਂ ਅਤੇ ਧਨੋਂ ਭਰਪੂਰ ਯੋਗਦਾਨ ਪਾਇਆ ਸੀ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਅਤੇ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਦੇ ਗੁਰਦੁਆਰਿਆਂ ਦੀ ਸਥਾਪਨਾ ਵਿੱਚ ਆਪ ਨੇ ਪ੍ਰਮੁੱਖ ਦਾਨੀ ਵਜੋਂ ਸੇਵਾ ਨਿਭਾਈ। ਗੁਰਦੁਆਰਾ ਸਥਾਨਾਂ 'ਚ ਗੁਰਪੁਰਬ ਮਨਾਉਣ ਜਾਂ ਸਮਾਜਿਕ ਅਤੇ ਰਾਜਨੀਤਿਕ ਇਕੱਠਾਂ ਮੌਕੇ ਵੱਡੇ ਖਰਚੇ ਭਾਈ ਰਾਮ ਸਿੰਘ ਧੁਲੇਤਾ ਹੀ ਕਰਿਆ ਕਰਦੇ ਸਨ।

ਭਾਈ ਰਾਮ ਸਿੰਘ ਧੁਲੇਤਾ ਅੰਦਰ ਮਨੁੱਖੀ ਹੱਕਾਂ, ਆਜ਼ਾਦੀ ਲਈ ਸੰਘਰਸ਼, ਨਸਲਵਾਦ ਖਿਲਾਫ ਸੋਚ ਅਤੇ ਬਸਤੀਵਾਦ ਵਿਰੋਧੀ ਦ੍ਰਿੜ ਇਰਾਦਾ ਮਜ਼ਬੂਤ ਸੀ। ਗ਼ਦਰ ਪਾਰਟੀ ਦੀ ਸਥਾਪਨਾ ਵੇਲੇ ਸੰਨ 1913 ਵਿੱਚ ਆਪ ਅਮਰੀਕਾ ਗਏ ਅਤੇ ਪਾਰਟੀ ਲਈ ਫੰਡ ਇਕੱਠੇ ਕਰਨ ਅਤੇ ਆਪਣੇ ਵੱਲੋਂ ਦਾਨ ਦੇਣ ਵਿੱਚ ਚੋਖਾ ਸਹਿਯੋਗ ਪਾਇਆ। ਆਪ ਨੇ ਆਪਣੀ ਅਮਰੀਕਾ ਵਿਖੇ ਜਾਇਦਾਦ ਵੀ ਗ਼ਦਰ ਪਾਰਟੀ ਨੂੰ ਦਾਨ ਕੀਤੀ। ਪਹਿਲੀ ਸੰਸਾਰ ਜੰਗ ਸ਼ੁਰੂ ਹੋਣ ਵੇਲੇ ਅਗਸਤ 1914 ਨੂੰ ਅਮਰੀਕਾ ਅਤੇ ਕੈਨੇਡਾ ਤੋਂ ਬਹੁਤ ਸਾਰੇ ਗ਼ਦਰੀ ਯੋਧੇ ਭਾਰਤ ਵੱਲ ਰਵਾਨਾ ਹੋ ਗਏ ਸਨ। ਅਮਰੀਕਾ ਤੋਂ ਗ਼ਦਰ ਪਾਰਟੀ ਦੇ ਪ੍ਰਧਾਨ ਭਾਈ ਭਗਵਾਨ ਸਿੰਘ ਪ੍ਰੀਤਮ ਅਤੇ ਸਕੱਤਰ ਭਾਈ ਸੰਤੋਖ ਸਿੰਘ ਧਰਦਿਓ ਸਿਆਮ-ਬਰਮਾ ਚਲੇ ਗਏ। ਉਸ ਸਮੇਂ ਸਾਨ-ਫਰਾਂਸਿਸਕੋ ਵਿਖੇ ਗ਼ਦਰ ਆਸ਼ਰਮ ਵਿੱਚ ਪਾਰਟੀ ਦਾ ਪ੍ਰਬੰਧਕ ਤੇ ਗ਼ਦਰ ਅਖਬਾਰ ਦਾ ਐਡੀਟਰ ਪੰਡਤ ਰਾਮ ਚੰਦਰ ਪਿਸ਼ਾਵਰੀ ਹੀ ਰਹਿ ਗਿਆ ਸੀ। ਉਹ ਲਾਲਾ ਹਰਦਿਆਲ ਦੀ 'ਮਿਹਰਬਾਨੀ' ਨਾਲ ਆਪਣੀ ਪਤਨੀ ਸਣੇ ਅਮਰੀਕਾ ਆਇਆ ਸੀ, ਜਿਸ ਨੇ ਜਲਦੀ ਗ਼ਦਰ ਪਾਰਟੀ ਵਿੱਚ ਆਪਣਾ ਅਸਰ-ਰਸੂਖ ਕਾਇਮ ਕਰ ਲਿਆ ਤੇ ਗ਼ਦਰ ਪਾਰਟੀ ਦੇ ਆਸ਼ਰਮ ਅਤੇ ਪ੍ਰੈਸ ਤੇ ਵੀ ਗਲਬਾ ਪਾ ਲਿਆ ਸੀ।

ਪੰਡਤ ਰਾਮ ਚੰਦਰ ਪਿਸ਼ਾਵਰੀ ਅੰਦਰੋਂ ਬੇਈਮਾਨ ਅਤੇ ਮੌਕਾਪ੍ਰਸਤ ਵਿਅਕਤੀ ਸੀ। ਬਾਕੀ ਗ਼ਦਰੀਆਂ ਦੇ ਭਾਰਤ ਜਾਣ ਮਗਰੋਂ ਰਾਮ ਚੰਦਰ ਦੇ ਮਨ ਵਿੱਚ ਗ਼ਦਰ ਪਾਰਟੀ, ਪ੍ਰੈਸ ਅਤੇ ਆਸ਼ਰਮ ਤੇ ਕਬਜ਼ਾ ਕਰਨ ਦੀ ਖੋਟ ਸੀ। ਉਸ ਨੂੰ ਸਭ ਤੋਂ ਵੱਡਾ ਖਤਰਾ ਭਾਈ ਰਾਮ ਸਿੰਘ ਧੁਲੇਤਾ ਤੋਂ ਹੀ ਸੀ, ਕਿਉਂਕਿ ਕਈ ਆਮ ਵਿਅਕਤੀਆਂ ਨੂੰ ਉਸ ਨੇ ਪ੍ਰਭਾਵਿਤ ਕਰ ਲਿਆ ਸੀ। ਅਜਿਹੇ ਮੌਕੇ ਗਹਿਰੀ ਚਾਲ ਖੇਡਦਿਆਂ ਪੰਡਤ ਰਾਮ ਚੰਦਰ ਪਿਸ਼ਾਵਰੀ ਨੇ ਭਾਈ ਰਾਮ ਸਿੰਘ ਧੁਲੇਤਾ ਨੂੰ ਕਿਹਾ ਕਿ ਉਹ ਗ਼ਦਰੀ ਯੋਧਿਆਂ ਲਈ ਸੁਨੇਹਾ ਲੈ ਕੇ ਭਾਰਤ ਰਵਾਨਾ ਹੋ ਜਾਣ। ਉਸ ਨੇ 'ਗੁਪਤ ਸਨੇਹਾ' ਭਾਈ ਸਾਹਿਬ ਦੇ ਬੂਟ ਦੇ ਤਲਿਆਂ ਵਿੱਚ ਲੁਕੋ ਕੇ ਭੇਜਿਆ ਅਤੇ ਕਿਹਾ ਕਿ ਇਸ ਵਿੱਚ 'ਗੁਪਤ ਸੰਦੇਸ਼ ਅਤੇ ਪੈਸੇ' ਹਨ, ਤਾਂ ਕਿ ਭਾਰਤ ਵਿੱਚ ਗ਼ਦਰੀ ਯੋਧੇ ਇਹ ਧਨ ਹਥਿਆਰਾਂ ਲਈ ਖਰਚ ਕਰ ਲੈਣ।

ਭਾਈ ਰਾਮ ਸਿੰਘ ਧੁਲੇਤਾ ਅਮਰੀਕਾ ਤੋਂ ਮਨੀਲੇ ਪੁੱਜ ਗਏ ਜਦ ਕਿ ਉਧਰੋਂ ਭਾਈ ਭਗਵਾਨ ਸਿੰਘ ਪ੍ਰੀਤਮ ਉੱਥੇ ਰੁਕੇ ਹੋਏ ਸਨ। ਜਦੋਂ ਉਹਨਾਂ ਪੰਡਤ ਰਾਮ ਚੰਦਰ ਪਿਸ਼ਾਵਰੀ ਦੇ 'ਗੁਪਤ ਸਨੇਹੇ' ਦੀ ਗੱਲ ਭਾਈ ਰਾਮ ਸਿੰਘ ਧੁਲੇਤਾ ਤੋਂ ਸੁਣੀ, ਤਾਂ ਭਾਈ ਪ੍ਰੀਤਮ ਨੂੰ ਸ਼ੱਕ ਹੋਇਆ। ਉਹਨਾਂ ਬੂਟ ਦੇ ਤਲੇ ਪੁੱਟ ਕੇ ਜੋ ਗੁਪਤ ਸੁਨੇਹਾ ਕੱਢਿਆ, ਉਹ ਗ਼ਦਰ ਅਖ਼ਬਾਰ ਦਾ ਇੱਕ ਪੁਰਾਣਾ ਇਸ਼ਤਿਹਾਰ ਸੀ ਅਤੇ ਕੋਈ ਪੈਸਾ-ਧੇਲਾ ਨਹੀਂ ਸੀ। ਰਾਮ ਚੰਦਰ ਪੇਸ਼ਾਵਰੀ ਦੀ ਅਜਿਹੀ ਬੇਈਮਾਨੀ ਅਤੇ ਸਾਜਿਸ਼ ਤੋਂ ਭਾਈ ਰਾਮ ਸਿੰਘ ਧੁਲੇਤਾ ਅਤਿਅੰਤ ਨਿਰਾਸ਼ ਹੋਏ। ਗ਼ਦਰ ਪਾਰਟੀ ਦੇ ਸਕੱਤਰ ਭਾਈ ਸੰਤੋਖ ਸਿੰਘ ਧਰਦਿਓ ਅਤੇ ਭਾਈ ਰਾਮ ਸਿੰਘ ਧੁਲੇਤਾ ਕੁਝ ਸਮਾਂ ਚੀਨ ਵਿੱਚ ਰੁਕੇ ਅਤੇ ਮਗਰੋਂ ਜਪਾਨ ਦੇ ਟਾਪੂ 'ਹੁਨੂਲੂਲੂ' ਵਿਖੇ ਪੁੱਜ ਗਏ। ਇਹ ਉਹੀ ਟਾਪੂ ਹੈ, ਜੋ ਅੱਜ ਕੱਲ 'ਹਵਾਈ' ਦੀ ਸੈਰਗਾਹ ਬਣਿਆ ਹੋਇਆ ਹੈ। ਇਥੇ ਗ਼ਦਰੀ ਯੋਧੇ ਕੁਝ ਸਮਾਂ ਰੋਕੇ ਤੇ ਮਗਰੋਂ ਪੂਰਬੀ ਫਰੰਟ ਵੱਲੋਂ ਭਾਈ ਭਗਵਾਨ ਸਿੰਘ ਪ੍ਰੀਤਮ 1916 'ਚ ਅਕਤੂਬਰ ਮਹੀਨੇ ਅਮਰੀਕਾ ਪਹੁੰਚ ਗਏ, ਜਦ ਕਿ ਉਸ ਤੋਂ ਛੇਤੀ ਮਗਰੋਂ ਭਾਈ ਸੰਤੋਖ ਸਿੰਘ ਧਰਦਿਉ ਅਤੇ ਭਾਈ ਰਾਮ ਸਿੰਘ ਧੁਲੇਤਾ ਵੀ ਅਮਰੀਕਾ ਆ ਗਏ।

ਗ਼ਦਰੀਆਂ ਦੇ ਅਮਰੀਕਾ ਤੋਂ ਪੰਜਾਬ ਵਿਚ ਚਲੇ ਜਾਣ ਮਗਰੋਂ, ਪੰਡਤ ਰਾਮ ਚੰਦਰ ਪਿਸ਼ਾਵਰੀ ਨੇ ਗ਼ਦਰ ਪਾਰਟੀ ਦੇ ਫੰਡਾਂ ਦੀ ਰੱਜ ਕੇ ਦੁਰਵਰਤੋਂ ਕੀਤੀ। ਪਾਰਟੀ ਦੇ ਕਿਰਤੀ ਮੈਂਬਰਾਂ ਦੇ ਧਨ ਅਤੇ ਜਰਮਨ ਵੱਲੋਂ ਗ਼ਦਰੀ ਪਾਰਟੀ ਨੂੰ ਆਈ ਮਦਦ ਨਾਲ, ਉਸ ਨੇ ਨਿੱਜੀ ਜਾਇਦਾਦ ਬਣਾਈ। ਇਸ ਤੋਂ ਇਲਾਵਾ ਪਾਰਟੀ ਹੈਡਕੁਆਰਟਰ ਅਤੇ ਪ੍ਰੈਸ ਨੂੰ ਨਿਜੀ ਮੁਫਾਦ ਲਈ ਵਰਤਿਆ। ਪਾਰਟੀ ਦੀ ਗੁਪਤ ਜਾਣਕਾਰੀ ਕੇ ਭੇਤ ਬਾਹਰ ਕੱਢ ਕੇ, ਉਹ ਹਕੂਮਤ ਨਾਲ ਮਿਲ ਕੇ, ਬਾਗੀਆਂ ਖਿਲਾਫ ਚਾਲ ਖੇਡ ਰਿਹਾ ਸੀ ਅਤੇ ਗ਼ਦਰੀ ਯੋਧਿਆਂ ਦੀ ਸਾਂਝੀ ਵਿਰਾਸਤ ਨੂੰ 'ਫਿਰਕੂ ਰੰਗਤ' ਦੇ ਰਿਹਾ ਸੀ। ਅਖ਼ਬਾਰ ਤੇ ਕਬਜ਼ਾ ਕਰਕੇ ਭ੍ਰਿਸ਼ਟਾਚਾਰ ਫੈਲਾ ਰਿਹਾ ਸੀ। ਅਮਰੀਕਾ ਵਾਪਸ ਆ ਕੇ ਜਦੋਂ ਭਾਈ ਭਗਵਾਨ ਸਿੰਘ ਪ੍ਰੀਤਮ, ਭਾਈ ਸੰਤੋਖ ਸਿੰਘ ਧਰਦਿਉ ਅਤੇ ਭਾਈ ਰਾਮ ਸਿੰਘ ਧੁਲੇਤਾ ਨੇ ਪੰਡਤ ਰਾਮ ਚੰਦਰ ਪਿਸ਼ਾਵਰੀ ਤੋਂ ਪਾਰਟੀ ਦੇ ਫੰਡਾਂ ਦਾ ਹਿਸਾਬ-ਕਿਤਾਬ ਮੰਗਿਆ, ਤਾਂ ਪੰਡਤ ਨੇ ਉਨਾਂ ਦਾ ਤਿੱਖਾ ਵਿਰੋਧ ਕੀਤਾ।

ਆਖਰਕਾਰ ਜਨਵਰੀ 1917 ਨੂੰ ਗ਼ਦਰੀ ਆਗੂਆਂ ਨੇ ਸੈਕਰਾਮੈਂਟੋ ਵਿਖੇ ਕਾਨਫਰੰਸ ਕਰਕੇ, ਕਮੇਟੀ ਬਣਾ ਲਈ ਅਤੇ ਭਾਈ ਰਾਮ ਸਿੰਘ ਧੁਲੇਤਾ ਨੂੰ ਇਸ ਦਾ ਪ੍ਰਧਾਨ ਥਾਪਿਆ। ਇਸ ਦੇ ਵਿਰੋਧ 'ਚ ਪੰਡਤ ਰਾਮ ਚੰਦਰ ਪਿਸ਼ਾਵਰੀ ਨੇ 7 ਫਰਵਰੀ 1917 ਨੂੰ ਫਰਿਜਨੋ 'ਚ ਅਲੱਗ ਕਾਨਫਰੰਸ ਕਰਕੇ, ਵੱਖਰੀ ਗ਼ਦਰ ਪਾਰਟੀ ਅਤੇ ਗ਼ਦਰ ਅਖਬਾਰ ਕੱਢਣ ਦਾ ਫੈਸਲਾ ਕੀਤਾ ਅਤੇ ਵਿਰੋਧੀ ਧਿਰ ਦੇ ਆਗੂਆਂ ਨੂੰ ਪਾਰਟੀ ਵਿੱਚੋਂ ਬਾਹਰ ਕੱਢ ਦਿੱਤਾ। ਇਸ ਨਾਲ ਵਿਰੋਧ ਹੋਰ ਤਿੱਖਾ ਹੋ ਗਿਆ ਅਤੇ ਭਾਈ ਰਾਮ ਸਿੰਘ ਧੁਲੇਤਾ ਅਤੇ ਸਾਥੀਆਂ ਨੇ ਗ਼ਦਰ ਪਾਰਟੀ ਹੈਡ ਕੁਆਰਟਰ ਪਹੁੰਚ ਕੇ ਪ੍ਰੈਸ ਅਤੇ ਆਸ਼ਰਮ ਦੇ ਮੁਕੰਮਲ ਕਬਜ਼ਾ ਕਰ ਲਿਆ। ਪੰਡਿਤ ਰਾਮ ਚੰਦਰ ਨੇ 'ਹਿੰਦੁਸਤਾਨ ਗਦਰ' ਅਖਬਾਰ ਅਤੇ ਪਾਰਟੀ ਰਜਿਸਟਰਡ ਕਰਵਾ ਲਏ। ਇਸ ਤਰ੍ਹਾਂ ਪਾਰਟੀ ਵਿੱਚ ਅੰਦਰੂਨੀ ਜੰਗ ਤਿੱਖੀ ਹੋ ਗਈ।

ਉਧਰ ਪਹਿਲਾਂ ਨਿਰਪੱਖ ਰਿਹਾ ਅਮਰੀਕਾ ਹੁਣ ਪਹਿਲੇ ਵਿਸ਼ਵ ਜੰਗ ਦੌਰਾਨ ਬਰਤਾਨੀਆਂ ਦੀ ਧਿਰ ਬਣ ਗਿਆ ਅਤੇ 6 ਅਪ੍ਰੈਲ 1917 ਨੂੰ ਬ੍ਰਿਟਿਸ਼ ਦੀ ਹੱਕ ਵਿੱਚ ਆ ਖੜਾ ਹੋਇਆ। ਅਮਰੀਕਾ ਚ ਬੈਠੇ ਬ੍ਰਿਟਿਸ਼ ਵਿਰੋਧੀ ਗ਼ਦਰੀਆਂ ਅਤੇ ਜਰਮਨਾਂ ਖਿਲਾਫ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਗਈਆਂ। ਇਸ ਆਧਾਰ 'ਤੇ ਅਮਰੀਕਾ ਤੋਂ 17 ਗ਼ਦਰੀ ਯੋਧਿਆਂ ਅਤੇ 18 ਜਰਮਨਾਂ ਨੂੰ ਗ੍ਰਿਫਤਾਰ ਕਰ ਲਿਆ। ਇਹਨਾਂ ਗ਼ਦਰੀਆਂ ਵਿੱਚ ਭਾਈ ਰਾਮ ਸਿੰਘ ਧੁਲੇਤਾ, ਭਾਈ ਸੰਤੋਖ ਸਿੰਘ ਧਰਦਿਉ ਅਤੇ ਭਾਈ ਭਗਵਾਨ ਸਿੰਘ ਪ੍ਰੀਤਮ ਅਤੇ ਕਈ ਹੋਰਨਾਂ ਨੂੰ ਗ੍ਰਿਫਤਾਰ ਕੀਤਾ ਗਿਆ, ਦੂਜੇ ਪਾਸੇ ਵਿਰੋਧੀ ਧਿਰ ਦੇ ਪੰਡਤ ਰਾਮ ਚੰਦਰ ਪਿਸ਼ਾਵਰੀ ਨੂੰ ਵੀ ਉਸ ਦੇ ਸਾਥੀਆਂ ਨਾਲ ਫੜ ਲਿਆ ਗਿਆ। ਇਹਨਾਂ ਸਾਰਿਆਂ ਖਿਲਾਫ 'ਹਿੰਦੂ ਜਰਮਨ ਸਾਜਿਸ਼ ਕੇਸ' ਨਾਂ ਦਾ ਮੁਕਦਮਾ ਚਲਾਇਆ ਗਿਆ। ਇਹ ਮੁਕਦਮਾ 20 ਨਵੰਬਰ 1917 ਤੋਂ 24 ਅਪ੍ਰੈਲ 1918 ਤੱਕ ਚੱਲਦਾ ਰਿਹਾ।

ਇਤਿਹਾਸਿਕ ਹਵਾਲਿਆਂ ਅਨੁਸਾਰ ਇਸ ਵਿੱਚ ਅਮਰੀਕਾ ਸਰਕਾਰ ਨੇ ਪੰਜ ਲੱਖ ਡਾਲਰ ਅਤੇ ਬ੍ਰਿਟਿਸ਼ ਸਰਕਾਰ ਨੇ 25 ਲੱਖ ਡਾਲਰ ਖਰਚੇ, ਤਾਂ ਕਿ ਉਹਨਾਂ ਦੇ ਖਿਲਾਫ ਤਾਕਤਾਂ ਦਾ ਸਫਾਇਆ ਕੀਤਾ ਜਾ ਸਕੇ। ਅਜਿਹੀ ਹਾਲਤ ਵਿੱਚ ਗ਼ਦਰ ਪਾਰਟੀ ਨੇ ਫੈਸਲਾ ਕੀਤਾ ਕਿ ਆਪਸੀ ਖਾਨਾ-ਜੰਗੀ ਬੰਦ ਕੀਤੀ ਜਾਵੇ ਅਤੇ ਸਾਂਝੇ ਵਕੀਲ ਰਾਹੀਂ ਇਸ ਲੜਾਈ ਲੜੀ ਜਾਏ। ਦੂਜੇ ਪਾਸੇ ਗ਼ਦਰ ਵਿਰੋਧੀ ਚਾਲ ਖੇਡਦਿਆਂ ਰਾਮ ਚੰਦਰ ਪਿਸ਼ਾਵਰੀ ਨੇ ਅਜਿਹਾ ਕਰਨੋ ਇਨਕਾਰ ਕਰ ਦਿੱਤਾ। 23 ਅਪ੍ਰੈਲ 1918 ਨੂੰ ਸਾਨ-ਫਰਾਂਸਿਸਕੋ ਅਦਾਲਤ ਵਿੱਚ ਅਜਿਹੀ ਘਟਨਾ ਵਾਪਰੀ, ਜਿਸ ਨੇ ਗ਼ਦਰ ਪਾਰਟੀ ਦੇ ਅਧਿਆਇ ਵਿੱਚ ਖ਼ੂਨੀ ਪੰਨਾ ਜੋੜ ਦਿੱਤਾ। ਇਸ ਦਿਨ ਰਾਮ ਚੰਦਰ ਪੇਸ਼ਾਵਰੀ ਅਦਾਲਤ ਵਿੱਚ, ਬਾਕੀ ਗਦਰੀਆਂ ਤੋਂ ਵੱਖ ਹੋ ਕੇ, ਆਪਣੇ ਵਕੀਲ ਰਾਹੀਂ ਕਾਰਵਾਈ ਕਰਵਾ ਰਿਹਾ ਸੀ, ਤਾਂ ਉਸ ਵੇਲੇ ਭਾਈ ਰਾਮ ਸਿੰਘ ਧੁਲੇਤਾ ਨੇ ਆਪਣੇ ਪਿਸਤੌਲ ਨਾਲ ਉਸ ਉਪਰ ਗੋਲੀਆਂ ਚਲਾ ਦਿੱਤੀਆਂ। ਪੰਡਤ ਰਾਮ ਚੰਦਰ ਪਿਸ਼ਾਵਰੀ ਦੇ ਤਿੰਨ ਗੋਲੀਆਂ ਲੱਗੀਆਂ ਅਤੇ ਉਹ ਮੌਕੇ 'ਤੇ ਹੀ ਦਮ ਤੋੜ ਗਿਆ। ਉਧਰ ਅਦਾਲਤ ਵਿੱਚ ਮੌਜੂਦ ਮਾਰਸ਼ਲ ਹੋਲੋਹੈਨ ਨੇ ਪਿਸਤੌਲ ਕੱਢਿਆ ਅਤੇ ਭਾਈ ਰਾਮ ਸਿੰਘ ਧੁਲੇਤਾ ਤੇ ਗੋਲੀ ਚਲਾ ਦਿੱਤੀ। ਇਹ ਗੋਲੀ ਭਾਈ ਸਾਹਿਬ ਦੇ ਦਿਲ 'ਤੇ ਜਾ ਲੱਗੀ ਅਤੇ ਉਹ ਉਥੇ ਹੀ ਸ਼ਹੀਦ ਹੋ ਗਏ।

ਪੰਡਿਤ ਰਾਮ ਚੰਦਰ ਪਿਸ਼ਾਵਰੀ ਨੂੰ ਗਦਰੀ ਯੋਧੇ ਭਾਈ ਰਾਮ ਸਿੰਘ ਧੁਲੇਤਾ ਵੱਲੋਂ 'ਸੋਧਾ ਲਾਉਣਾ' ਗਦਰ ਪਾਰਟੀ ਦੀ ਨਿਯਮਾਂ ਮੁਤਾਬਕ ਸੀ, ਕਿਉਂਕਿ ਗ਼ਦਰ ਪਾਰਟੀ ਦੇ ਅਸੂਲਾਂ ਅਨੁਸਾਰ ਪਾਰਟੀ ਦੇ ਫੰਡਾਂ ਦੀ ਦੁਰਵਰਤੋਂ ਕਰਨ, ਗ਼ਦਰ ਪਾਰਟੀ ਵਿਰੋਧੀ ਗਤੀਵਿਧੀਆਂ ਕਰਨ ਅਤੇ ਪਾਰਟੀ ਦੇ ਭੇਤ ਦੁਸ਼ਮਣ ਨੂੰ ਦੇਣ ਦੀ ਸਜ਼ਾ ਮੌਤ ਸੀ। ਰਾਮ ਚੰਦਰ ਨੇ ਅਜਿਹੇ ਸਾਰੇ ਕੰਮ ਕੀਤੇ ਸਨ, ਜਿਸ ਦੇ ਕਾਰਨ ਉਸ ਨੂੰ 'ਸੋਧਣ' ਦਾ ਫੈਸਲਾ ਲਿਆ ਗਿਆ।

- ਬਾਕੀ ਸਫ਼ਾ 28 'ਤੇ

# ਇਨਕਲਾਬੀ ਆਗੂ ਮਾਰਟਿਨ ਲੂਥਰ ਕਿੰਗ ਨੂੰ ਚੇਤੇ ਕਰਦਿਆਂ

**ਲਿਖਤ : ਪਿਰਥੀਪਾਲ ਸਿੰਘ ਮਾੜੀਮੇਘਾ**
**ਮੋਬਾਈਲ :** 98760-78731

ਇਨਕਲਾਬੀ ਸੋਚਣੀ ਦਾ ਮਾਲਕ ਮਾਰਟਿਨ ਲੂਥਰ ਕਿੰਗ ਵਿਸ਼ਵ ਭਰ ਵਿਚ ਸਿਆਹਫਾਮ ਲੋਕਾਂ ਦਾ ਇਨਕਲਾਬੀ ਆਗੂ ਸੀ। ਉਸ ਦਾ ਜਨਮ 15 ਜਨਵਰੀ 1929 ਨੂੰ ਅਮਰੀਕਾ ਦੇ ਸ਼ਹਿਰ ਐਟਲਾਂਟਾ ਵਿਖੇ ਹੋਇਆ ਸੀ। ਉਸ ਦਾ ਮੁੱਢਲਾ ਨਾਂ ਮਾਈਕਲ ਸੀ ਪਰ ਉਹ ਮਾਰਟਿਨ ਲੂਥਰ ਕਿੰਗ ਦੇ ਨਾਂ ਨਾਲ ਵਿਸ਼ਵ ਭਰ 'ਚ ਪ੍ਰਸਿੱਧ ਹੋਇਆ। ਉਸ ਦਾ ਪਿਤਾ ਪਾਦਰੀ ਸੀ। ਲੂਥਰ ਕਿੰਗ ਨੇ ਅਮਰੀਕਾ ਦੇ ਸ਼ਹਿਰ ਜਾਰਜੀਆ ਦੇ ਵੱਖ-ਵੱਖ ਅਦਾਰਿਆਂ 'ਚੋਂ ਵਿੱਦਿਆ ਪ੍ਰਾਪਤ ਕੀਤੀ ਸੀ। ਉਸ ਨੇ 15 ਸਾਲ ਦੀ ਉਮਰ ਵਿਚ ਗ੍ਰੈਜੂਏਸ਼ਨ ਪਾਸ ਕਰ ਲਈ ਸੀ। ਉਹ ਗੋਰਿਆਂ ਦੇ ਸੀਨੀਅਰ ਕਾਲਜ ਦਾ ਪ੍ਰਧਾਨ ਚੁਣਿਆ ਗਿਆ। ਮਾਰਟਿਨ ਨੇ ਕਰੋਜ਼ਰ ਤੋਂ ਫੈਲੋਸ਼ਿਪ ਲੈ ਕੇ ਬੋਸਟਨ ਯੂਨੀਵਰਸਿਟੀ 'ਚ ਦਾਖ਼ਲਾ ਲਿਆ ਅਤੇ ਡਾਕਟਰੇਟ ਦੀ ਦੂਜੀ ਉਪਾਧੀ ਹਾਸਲ ਕਰ ਲਈ। ਬੋਸਟਨ 'ਚ ਉਸ ਦੀ ਮੁਲਾਕਾਤ ਕਰੇਟਾ ਨਾਲ ਹੋਈ ਜੋ ਵਿਆਹ ਵਿਚ ਤਬਦੀਲ ਹੋ ਗਈ। ਇਸ ਇਨਕਲਾਬੀ ਜੋੜੀ ਦੀਆਂ ਦੋ ਕੁੜੀਆਂ ਅਤੇ ਦੋ ਮੁੰਡੇ ਸਨ। ਮਾਰਟਿਨ 1954 ਵਿਚ ਮਿੰਟਗੁਮਰੀ ਵਿਖੇ ਅਲਬਾਮਾ ਦੇ ਡੈਕਸਰ ਐਵੇਨਿਊ ਚਰਚ ਦਾ ਪਾਦਰੀ ਬਣ ਗਿਆ। ਉਸ ਨੂੰ ਸਿਆਹਫਾਮ ਲੋਕਾਂ ਦੀ ਬੇਖ਼ੌਫ਼ ਆਵਾਜ਼ ਉਠਾਉਣ ਕਾਰਨ ਕਾਲੇ ਲੋਕਾਂ ਦੀ ਕੌਮਾਂਤਰੀ ਸੰਸਥਾ ਦਾ ਮੈਂਬਰ ਚੁਣ ਲਿਆ ਗਿਆ। ਜਲਦੀ ਹੀ ਉਹ ਦੁਨੀਆ ਦਾ ਮੁੱਖ ਆਗੂ ਬਣ ਗਿਆ। ਉਸ ਨੇ ਨੀਗਰੋ ਕ੍ਰਾਂਤੀ ਦਾ ਮੈਨੀਫੈਸਟੋ ਲਿਖਿਆ। ਲੂਥਰ ਕਿੰਗ ਪੜ੍ਹਾਈ ਵਿਚ ਇੰਨਾ ਹੁਸ਼ਿਆਰ ਸੀ ਕਿ ਉਸ ਨੇ ਪੰਜ ਪੀਐੱਚਡੀ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਸਨ। ਉਸ ਨੇ 1958 'ਚ 'ਰੋਡ ਟੂ ਫਰੀਡਮ' ਕਿਤਾਬ ਲਿਖੀ। ਉਸ ਨੇ ਵੀਅਤਨਾਮ ਦੀ ਜੰਗ 'ਚ ਅਮਰੀਕਾ ਦਾ ਵਿਰੋਧ ਕੀਤਾ। ਉਸ ਦੀ ਨੀਤੀ ਇਹ ਸੀ ਕਿ ਜਾਤ-ਪਾਤ, ਨਸਲ ਦੇ ਭੇਦਭਾਵ ਤੋਂ ਸਮਾਜ ਮੁਕਤ ਹੋਣਾ ਚਾਹੀਦਾ ਹੈ। ਇਸ ਸੋਚ ਦੀ ਪੂਰਤੀ ਵਾਸਤੇ ਉਹ ਆਖ਼ਰੀ ਦਮ ਤਕ ਸੰਘਰਸ਼ ਕਰਦਾ ਰਿਹਾ। ਲੂਥਰ ਕਿੰਗ ਨੋਬਲ ਸ਼ਾਂਤੀ ਪੁਰਸਕਾਰ ਜਿੱਤਣ ਵਾਲਾ ਸਭ ਤੋਂ ਛੋਟੀ ਉਮਰ ਦਾ ਵਿਅਕਤੀ ਸੀ। ਉਸ ਵੇਲੇ ਉਸ ਦੀ ਉਮਰ ਸਿਰਫ 35 ਸਾਲ ਦੀ ਸੀ। ਪੁਰਸਕਾਰ ਜਿੱਤਣ 'ਤੇ ਲੂਥਰ ਕਿੰਗ ਨੂੰ 54123 ਡਾਲਰ ਦੀ ਜੋ ਰਕਮ ਮਿਲੀ ਸੀ, ਉਹ ਉਸ ਨੇ ਨਾਗਰਿਕ ਅਧਿਕਾਰ ਅੰਦੋਲਨ ਦੇ ਕਾਰਕੁਨਾਂ ਨੂੰ ਦੇ ਦਿੱਤੀ ਸੀ। ਉਸ ਦੀ ਜਾਨ ਲੈਣ ਵਾਸਤੇ ਉਸ ਮਗਰ ਸਿਰਫਿਰੇ ਗੋਰੇ ਲੱਗੇ ਰਹਿੰਦੇ ਸਨ। ਅੰਤ ਇਨ੍ਹਾਂ ਨੇ 4 ਅਪ੍ਰੈਲ 1968 ਨੂੰ ਉਸ ਨੂੰ ਉਦੋਂ ਕਤਲ ਕਰ ਦਿੱਤਾ ਜਦੋਂ ਉਹ ਹੋਟਲ ਦੇ ਕਮਰੇ ਦੀ ਬਾਲਕੋਨੀ ਵਿਚ ਖੜ੍ਹਾ ਸੀ। ਉਹ ਉੱਥੇ ਨੀਗਰੋ ਲੋਕਾਂ ਦੀ ਹੜਤਾਲ ਦੀ ਅਗਵਾਈ ਕਰਨ ਆਇਆ ਸੀ। ਪਰ ਉਸ ਮਹਾਨ ਮਨੁੱਖ ਨੂੰ ਗੋਰਿਆਂ ਨੇ ਮੌਤ ਦੇ ਘਾਟ ਉਤਾਰ ਦਿੱਤਾ। ਮਾਰਟਿਨ ਲੂਥਰ ਕਿੰਗ ਦੇ ਸ਼ਹੀਦੀ ਦਿਹਾੜੇ 'ਤੇ ਸੰਯੁਕਤ ਰਾਜ ਅਮਰੀਕਾ ਵਿਚ ਹਰ ਸਾਲ ਛੁੱਟੀ ਹੁੰਦੀ ਹੈ ਅਤੇ ਇਹ ਦਿਨ ਲੋਕ ਬੜੀ ਸ਼ਰਧਾ ਨਾਲ ਮਨਾਉਂਦੇ ਹਨ।



# ਬਦਲਦੇ ਵਰਤਾਰਿਆਂ ਨੂੰ ਸਮਝਣ ਦੀ ਲੋੜ



**ਲਿਖਤ : ਗੁਰਚਰਨ ਸਿੰਘ ਨੂਰਪੁਰ, ਸੰਪਰਕ :** 9855051099

ਤੇਜ਼ੀ ਨਾਲ ਬਦਲ ਰਹੀ ਦੁਨੀਆ ਦੇ ਇਸ ਦੌਰ ਵਿਚ ਮਨੁੱਖੀ ਵਿਵਹਾਰ, ਕਿਰਦਾਰ ਅਤੇ ਸਰੋਕਾਰ ਵੀ ਬਦਲ ਰਹੇ ਹਨ। ਮਨੁੱਖੀ ਸੱਭਿਅਤਾ ਦੇ ਜੇਕਰ ਮੁੱਢਲੇ ਦੌਰ ਨੂੰ ਸਮਝੀਏ ਤਾਂ ਪਤਾ ਲਗਦਾ ਹੈ ਕਿ ਦੁਨੀਆ ਭਰ ਵਿਚ ਸਲਤਨਤਾਂ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਵੱਖ-ਵੱਖ ਇਲਾਕਿਆਂ ਵਿਚ ਲੁਟੇਰੇ ਗਰੋਹ ਸਰਗਰਮ ਸਨ, ਜਿਸ ਵਿਚ ਕੁਝ ਲੋਕ ਇਕੱਠੇ ਹੋ ਕੇ ਪਹਿਲਾਂ ਆਪਣਾ ਗਰੋਹ ਬਣਾਉਂਦੇ ਫਿਰ ਉਹ ਆਪਣੇ ਇਲਾਕੇ ਵਿਚ ਆਪਣੀ ਸ਼ਕਤੀ ਵਧਾਉਂਦੇ ਜਾਂਦੇ। ਫਿਰ ਇਨ੍ਹਾਂ ਲੁਟੇਰਾ ਗਰੋਹਾਂ ਦੀਆਂ ਆਸਪਾਸ ਦੇ ਗਰੋਹਾਂ ਨਾਲ ਟੱਕਰਾਂ ਹੁੰਦੀਆਂ, ਇਨ੍ਹਾਂ ਭੇੜਾਂ ਵਿਚ ਜੇਤੂ ਰਹਿਣ ਵਾਲੇ ਦੀ ਸ਼ਕਤੀ ਹੋਰ ਵਧ ਜਾਂਦੀ ਤੇ ਉਹ ਆਪਣੇ ਇਲਾਕੇ ਦਾ ਹੋਰ ਵਿਸਥਾਰ ਕਰ ਲੈਂਦਾ। ਇਨ੍ਹਾਂ ਲੁਟੇਰੇ ਗਰੋਹਾਂ ਦੀਆਂ ਸਰਗਰਮੀਆਂ ਤੋਂ ਸਲਤਨਤਾਂ ਹੋਂਦ ਵਿਚ ਆਈਆਂ, ਰਾਜਭਾਗ ਬਣੇ। ਬੇਸ਼ੱਕ ਸਮਾਂ ਤੇ ਸਥਾਨ ਬਦਲਦੇ ਰਹੇ ਪਰ ਦੁਨੀਆ ਭਰ ਦੀਆਂ ਸਲਤਨਤਾਂ ਪਹਿਲਾਂ ਕਿਸੇ ਨਾ ਕਿਸੇ ਰੂਪ ਵਿਚ ਲੁਟੇਰੇ ਗਰੋਹਾਂ ਦੇ ਅੱਡੇ ਹੀ ਸਨ।

ਕਰੀਬ ਚਾਰ ਹਜ਼ਾਰ ਸਾਲ ਪਹਿਲਾਂ ਦੁਨੀਆ ਦੇ ਵੱਖ-ਵੱਖ ਖਿੱਤਿਆਂ ਵਿਚ ਸਲਤਨਤਾਂ ਦਾ ਮੁੱਢ ਬੱਝਣਾ ਸ਼ੁਰੂ ਹੋਇਆ। ਇਸ ਤੋਂ ਮਗਰੋਂ ਵੀ ਸਦੀਆਂ ਤੱਕ ਦੁਨੀਆ ਦੇ ਬਹੁਤ ਸਾਰੇ ਖਿੱਤੇ ਅਜਿਹੇ ਸਨ, ਜਿਥੇ ਰਹਿਣ ਵਾਲੇ ਲੋਕ ਨਹੀਂ ਜਾਣਦੇ ਸਨ ਕਿ ਉਹ ਕਿਸ ਰਾਜੇ ਦੀ ਪਰਜਾ ਹਨ। ਰਾਜ ਘਰਾਣਿਆਂ ਦੀ ਸਥਾਪਤੀ ਨਾਲ ਇਨ੍ਹਾਂ ਦੀਆਂ ਆਪਸੀ ਲੜਾਈਆਂ ਵੀ ਸ਼ੁਰੂ ਹੋਈਆਂ। ਇਨ੍ਹਾਂ ਲੜਾਈਆਂ ਦਾ ਮੁੱਖ ਕਾਰਨ ਜਿਥੇ ਆਪਣੇ ਰਾਜ ਦਾ ਵਿਸਥਾਰ ਕਰਨ ਦਾ ਲਾਲਚ ਹੁੰਦਾ ਸੀ, ਉੱਥੇ ਇਹ ਲੜਾਈਆਂ ਹਾਥੀਆਂ, ਘੋੜਿਆਂ ਸ਼ਾਸਤਰਾਂ ਅਤੇ ਔਰਤਾਂ ਨੂੰ ਹਥਿਆਉਣ ਲਈ ਵੀ ਲੜੀਆਂ ਜਾਂਦੀਆਂ ਸਨ। ਇਕ ਰਾਜਾ ਜਦੋਂ ਦੂਜੇ ਰਾਜ 'ਤੇ ਹਮਲਾ ਕਰਦਾ ਤਾਂ ਬਹੁਤ ਵੱਡੀ ਲੁਟੇਰੀ ਧਾੜ ਉਸ ਦੀ ਫੌਜ ਦੇ ਨਾਲ ਰਲ ਜਾਂਦੀ। ਭਾਰਤ 'ਤੇ ਵੱਖ-ਵੱਖ ਸਮਿਆਂ ਦੌਰਾਨ ਹਮਲੇ ਕਰਨ ਵਾਲੇ ਹਮਲਾਵਰਾਂ ਦੀ ਫੌਜ ਦੀ ਗਿਣਤੀ ਸੀਮਤ ਹੀ ਹੁੰਦੀ ਸੀ ਪਰ ਜਦੋਂ ਉਹ ਲੁੱਟ ਮਾਰ ਕਰਨ ਦੇ ਮਕਸਦ ਨਾਲ ਅੱਗੇ ਵੱਧਦੇ ਲੁਟੇਰੀਆਂ ਧਾੜਾਂ ਉਸ ਨਾਲ ਹੋ ਜਾਂਦੀਆਂ ਤੇ ਫੌਜ ਦੀ ਗਿਣਤੀ ਦੁਗਣੀ-ਚੌਗੁਣੀ ਹੋ ਜਾਂਦੀ।

ਵੱਖ-ਵੱਖ ਸਮਿਆਂ ਦੌਰਾਨ ਵੱਖ-ਵੱਖ ਧਰਮ ਹੋਂਦ ਵਿਚ ਆਏ। ਹਰ ਧਰਮ ਦੀ ਸ਼ੁਰੂਆਤ ਸੰਬੰਧਤ ਸਮੇਂ ਦੇ ਸਮਾਜ ਵਿਚ ਆਈਆਂ ਗਿਰਾਵਟਾਂ, ਬੁਰਾਈਆਂ, ਕੁਰੀਤੀਆਂ ਅਤੇ ਪਾਖੰਡਵਾਦ ਨੂੰ ਦੂਰ ਕਰਨ ਲਈ ਹੀ ਹੋਈ ਸੀ ਪਰ ਸਮਾਂ ਪਾ ਕੇ ਧਰਮ ਜਦੋਂ ਪੁਜਾਰੀ ਦੇ ਹੱਥ ਆਇਆ ਤਾਂ ਇਸ ਵਿਚ ਫਿਰਕੂਵਾਦ, ਲੋਭ ਲਾਲਚ ਅਤੇ ਕਈ ਤਰ੍ਹਾਂ ਦੀਆਂ ਬੁਰਾਈਆਂ ਪ੍ਰਵੇਸ਼ ਕਰ ਗਈਆਂ। ਰਾਜ ਪ੍ਰਬੰਧ ਭਾਵੇਂ ਕਿੰਨਾ ਵੀ ਜ਼ਾਲਮਾਨਾ ਅਤੇ ਲੋਕ ਵਿਰੋਧੀ ਹੁੰਦਾ ਇਸ ਨੂੰ ਚਲਦਾ ਰੱਖਣ ਲਈ ਪੁਜਾਰੀ ਵਰਗ ਰਾਜਿਆਂ ਮਹਾਰਾਜਿਆਂ ਨੂੰ ਪਰਮਾਤਮਾ ਦਾ ਰੂਪ ਦੱਸਦਾ। ਰਾਜਿਆਂ ਦੇ ਫੁਰਮਾਨ ਨੂੰ ਪ੍ਰਮਾਤਮਾ ਦਾ ਫੁਰਮਾਨ ਕਹਿ ਕੇ ਪ੍ਰਚਾਰਿਆ ਜਾਣ ਲੱਗਿਆ। ਇਕ ਰਾਜੇ ਦੀ ਦੂਜੇ ਰਾਜੇ ਨਾਲ ਹੁੰਦੀ ਖ਼ੂਨੀ ਲੜਾਈ ਕਤਲੇਆਮ ਨੂੰ ਧਰਮਯੁੱਧ ਦਾ ਨਾਂਅ ਦਿੱਤਾ ਗਿਆ ਅਤੇ ਰਾਜ ਲਈ ਲੜਦੇ ਲੋਕਾਂ ਦੀ ਮੌਤ ਨੂੰ ਸ਼ਹਾਦਤ ਆਖਿਆ ਜਾਣ ਲੱਗਿਆ।

ਜਿਥੇ ਸਦੀਆਂ ਤੱਕ ਰਾਜ ਘਰਾਣਿਆਂ ਦੀ ਰਾਖੀ ਲਈ ਲੋਕ ਜੰਗਾਂ ਯੁੱਧਾਂ ਦਾ ਖਾਜਾ ਬਣਦੇ ਰਹੇ ਉੱਥੇ ਇਤਿਹਾਸ ਦੇ ਲਹੂ ਭਿੱਜੇ ਬਾਬ ਉਨ੍ਹਾਂ ਲੱਖਾਂ ਲੋਕਾਂ ਦੀ ਗੱਲ ਵੀ ਕਰਦੇ ਹਨ ਜਿਹੜੇ ਧਰਮ ਕਰਮ ਦੇ ਨਾਂਅ 'ਤੇ ਕਤਲ ਕਰ ਦਿੱਤੇ ਗਏ। ਦੋ ਵਿਸ਼ਵ ਜੰਗਾਂ ਦੌਰਾਨ ਇੰਨੇ ਲੋਕ ਮਾਰੇ ਗਏ ਕਿ ਉਨ੍ਹਾਂ ਸਮਿਆਂ ਦੌਰਾਨ ਬਹੁਤ ਸਾਰੇ ਖਿੱਤੇ ਮਰਦ ਵਿਹੂਣੇ ਹੋ ਗਏ ਕੇਵਲ ਔਰਤਾਂ ਹੀ ਰਹਿ ਗਈਆਂ ਸਨ। ਸੰਨ 1947 ਵਿਚ ਸਾਡੇ ਮੁਲਕ ਦੀ ਧਰਮ ਦੇ ਨਾਂਅ 'ਤੇ ਹੋਈ ਵੰਡ ਵਿਚ 10 ਲੱਖ ਤੋਂ ਵੱਧ ਲੋਕ ਫਿਰਕੂ ਫ਼ਸਾਦ ਦੀ ਭੇਟ ਚੜ੍ਹੇ। ਵੰਡੇ ਜਾਣ ਮਗਰੋਂ ਦੋਹਾਂ ਮੁਲਕਾਂ ਦੇ ਲੋਕ ਅੱਜ ਤੱਕ ਉਨ੍ਹਾਂ ਵੇਲਿਆਂ ਨੂੰ ਯਾਦ ਕਰਕੇ ਰੋਂਦੇ ਹਨ। 1947 ਵਿਚ ਮਿਲੀ ਆਜ਼ਾਦੀ ਨੂੰ ਬਰਬਾਦੀ ਅਤੇ ਉਸ ਵੇਲੇ ਨੂੰ 'ਰੌਲਿਆਂ ਵੇਲਾ' ਆਖਦੇ ਹਨ। ਧਰਮ ਦੇ ਨਾਂਅ 'ਤੇ ਵੱਖ ਹੋ ਗਏ ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਆਮ ਲੋਕਾਂ ਦੇ ਦੁੱਖ ਘਟੇ ਨਹੀਂ ਬਲਕਿ ਉਹ ਵੀ ਸਾਡੇ ਮੁਲਕ ਦੇ ਆਮ ਲੋਕਾਂ ਵਾਂਗ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਸਮੱਸਿਆਵਾਂ ਤੋਂ ਪੀੜਤ ਹਨ ਅਤੇ ਇਹ ਸਮੱਸਿਆਵਾਂ ਹਰ ਦਿਨ ਵਿਕਰਾਲ ਰੂਪ ਲੈ ਰਹੀਆਂ ਹਨ। ਇਸ ਤੋਂ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਮਨੁੱਖ ਦੇ ਦੁੱਖਾਂ ਅਤੇ ਸਮੱਸਿਆ ਦੀ ਜੜ੍ਹ ਕਿਤੇ ਹੋਰ ਪਈ ਹੈ।

ਹਕੀਕਤ ਇਹ ਹੈ ਕਿ ਅੱਜ ਦਾ ਮਨੁੱਖ ਅੱਜ ਤੋਂ ਦੋ ਸਦੀਆਂ ਪਹਿਲਾਂ ਵਾਲਾ ਮਨੁੱਖ ਨਹੀਂ। ਉਸ ਦੀਆਂ ਲੋੜਾਂ ਬਦਲੀਆਂ ਹਨ। ਬਹੁਤ ਸਾਰੀਆਂ ਅਜਿਹੀਆਂ ਲੋੜਾਂ ਉਸ ਦੀ ਜ਼ਿੰਦਗੀ ਵਿਚ ਸ਼ਾਮਿਲ ਹੋ ਗਈਆਂ ਹਨ, ਜਿਨ੍ਹਾਂ ਬਗੈਰ ਹੁਣ ਉਸ ਦਾ ਜਿਊਣਾ ਸੰਭਵ ਨਹੀਂ ਜਾਪਦਾ। ਮਿਸਾਲ ਵਜੋਂ ਬਿਜਲੀ, ਇਹ ਅੱਜ ਦੇ ਮਨੁੱਖ ਦੇ ਜੀਵਨ ਲਈ ਜ਼ਰੂਰੀ ਲੋੜ ਬਣ ਗਈ ਹੈ। ਮਨੁੱਖ ਨਿਤਾਪ੍ਰਤੀ ਦੀਆਂ ਕਈ ਲੋੜਾਂ ਲਈ ਦੂਜਿਆਂ 'ਤੇ ਨਿਰਭਰ ਹੈ। ਉਸ ਦੇ ਵਿਕਾਸ ਕਰਨ ਅਤੇ ਜਿਉਂਦੇ ਰਹਿਣ ਲਈ ਉਸ ਦੀ ਜ਼ਰੂਰੀ ਲੋੜਾਂ ਦੀ ਪੂਰਤੀ ਬੇਹੱਦ ਜ਼ਰੂਰੀ ਹੈ। ਵਿਕਾਸ ਦੇ ਜਿਸ ਦੌਰ ਵਿਚੋਂ ਅਸੀਂ ਗੁਜ਼ਰ ਰਹੇ ਹਾਂ ਉੱਥੇ ਮਨੁੱਖ ਦੀਆਂ ਕਈ ਅਜਿਹੀਆਂ ਲੋੜਾਂ ਬਣ ਗਈਆਂ ਹਨ, ਜਿਨ੍ਹਾਂ ਬਗੈਰ ਸਾਵੇਂ ਪੱਧਰੇ ਜੀਵਨ ਦਾ ਕਿਆਸ ਨਹੀਂ ਕੀਤਾ ਜਾ ਸਕਦਾ।

ਅੱਜ ਸਾਨੂੰ ਸਮਝਣ ਦੀ ਲੋੜ ਇਹ ਹੈ ਕਿ ਮਨੁੱਖੀ ਲੋੜਾਂ ਦੀ ਪੂਰਤੀ ਲਈ ਵਰਤੇ ਜਾਂਦੇ ਸਾਧਨਾਂ 'ਤੇ ਪੂਰੀ ਦੁਨੀਆ ਵਿਚ ਕਾਰਪੋਰੇਸ਼ਨਾਂ ਕਾਬਜ਼ ਹੋ ਰਹੀਆਂ ਹਨ। ਅੱਜ ਦੀ ਦੁਨੀਆ ਦੇ ਦੇਸ਼ ਤੇ ਦੇਸ਼ਾਂ ਦੇ ਲੋਕ ਇਨ੍ਹਾਂ ਕਾਰਪੋਰੇਸ਼ਨਾਂ ਦੇ ਇਕ ਤਰ੍ਹਾਂ ਨਾਲ ਗ਼ੁਲਾਮ ਬਣਾਏ ਗਏ ਹਨ ਜਾਂ ਬਣਾਏ ਜਾ ਰਹੇ ਹਨ। ਇੱਕੀਵੀਂ ਸਦੀ ਦੀ ਦੁਨੀਆ ਦੀ ਗ਼ੁਲਾਮੀ ਹੁਣ ਉਹ ਗ਼ੁਲਾਮੀ ਨਹੀਂ ਜਿਸ ਵਿਚ ਇਕ ਖਿੱਤੇ ਦੀ ਪਰਜਾ ਕਿਸੇ ਤੋਂ ਸੱਤਾ ਪਾਉਣ ਲਈ ਸੰਘਰਸ਼ ਕਰਦੀ ਸੀ। ਬਲਕਿ ਇਹ ਅਜਿਹੀ ਇਕ ਅਦਿੱਖ ਗ਼ੁਲਾਮੀ ਦਾ ਵਰਤਾਰਾ ਹੈ ਜੋ ਪੂਰੀ ਦੁਨੀਆ ਵਿਚ ਚਲ ਰਿਹਾ ਹੈ ਅਤੇ ਬਹੁਗਿਣਤੀ ਨੂੰ ਇਸ ਦੀ ਸਮਝ ਆਉਣੀ ਅਜੇ ਬਾਕੀ ਹੈ। ਦੁਨੀਆ ਦਾ ਆਮ ਮਨੁੱਖ ਕਿਸ ਤਰ੍ਹਾਂ ਦਾ ਹੋਵੇ, ਕੀ ਖਾਵੇ ਕੀ ਪਾਵੇ, ਉਹ ਕਿਸ ਤਰ੍ਹਾਂ ਦੀ ਜ਼ਿੰਦਗੀ ਬਸਰ ਕਰੇ, ਇਹ ਨਿਰਧਾਰਤ ਹੁਣ ਕਾਰਪੋਰੇਟ ਜਗਤ ਕਰ ਰਿਹਾ ਹੈ। ਵਿਸ਼ਵ ਵਪਾਰ ਸੰਗਠਨ ਦੀਆਂ ਨੀਤੀਆਂ ਨੂੰ ਹਰ ਮੁਲਕ ਵਿਚ ਲਾਗੂ ਕਰਨ ਦੀ ਕਵਾਇਦ ਚੱਲ ਰਹੀ ਹੈ। ਲੋਕ ਭਾਵੇਂ ਕਿਸੇ ਵੀ ਜਾਤ, ਧਰਮ, ਨਸਲ ਦੇ ਹੋਣ ਕੋਸ਼ਿਸ਼ ਇਹ ਹੈ ਕਿ ਜੰਗਲ, ਜ਼ਮੀਨ, ਖਣਿਜ ਪਦਾਰਥਾਂ ਦੇ ਸਰੋਤ, ਨਦੀਆਂ ਦਰਿਆ, ਬਿਜਲੀ, ਸੜਕਾਂ, ਨਹਿਰਾਂ ਜਨਤਕ ਹੱਥਾਂ ਵਿਚੋਂ ਖੋਹ ਲਈਆਂ ਜਾਣ। ਇਸ ਤੋਂ ਇਲਾਵਾ ਛੋਟੇ ਕਾਰੋਬਾਰੀਆਂ, ਦੁਕਾਨਦਾਰਾਂ, ਦਸਤਕਾਰਾਂ ਦੇ ਕਾਰੋਬਾਰ ਹਥਿਆਉਣ ਲਈ ਕਾਰਪੋਰੇਸ਼ਨਾਂ ਵਲੋਂ ਵੱਡੇ ਮਾਲ ਉਸਾਰ ਕੇ ਆਨਲਾਈਨ ਦੁਕਾਨਦਾਰੀ ਰਾਹੀਂ ਵੱਡੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਦੁਕਾਨਦਾਰਾਂ, ਦਸਤਕਾਰਾਂ ਅਤੇ ਕਿਸਾਨਾਂ ਦੀਆਂ ਔਲਾਦਾਂ ਨੂੰ ਕਰਿੰਦੇ ਬਣਾਏ ਜਾਣ ਦੀ ਕਵਾਇਦ ਪੂਰੀ ਦੁਨੀਆ ਵਿਚ ਚੱਲ ਰਹੀ ਹੈ। ਸਾਧਨ ਵਿਹੂਣੇ ਮਨੁੱਖ ਨੂੰ ਥੋੜ੍ਹੀਆਂ-ਥੋੜ੍ਹੀਆਂ ਨਿਗੁਣੀਆਂ ਖ਼ੈਰਾਂ ਪਾਈਆਂ ਜਾ ਰਹੀਆਂ ਹਨ। ਜੇਕਰ ਉਹ ਆਪਣੀ ਪੈਦਾ ਕੀਤੀ ਜਿਣਸ ਦਾ ਚੰਗਾ ਵਾਜਬ ਮੁੱਲ ਮੰਗਦਾ ਹੈ ਤਾਂ ਇਹ ਉਸ ਨੂੰ ਨਹੀਂ ਮਿਲਦਾ, ਜੇਕਰ ਉਹ ਆਪਣੀ ਪੜ੍ਹੀ ਲਿਖੀ ਔਲਾਦ ਲਈ ਸਰਕਾਰੀ ਨੌਕਰੀ ਮੰਗਦਾ ਹੈ ਤਾਂ ਉਸ ਨੂੰ ਪੁਲਿਸ ਬਲ ਦਾ ਪ੍ਰਯੋਗ ਕਰਕੇ ਰੋਕਿਆ ਜਾਂਦਾ ਹੈ ਪਰ ਬਿਨਾਂ ਮੰਗਿਆਂ ਕੁਝ ਚੀਜ਼ਾਂ ਉਸ ਅੱਗੇ ਪਰੋਸੀਆਂ ਜਾ ਰਹੀਆਂ ਹਨ। ਉਸ ਨੂੰ ਕੰਮ ਬਦਲੇ ਉਜਰਤ ਦੇਣ ਦੀ ਬਜਾਏ ਮੁਫ਼ਤ ਆਟਾ ਦਾਲ ਦਿੱਤੀ ਜਾ ਰਹੀ ਹੈ। ਮੁਫ਼ਤ ਬੱਸ ਪਾਸ ਜਾਰੀ ਕੀਤੇ ਜਾ ਰਹੇ ਹਨ। ਮੁਫ਼ਤ ਬਿਜਲੀ ਅਤੇ ਇੱਥੋਂ ਤੱਕ ਕਿ ਜੋ ਕਦੇ ਲੋਕਾਂ ਨੇ ਸੋਚਿਆ ਨਹੀਂ ਹੁੰਦਾ ਮੁਫ਼ਤ ਤੀਰਥ ਯਾਤਰਾ ਵਰਗੇ ਪ੍ਰਬੰਧਾਂ 'ਤੇ ਸਰਕਾਰਾਂ ਕੰਮ ਕਰਦੀਆਂ ਹਨ, ਇਹ ਸਭ ਕੁਝ ਕਿਸ ਲਈ ਹੋ ਰਿਹਾ ਹੈ? ਸਰਕਾਰਾਂ ਨੂੰ ਵਿਵੇਕਸ਼ੀਲ ਮਨੁੱਖਾਂ ਦੀ ਬਜਾਏ ਵਿਵੇਕਹੀਣ ਮਨੁੱਖਾਂ ਦੀ ਵਧੇਰੇ ਲੋੜ ਹੈ। ਦੁਨੀਆ ਦੇ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਸਭ ਪਾਸੇ ਇਹ ਪੂਰੀ-ਪੂਰੀ ਕੋਸ਼ਿਸ਼ ਹੈ ਕਿ ਸਾਧਨ ਸੰਪੰਨ ਮਨੁੱਖਾਂ ਦੀ ਬਜਾਏ ਚੰਗੇ ਕਰਿੰਦਿਆਂ ਦੀ ਦੁਨੀਆ ਪੈਦਾ ਕੀਤੀ ਜਾਵੇ। ਉਹ ਜਮਾਤ ਪੈਦਾ ਕੀਤੀ ਜਾਵੇ ਜੋ ਵਪਾਰ ਦੀ ਬੋਲੀ ਸਮਝਦੀ ਹੋਵੇ। ਜੋ ਬਿਨਾਂ ਹੀਲ ਹੁਜਤ ਆਪਣੀ ਖ਼ੈਰਾਤ ਲੈਣ ਤੇ ਸਰਕਾਰਾਂ ਦਾ ਧੰਨਵਾਦ ਕਰਨ। ਜੋ ਕਾਰਪੋਰੇਸ਼ਨਾਂ ਲਈ ਕੰਮ ਕਰਨ ਅਤੇ ਕੁਝ ਘੰਟੇ ਬੇਸਮੈਂਟਾਂ ਵਿਚ ਆਰਾਮ ਕਰਨ ਦੇ ਆਦੀ ਹੋਣ। 18-18 ਘੰਟੇ ਕੰਮ ਕਰਨ ਦੇ ਬਾਵਜੂਦ ਇਨ੍ਹਾਂ ਲੋਕਾਂ ਕੋਲ ਇੰਨੀ ਕੁ ਉਜਰਤ ਹੋਵੇ ਕਿ ਇਹ ਆਪਣੇ ਟੈਕਸ ਭਰ ਸਕਣ, ਮੋਬਾਇਲ ਡਾਟਾ ਖਰੀਦਣ, ਪਹਿਨਣ ਲਈ ਕੱਪੜਾ ਤੇ ਰੋਟੀ ਖਾਣ ਤੱਕ ਸੀਮਤ ਹੋ ਜਾਣ। ਇੱਥੇ ਸੋਚਣ ਵਾਲੀ ਗੱਲ ਇਹ ਵੀ ਹੈ ਕਿ ਇਹ ਅਦਿੱਖ ਗ਼ੁਲਾਮੀ ਕਿਸੇ ਇਕ ਧਰਮ ਫ਼ਿਰਕੇ ਲਈ ਨਹੀਂ ਬਲਕਿ ਸਭ ਤਰ੍ਹਾਂ ਦੇ ਲੋਕਾਂ ਨਾਲ ਇਸ ਵਿਚ ਬਰਾਬਰ ਦਾ ਵਿਵਹਾਰ ਕੀਤਾ ਜਾਵੇਗਾ। ਕਿਸੇ ਨਾਲ ਤੇਰ-ਮੇਰ ਨਹੀਂ ਹੋਵੇਗੀ। ਇਹ ਸਭ ਕੁਝ ਦੁਨੀਆ ਦੇ ਕਿਸੇ ਇਕ ਖਿੱਤੇ ਵਿਚ ਨਹੀਂ ਬਹੁਗਿਣਤੀ ਦੇਸ਼ਾਂ ਵਿਚ ਹੋ ਰਿਹਾ ਹੈ। ਇਸ ਸਾਰੀ ਖੇਡ ਦਾ ਇਕ ਦੂਜਾ ਪਾਸਾ ਵੀ ਹੈ, ਜਿਸ ਵਿਚ ਆਮ ਮਨੁੱਖ ਗ਼ੁਲਾਮ ਵੀ ਰਹੇ ਅਤੇ ਉਸ ਨੂੰ ਆਪਣੀ ਗ਼ੁਲਾਮੀ ਦਾ ਅਹਿਸਾਸ ਵੀ ਨਾ ਹੋਵੇ। ਇਹ ਬੜਾ ਜ਼ਰੂਰੀ ਹੈ ਕਿ ਜੇਕਰ ਉਸ ਕੋਲ ਵਿਹਲ ਹੈ ਤਾਂ ਉਹ ਧਰਮ ਕਰਮ ਦੇ ਕਾਰਜਾਂ ਵਿਚ ਉਲਝਿਆ ਰਹੇ। ਧਰਮ ਦੇ ਨਾਂਅ 'ਤੇ ਦੰਗੇ ਫਸਾਦ ਫ਼ਿਰਕਾਪ੍ਰਤੀ ਨੂੰ ਹਵਾ ਮਿਲਦੀ ਰਹੇ ਤਾਂ ਕਿ ਉਸ ਨੂੰ ਸਮਝ ਨਾ ਆਵੇ ਕਿ ਉਸ ਦੇ ਹਿੱਸੇ ਆਉਂਦੇ ਅੰਬਰ ਨੂੰ ਕਿਵੇਂ ਉਧਾਲ ਲਿਆ ਗਿਆ ਹੈ ਉਸ ਦੇ ਪੈਰਾਂ ਹੇਠਲੀ ਜ਼ਮੀਨ ਨੂੰ ਕਿਵੇਂ ਖਿਸਕਾਇਆ ਜਾ ਰਿਹਾ ਹੈ?

ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੀ ਅਦਿੱਖ ਗ਼ੁਲਾਮੀ ਨੂੰ ਸਮਝਣ ਦੀ ਕੋਸ਼ਿਸ਼ ਕਰੀਏ, ਲੋਕਾਂ ਵਿਚ ਧਰਮ ਦੇ ਨਾਂਅ 'ਤੇ ਵੰਡੀਆਂ ਪਾਉਣ ਵਾਲੀਆਂ ਤਾਕਤਾਂ ਦੀ ਪਹਿਚਾਣ ਕਰੀਏ। ਕਿਸਾਨ ਅੰਦੋਲਨ ਦੀ ਜਿੱਤ ਨੇ ਸਾਨੂੰ ਇਹ ਸਿਖਾਇਆ ਸੀ ਕਿ ਅਸੀਂ ਸ਼ਾਂਤਮਈ ਰਹਿ ਕੇ ਵਿਵੇਕਸ਼ੀਲ ਢੰਗ ਨਾਲ ਕਾਰਪੋਰੇਟ ਨੀਤੀਆਂ ਵਿਰੁੱਧ ਸੰਘਰਸ਼ ਕਰ ਸਕਦੇ ਹਾਂ। ਇਸ ਸਮੇਂ ਅਸੀਂ ਜਿਸ ਦੌਰ ਵਿਚੋਂ ਗੁਜ਼ਰ ਰਹੇ ਹਾਂ, ਸਾਨੂੰ ਵਿਵੇਕਸ਼ੀਲ ਹੋਣ ਦੀ ਲੋੜ ਹੈ। ਆਪਣੀਆਂ ਮੁਸ਼ਕਿਲਾਂ ਤੇ ਸਮੱਸਿਆਵਾਂ ਦੇ ਕਾਰਨਾਂ ਨੂੰ ਜਾਨਣ ਦੀ ਜ਼ਰੂਰਤ ਹੈ। ਜਿੱਥੇ ਪੰਜਾਬੀਆਂ ਨੂੰ ਆਪਣੇ ਕਿਰਤ ਦੇ ਖਾਸੇ ਨਾਲ ਜੁੜਨ ਦੀ ਲੋੜ ਹੈ, ਉੱਥੇ ਉੱਚ ਵਿੱਦਿਆ ਹਾਸਲ ਕਰਕੇ ਆਪਣੇ ਕਿਰਦਾਰ ਬੁਲੰਦ ਕਰਨ ਦੀ ਵੱਡੀ ਲੋੜ ਹੈ। ਭਵਿੱਖ ਵਿਚ ਜਿਨ੍ਹਾਂ ਲੋਕਾਂ ਕੋਲ ਆਪਣੇ ਸਾਧਨ ਹੋਣਗੇ, ਗਿਆਨ ਦਾ ਖ਼ਜ਼ਾਨਾ ਹੋਵੇਗਾ ਅਤੇ ਵਿਗਿਆਨਕ ਸੋਚ ਹੋਵੇਗੀ ਉਹ ਲੋਕ ਦੁਨੀਆ ਦੇ ਮਾਲਿਕ ਹੋਣਗੇ। ਅਸੀਂ ਗਿਆਨ, ਵਿਗਿਆਨ ਅਤੇ ਕਿਰਦਾਰ ਦੀ ਬੁਲੰਦੀ ਦੇ ਸਿਰ 'ਤੇ ਆਪਣੀਆਂ ਸਮੱਸਿਆਵਾਂ ਦੀ ਥਾਹ ਪਾ ਕੇ ਇਨ੍ਹਾਂ ਤੋਂ ਨਿਜਾਤ ਪਾ ਸਕਦੇ ਹਾਂ। ਸਾਨੂੰ ਇਸ ਸਮੇਂ ਉੱਚ ਵਿੱਦਿਆ, ਗਿਆਨ, ਵਿਗਿਆਨ ਅਤੇ ਕਿਰਤ ਨਾਲ ਜੋੜਨ ਵਾਲੀ ਕ੍ਰਾਂਤੀ ਦੀ ਲੋੜ ਹੈ।



ਪ੍ਰਿੰ:ਹਰੀ ਕ੍ਰਿਸ਼ਨ ਮਾਇਰ
97806-67686

# ਹਵਾਈ ਜਹਾਜ਼ ਦੇ ਖੋਜੀ ਰਾਈਟ ਭਰਾ

ਰੌਚਕ ਜਾਣਕਾਰੀ

ਵਿਲਬਰ ਦਾ ਜਨਮ ਮਿਲਵਿਲੇ (ਇੰਡਿਆਨਾ) ਵਿਚ 16 ਅਪ੍ਰੈਲ 1867 ਨੂੰ ਹੋਇਆ ਸੀ। ਓਰਵਿਲੇ ਦਾ ਜਨਮ 19 ਅਗਸਤ 1871 ਨੂੰ ਡੇਅਟਨ (ਓਹਾਇਓ) ਵਿਚ ਹੋਇਆ। ਉਹ ਸੱਤ ਭੈਣ ਭਰਾ ਸਨ। ਉਹ ਦੋਵੇਂ ਹੋਰਾਂ ਨਾਲ਼ੋਂ ਛੋਟੇ ਸਨ। ਵਿਲਬਰ ਓਰਵਿਲੇ ਤੋਂ ਚਾਰ ਸਾਲ ਵੱਡਾ ਸੀ। ਦੋਹਾਂ ਭਰਾਵਾਂ ਦੀ ਰੁਚੀ ਬਚਪਨ ਤੋਂ ਹੀ ਨਵੀਂਆਂ ਖੋਜਾਂ ਖੋਜਣ ਵਿਚ ਸੀ। ਵਿਲਬਰ ਚਾਰ ਸਾਲ ਹਾਈ ਸਕੂਲ ਵਿਚ ਪੜ੍ਹਿਆ ਸੀ ਅਤੇ ਓਰਵਿਲੇ ਤਿੰਨ ਸਾਲ। ਉਨ੍ਹਾ ਦੀ ਦਿਲਚਸਪੀ ਉਦੋਂ ਉੱਡਦੀਆਂ ਚੀਜ਼ਾਂ ਵਿਚ ਹੋ ਗਈ, ਜਦੋਂ ਉਨ੍ਹਾ ਦਾ ਪਿਤਾ ਉਨ੍ਹਾ ਦੇ ਖੇਡਣ ਲਈ ਇਕ ਖਿਡੌਣਾ ਹੈਲੀਕਾਪਟਰ ਲੈ ਕੇ ਆਇਆ ਸੀ। ਇਹ ਖਿਡੌਣਾ ਫਰਾਂਸ ਦੇ ਖੋਜੀ ਐਲਫੋਨਸੇ ਪੇਨੌਡ ਦੀ ਖੋਜ 'ਤੇ ਆਧਾਰਤ ਸੀ। ਇਕ ਫੁੱਟ ਦੇ ਕਰੀਬ ਲੰਬਾ,ਇਹ ਜਹਾਜ਼ ਖਿਡੌਣਾ ਕਾਗ਼ਜ਼, ਬਾਂਸ, ਕਾਰਕ ਸਮੇਤ ਰਬੜ ਬੈਂਡ (ਰੋਟਰ ਨੂੰ ਘੁਮਾਉਣ ਲਈ ) ਦਾ ਬਣਿਆਂ ਹੋਇਆ ਸੀ। ਦੋਵੇ ਭਰਾ ਉਸ ਖਿਡੌਣੇ ਨਾਲ ਉਦੋ ਤੱਕ ਖੇਡਦੇ ਰਹੇ ਜਦੋਂ ਤੱਕ ਇਹ ਟੁੱਟ ਨਹੀਂ ਗਿਆ। ਫੇਰ ਉਨ੍ਹਾਂ ਨੇ ਖ਼ੁਦ ਜਹਾਜ਼ ਖਿਡੌਣਾ ਤਿਆਰ ਕਰ ਲਿਆ। ਓਰਵਿਲੇ ਨੂੰ ਪਤੰਗ ਤਿਆਰ ਕਰਨ ਅਤੇ ਉਡਾਣ ਦਾ ਪਹਿਲਾਂ ਹੀ ਸ਼ੌਕ ਸੀ। ਓਰਵਿਲੇ ਨੇ ਦੁਨੀਆਂ ਦੀ ਪਹਿਲੀ ਉਡਾਣ ਉੱਤਰੀ ਕੈਰੋਲੀਨਾ



ਦੇ ਕਿੱਟੀ ਹਾਅਕ ਸਥਾਨ ਤੋਂ 17 ਦਿਸੰਬਰ 1903 ਨੂੰ ਭਰੀ। ਕਿੱਟੀ ਹਾਅਕ ਸਥਾਨ ਦੀ ਚੋਣ ਕਰਨ ਪਿੱਛੇ ਇਹੀ ਕਾਰਨ ਸੀ ਕਿ ਉਸ ਥਾਂ 'ਤੇ ਇਕ ਉੱਚੀ ਪਹਾੜੀ ਸੀ। ਉੱਥੇ ਮੱਠੀ ਮੱਠੀ ਹਵਾ ਰੁਮਕਦੀ ਸੀ। ਰੇਤੀਲੀ ਜਗ੍ਹਾ ਸੀ। ਇੱਥੇ ਸੰਕਟ ਸਮੇਂ ਜਹਾਜ਼ ਉਤਾਰਨਾ ਸੌਖਾ ਸੀ। ਪਹਿਲੀ ਉਡਾਣ ਵੇਲੇ ਜਹਾਜ਼ ਕੇਵਲ 12 ਸੈਕਿੰਡ ਹੀ ਉੱਡਿਆ। ਇਸ ਸਮੇਂ ਦੌਰਾਨ ਉਸ ਨੇ 120 ਫੁੱਟ ਦੀ ਦੂਰੀ ਤਹਿ ਕੀਤੀ। ਉਸ ਦਿਨ ਦੋਵੇਂ ਭਾਈਆਂ ਨੇ ਵਾਰੀ ਵਾਰੀ ਕਈ ਵਾਰੀ ਉਡਾਣਾਂ ਭਰੀਆਂ। ਥੋੜ੍ਹੀ ਲੰਬੀ ਦੂਰੀ ਵੀ ਉੱਡੇ। ਜਿਹੜਾ ਕਾਰਜ ਰਾਈਟ ਭਰਾਵਾਂ ਨੇ ਪੂਰਾ ਕਰ ਦਿਖਾਇਆ ਇਹ ਕੋਈ ਐਰਾ ਗੈਰਾ ਕੰਮ ਨਹੀਂ ਸੀ। ਫਿਰ ਉਹ ਸਾਲਾਂ ਵਧੀ ਗਲਾਈਡਰਾਂ, ਖੰਭਾ ਦੇ ਡਿਜ਼ਾਈਨ ਵਿਚ ਸੁਧਾਰ ਕਰਨ ਲਈ ਪ੍ਰਯੋਗ ਕਰਦੇ ਰਹੇ ਸਨ। ਹੁਣ ਤੀਕਰ ਉਨ੍ਹਾ ਨੂੰ ਪਤਾ ਲੱਗ ਚੁੱਕਾ ਸੀ ਕਿ ਦਮਦਾਰ ਪ੍ਰੋਪੈਲਰ ਅਤੇ ਘੱਟ ਵਜ਼ਨੀ ਇੰਜਣ ਤਿਆਰ ਕਰ ਕੇ ਹੋਰ ਲੰਬੀ ਦੂਰੀ ਤੀਕ ਉਡਾਣ ਭਰਨ ਦੇ ਸਮਰੱਥ ਹੋ ਸਕਣਗੇ। ਹੌਲੀ ਹੌਲੀ ਤਕਨੀਕ ਵਿਚ ਸੁਧਾਰ ਹੁੰਦੇ ਰਹੇ। ਪਰ ਸਭ ਤੋਂ ਵੱਡਾ ਸੀ, ਉਨ੍ਹਾਂ ਦਾ ਹੌਸਲਾ, ਜੋ ਪਹਿਲੀ ਉਡਾਣ ਭਰਨ ਵੇਲੇ ਉਨ੍ਹਾ ਦੋਵਾਂ ਭਰਾਵਾਂ ਵਿਚ ਮੌਜੂਦ ਸੀ। ਪਹਿਲੀ ਉਡਾਣ ਭਰਨ ਪਿੱਛੋਂ ਉਹ ਚੈਨ ਨਾਲ ਨਹੀਂ ਬੈਠੇ ਸਨ। ਉਹ ਆਪਣੇ ਜਹਾਜ਼ ਨੂੰ ਪੂਰਾ ਕਰਨ ਵਿਚ ਰੁੱਝੇ ਰਹੇ। ਇਕ ਸਾਲ ਪਿੱਛੋਂ ਨਵੰਬਰ 1904 ਨੂੰ ਵਿਲਬਰ ਨੇ ਆਪਣਾ ਸੁਧਰਿਆ ਨਵਾਂ ਹਵਾਈ ਜਹਾਜ਼, ਫਲਾਇਰ-2 ਹਵਾ ਵਿਚ ਉਡਾਇਆ । ਇਸ ਵਾਰ ਉਹ ਪੰਜ ਮਿੰਟ ਉਡਾਣ ਭਰ ਸਕਿਆ ਸੀ। ਇਸ ਤੋਂ ਉਪਰੰਤ ਰਾਈਟ ਭਰਾਵਾਂ ਨੇ ਏਅਰੋ ਡਾਇਨੈਮਿਕਸ, ਪ੍ਰੋਪੈਲਰ, ਖੰਭਾ ਨੂੰ ਡਿਜ਼ਾਈਨ ਕਰਨ ਹਿਤ ਬੜਾ ਕੰਮ ਕੀਤਾ। ਰਾਈਟ ਭਰਾਵਾਂ ਨਾਲ ਜੁੜੀਆਂ ਕੁਝ ਦਿਲਚਸਪ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰੀਏ:

ਉਨ੍ਹਾਂ ਦਾ ਪਿਤਾ ਸੁਰੱਖਿਆ ਨੂੰ ਮੱਦੇਨਜਰ ਰੱਖਦਿਆਂ ਉਨ੍ਹਾਂ ਨੂੰ ਅਕਸਰ ਕਿਹਾ ਕਰਦਾ, ਓਏ ਤੁਸੀ ਦੋਵੇਂ ਇਕੱਠੇ ਨਾਂ ਜਹਾਜ਼ ਉਡਾਇਆ ਕਰੋ। ਜੇ ਕੱਠਿਆਂ ਦੇ ਸੱਟ ਫੇਟ ਲੱਗ ਗਈ, ਮੁਸੀਬਤ ਖੜ੍ਹੀ ਕਰ ਦਿਉਗੇ।

19 ਅਗਸਤ ਦੇ ਦਿਨ ਓਰੀਵਿਲੇ ਰਾਈਟ ਦਾ ਜਨਮ ਦਿਨ ਸੀ,ਉਸੇ ਦਿਨ 'ਨੈਸ਼ਨਲ ਏਵੀਏਸ਼ਨ ਦਿਵਸ' ਹੁੰਦਾ ਹੈ।

ਦੋਵੇਂ ਭਰਾ ਆਕਾਸ਼ ਵਿਚ ਪੰਛੀਆਂ ਨੂੰ ਉੱਡਦਿਆਂ ਦੇਖਦੇ ਸਨ ਕਿ ਕਿਵੇਂ ਉਹ ਆਪਣੇ ਖੰਭਾਂ ਦਾ ਉਪਯੋਗ ਕਰਦੇ ਸਨ। ਇਸ ਨਿਰੀਖਣ ਨਾਲ ਉਹ ਆਪਣੇ ਜਹਾਜ਼ ਦੇ ਖੰਭਾਂ ਨੂੰ ਆਕਾਰ ਤੇ ਦਿਸ਼ਾ ਦੇਂਦੇ ਸਨ। ਉੱਤਰੀ ਕੈਰੋਲੀਨ ਅਤੇ ਓਹਾਇਓ ਦੋਵੇਂ ਹੀ ਰਾਈਟ ਭਰਾਵਾ ਦੀ ਉਡਾਣ 'ਤੇ ਮਾਣ ਮਹਿਸੂਸ ਕਰਦੇ ਸਨ। ਓਹਾਇਓ ਵਿਚ ਉਹ ਰਹਿੰਦੇ ਰਹੇ ਸਨ। ਉੱਥੇ ਹੀ ਏਅਰ ਕਰਾਫ਼ਟ ਡਿਜ਼ਾਈਨ ਕੀਤਾ ਸੀ। ਉੱਤਰੀ ਕੈਰੋਲੀਨ ਵਿਚ ਉਨ੍ਹਾਂ ਪਹਿਲੀ ਉਡਾਣ ਭਰ ਕੇ ਇਤਿਹਾਸ ਸਿਰਜਿਆ ਸੀ।

## ਰਸਤਾ ਲੱਭੋ




## ਬਿੰਦੂ ਮਿਲਾਓ



ਲਿਖਤ : ਹਰੀਦਾਸ ਕਾਲੋਨੀ, ਨਾਭਾ।
ਸੰਪਰਕ : 94178-97576

# ਵੀਡੀਓ ਖੇਡਾਂ ਦਾ ਬਾਲ-ਮਨ 'ਤੇ ਪ੍ਰਭਾਵ



ਕੋਈ ਵੀ ਖੇਡ ਬਾਲ-ਮਨ ਦੀ ਪਹਿਲੀ ਪਸੰਦ ਹੋ ਸਕਦੀ ਹੈ, ਕਿਉਂਕਿ ਬਾਲ-ਮਨ ਹੁੰਦਾ ਹੀ ਚੰਚਲ ਹੈ। ਮਨ ਕਿਸੇ ਵੀ ਖੇਡ ਨੂੰ ਖੇਡਣ ਪਿੱਛੇ ਬੜੀ ਵੱਡੀ ਭੂਮਿਕਾ ਅਦਾ ਕਰਦਾ ਹੈ। ਖੇਡਾਂ ਬਾਲ-ਮਨਾਂ 'ਚ ਛੇਤੀ ਫ਼ੈਸਲਾ ਲੈਣ ਦੀ ਸਮਰੱਥਾ 'ਚ ਭਰਪੂਰ ਵਾਧਾ ਕਰਦੀਆਂ ਹਨ। ਬਾਲ-ਮਨ ਵਿਚ ਖੇਡ ਹਰ ਪਲ ਚਲਦੀ ਰਹਿੰਦੀ ਹੈ, ਕਿਉਂਕਿ ਬਾਲ-ਮਨ ਦਾ ਖੇਡ ਨਾਲ ਰਿਸ਼ਤਾ ਨਹੁੰ ਤੇ ਮਾਸ ਵਾਲਾ ਰਿਸ਼ਤਾ ਹੈ। ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਅਤੇ ਹੰਢਣਸਾਰ ਬਣਾਉਣ ਲਈ ਸਹੀ ਸੇਧ ਅਤੇ ਚੰਗੀ ਸੋਚ ਦੀ ਬਹੁਤ ਲੋੜ ਹੈ।

ਖੇਡਾਂ ਬਾਲ-ਮਨ 'ਤੇ ਬਹੁਤ ਡੂੰਘੀ ਛਾਪ ਛੱਡਦੀਆਂ ਹਨ। ਖੇਡਾਂ ਬਾਲ-ਮਨ ਨੂੰ ਚੰਗੇ ਪਾਸੇ ਲਗਾਉਣ ਦਾ ਬੜਾ ਵਧੀਆ ਸਾਧਨ ਹਨ। ਬੱਚਿਆਂ ਅੰਦਰ ਛੁਪੀਆਂ ਅਸੀਮ ਸ਼ਕਤੀਆਂ ਖੇਡਾਂ ਰਾਹੀਂ ਹੀ ਬਾਹਰ ਲਿਆਂਦੀਆਂ ਜਾ ਸਕਦੀਆਂ ਹਨ, ਕਿਉਂਕਿ ਖੇਡਾਂ ਬਾਲ-ਮਨ ਦੀ ਤਰਜਮਾਨੀ ਕਰਦੀਆਂ ਹੋਈਆਂ ਬੱਚੇ ਦੇ ਭਵਿੱਖ ਦਾ ਫ਼ੈਸਲਾ ਕਰਦੀਆਂ ਹਨ। ਖੇਡਾਂ ਸਾਧਾਰਨ ਮਨੁੱਖ ਨੂੰ ਅਸਧਾਰਨ ਬਣਾਉਣ, ਨਿਵੇਕਲੀ ਦਿੱਖ ਦੇਣ ਅਤੇ ਆਤਮ-ਵਿਸ਼ਵਾਸੀ ਬਣਾਉਣ ਵਿਚ ਵਡਮੁੱਲਾ ਯੋਗਦਾਨ ਪਾਉਂਦੀਆਂ ਹਨ। ਖੇਡ ਜਗਤ ਵਿਚ ਇਸ ਦੀ ਇਕ ਉਦਾਹਰਨ ਮਿਲਖਾ ਸਿੰਘ ਹੈ।

ਜੇਕਰ ਗੱਲ ਆਧੁਨਿਕ ਯੁੱਗ ਦੀ ਕਰੀਏ ਤਾਂ ਬਾਲ-ਮਨਾਂ ਉੱਤੇ ਖੇਡਾਂ ਦਾ ਅਸਰ ਸਾਫ਼ ਨਜ਼ਰ ਆਉਂਦਾ ਹੈ। ਅੱਜਕਲ੍ਹ ਬੱਚੇ ਜ਼ਿਆਦਾਤਰ ਵੀਡੀਓ ਖੇਡਾਂ ਖੇਡਣ ਵਿਚ ਜ਼ਿਆਦਾ ਦਿਲਚਸਪੀ ਵਿਖਾਉਂਦੇ ਹਨ। ਵੀਡੀਓ ਖੇਡਾਂ ਅਤੇ ਇੰਟਰਨੈੱਟ ਖੇਡਾਂ ਦਾ ਬੱਚਿਆਂ ਦੇ ਬਾਲ-ਮਨਾਂ ਉੱਤੇ ਬੜਾ ਡੂੰਘਾ ਪ੍ਰਭਾਵ ਪੈ ਰਿਹਾ ਹੈ, ਜਿਸ ਦੇ ਦੂਰਗਾਮੀ ਸਿੱਟੇ ਨਿਕਲ ਕੇ ਸਾਡੇ ਸਾਹਮਣੇ ਆ ਰਹੇ ਹਨ।

ਮੇਰੇ ਖਿਆਲ ਅਨੁਸਾਰ ਜਿਸ ਤਰ੍ਹਾਂ ਇਕ ਵੀਡੀਓ ਵਿਚ ਦਿਖਾਇਆ ਜਾਂਦਾ ਹੈ ਕਿ ਇਕ ਆਦਮੀ ਆਪਣੀ ਕਾਰ ਵਿਚ ਤੇਜ਼ ਰਫ਼ਤਾਰ ਨਾਲ ਅੱਗੇ ਵਧ ਰਿਹਾ ਹੈ। ਰਸਤੇ ਵਿਚ ਉਹ ਨਵੀਂ ਕਾਰ ਲੈਣ ਵੇਲੇ ਦੂਜੇ ਆਦਮੀ ਨੂੰ ਮਾਰਦਾ ਹੈ ਅਤੇ ਨਵੀਂ ਕਾਰ ਲੈ ਕੇ ਅੱਗੇ ਚਲਾ ਜਾਂਦਾ ਹੈ। ਇੱਥੇ ਬਾਲ-ਮਨਾਂ ਅੰਦਰ ਇਹ ਗੱਲ ਅਪਰਾਧਕ ਗਤੀਵਿਧੀਆਂ ਨੂੰ ਜਨਮ ਦੇਣ ਲਈ ਬੜੀ ਵੱਡੀ ਹੈ। ਦੂਜਾ ਤੇਜ਼ ਰਫ਼ਤਾਰ ਨਾਲ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਕੋਸ਼ਿਸ਼ ਕਰਨਾ ਬੱਚਿਆਂ ਨੂੰ ਟ੍ਰੈਫ਼ਿਕ ਨਿਯਮਾਂ ਨੂੰ ਤੋੜਨ ਵੱਲ ਪ੍ਰੇਰਿਤ ਕਰਦਾ ਹੈ। ਤੀਸਰਾ ਇਨ੍ਹਾਂ ਖੇਡਾਂ ਵਿਚ ਮਾਰਧਾੜ ਆਮ ਜਿਹੀ ਗੱਲ ਹੈ, ਜਿਹੜਾ ਕਿ ਬੱਚਿਆਂ ਦੇ ਮਨਾਂ ਅੰਦਰ ਗੁੱਸਾ, ਹੰਕਾਰ ਅਤੇ ਜ਼ਿਦ ਆਦਿ ਵਰਗੇ ਔਗੁਣਾਂ ਵਿਚ ਵਾਧਾ ਕਰਦਾ ਹੈ। ਚੌਥਾ ਵਾਰ-ਵਾਰ ਆਪਣੇ ਮਿਥੇ ਨਿਸ਼ਾਨੇ ਤੋਂ ਖੁੰਝਣਾ ਵੀ ਬੱਚਿਆਂ ਅੰਦਰ ਬੇਚੈਨੀ, ਅਸਹਿਣਸ਼ੀਲਤਾ ਵਰਗੇ ਵਿਕਾਰਾਂ ਨੂੰ ਜਨਮ ਦੇ ਕੇ ਬਾਲ-ਮਨਾਂ ਦੀ ਕੋਮਲਤਾ, ਸਹਿਜਤਾ ਅਤੇ ਖੇਡਾਂ ਵਿਚਲੀ ਦਿਲਚਸਪੀ ਨੂੰ ਠੇਡਾ ਮਾਰਦਾ ਹੈ। ਬਾਲ-ਮਨਾਂ 'ਤੇ ਇਕ ਅਸਹਿ ਚੀਸ ਅਤੇ ਪੀੜ ਛੱਡਦਾ ਹੈ। ਪੰਜਵਾਂ ਐਕਸੀਡੈਂਟਾਂ ਵਿਚ ਭਾਰੀ ਵਾਧੇ ਲਈ ਵੀ ਇਹ ਖੇਡਾਂ ਬਾਲ-ਮਨਾਂ ਲਈ ਘਾਤਕ ਸਿੱਧ ਹੋ ਰਹੀਆਂ ਹਨ। ਇਕ ਗੱਡੀ ਦਾ ਦੂਜੀ ਗੱਡੀ ਨਾਲ ਟਕਰਾਉਣਾ ਅਤੇ ਉਸ ਨੂੰ ਹਵਾ ਵਿਚ ਉੱਡਦੀ ਵੇਖਣਾ, ਤੇਜ਼ ਰਫ਼ਤਾਰ ਨਾਲ ਕੋਲੋਂ ਲੰਘਣਾ ਜਾਂ ਫੇਟ ਮਾਰ ਕੇ ਅੱਗੇ ਲੰਘ ਜਾਣਾ ਜਿੱਥੇ ਬੱਚਿਆਂ ਨੂੰ ਅਤਿ ਦੀ ਖੁਸ਼ੀ ਦਿੰਦਾ ਹੈ, ਉੱਥੇ ਹੀ ਜਦੋਂ ਬੱਚਾ ਆਮ ਜ਼ਿੰਦਗੀ ਵਿਚ ਵਿਚਰਦਾ ਹੈ ਤਾਂ ਸੜਕ 'ਤੇ ਗੱਡੀ ਚਲਾਉਂਦੇ ਸਮੇਂ ਉਪਰੋਕਤ ਮਾਨਸਿਕਤਾ ਦਾ ਪੈਦਾ ਹੋਣਾ ਸੁਭਾਵਿਕ ਜਿਹੀ ਗੱਲ ਹੈ।

ਸਾਧਾਰਨ ਖੇਡਾਂ ਜਿੱਥੇ ਬੱਚਿਆਂ ਅੰਦਰ ਰਚਨਾਤਮਿਕਤਾ, ਮੇਲ-ਮਿਲਾਪ ਅਤੇ ਸਹਿਣਸ਼ੀਲਤਾ ਵਰਗੇ ਗੁਣ ਪੈਦਾ ਕਰਦੀਆਂ ਹਨ, ਉੱਥੇ ਇਨ੍ਹਾਂ ਖੇਡਾਂ ਨੇ ਬੜਾ ਨਾਕਾਰਾਤਮਕ ਪ੍ਰਭਾਵ ਪਾਇਆ ਹੈ। ਅੱਜ ਅਸੀਂ ਬੱਚਿਆਂ ਨੂੰ ਇਹ ਨਹੀਂ ਕਹਿ ਸਕਦੇ ਕਿ ਟੀ.ਵੀ. ਨਹੀਂ ਵੇਖਣਾ, ਇੰਟਰਨੈੱਟ ਨਹੀਂ ਵਰਤਣਾ ਜਾਂ ਵੀਡੀਓ ਖੇਡਾਂ ਨਹੀਂ ਖੇਡਣੀਆਂ, ਕਿਉਂਕਿ ਟੀ. ਵੀ. ਹਰ ਘਰ ਵਿਚ ਹੈ, ਇੰਟਰਨੈੱਟ ਦੀ ਵਰਤੋਂ ਹਰ ਥਾਂ ਕੀਤੀ ਜਾ ਸਕਦੀ ਹੈ, ਵੀਡੀਓ ਖੇਡਾਂ ਬੱਚਿਆਂ ਦੀ ਪਹਿਲੀ ਪਸੰਦ ਹਨ। ਇਸ ਕਰਕੇ ਬੱਚਿਆਂ ਨੂੰ ਥੋੜ੍ਹੀ ਜਿਹੀ ਚੰਗੀ ਸੇਧ ਦੇ ਕੇ ਇਨ੍ਹਾਂ ਨਾਲ ਜੋੜਿਆ ਜਾ ਸਕਦਾ ਹੈ, ਜਿਸ ਦੇ ਚੰਗੇ ਸਿੱਟੇ ਨਿਕਲ ਸਕਦੇ ਹਨ। ਵੀਡੀਓ ਖੇਡਾਂ ਦੇ ਕੁਝ ਸਾਰਥਕ ਪੱਖ ਵੀ ਸਾਡੇ ਸਾਹਮਣੇ ਆ ਰਹੇ ਹਨ। ਮਨ ਨੂੰ ਇਕਾਗਰ ਕਰਕੇ ਅਗਲੇ ਪੜਾਅ 'ਤੇ ਪਹੁੰਚਣਾ, ਹਰ ਕੰਮ ਨੂੰ ਪੂਰਾ ਕਰਕੇ ਹੀ ਦਮ ਲੈਣਾ, ਜਿੱਤ ਲਈ ਨਵੇਂ ਢੰਗ-ਤਰੀਕੇ ਅਪਣਾਉਣਾ, ਸੋਚ ਨੂੰ ਤਿੱਖਾ ਰੱਖਣਾ ਅਤੇ ਜਿੱਤ ਦੀ ਖੁਸ਼ੀ ਮਨਾਉਣਾ ਆਦਿ।

# ਵਿਸ਼ਵ ਪੁਸਤਕ ਦਿਹਾੜਾ



ਸ. ਸੁਖਚੈਨ ਸਿੰਘ ਕੁਰੜ
(ਭਾਸ਼ਾ ਮੰਚ ਸਰਪ੍ਰਸਤ ਤੇ ਪੰਜਾਬੀ ਅਧਿਆਪਕ)(ਬਰਨਾਲਾ)




ਵਿਸ਼ਵ ਪੱਧਰ 'ਤੇ ਅਲੱਗ-ਅਲੱਗ ਦਿਹਾੜੇ ਮਨਾਉਣ ਦੀ ਰਵਾਇਤ ਵਿੱਚ ਸਭ ਤੋਂ ਖ਼ੂਬਸੂਰਤ ਦਿਹਾੜਿਆਂ ਦੀ ਜਦੋਂ ਗੱਲ ਕੀਤੀ ਜਾਵੇਗੀ ਤਾਂ ਪਹਿਲ ਦੇ ਆਧਾਰ 'ਤੇ ਵਿਸ਼ਵ ਕਿਤਾਬ ਦਿਹਾੜੇ ਦਾ ਜ਼ਿਕਰ ਕਰਨਾ ਬਣਦਾ ਹੀ ਹੈ।

ਵਿਸ਼ਵ ਪੁਸਤਕ ਦਿਹਾੜਾ ਹਰ ਸਾਲ 23 ਅਪ੍ਰੈਲ ਨੂੰ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ। ਯੂਨੈਸਕੋ ਦੁਆਰਾ ਪਹਿਲਾ ਪੁਸਤਕ ਦਿਹਾੜਾ ਸਾਲ 1995 ਨੂੰ ਮਨਾਇਆ ਗਿਆ ਸੀ। ਇਸ ਦਿਹਾੜੇ ਦੀ ਤਰੀਕ ਬੜੀ ਹੀ ਸੋਚ ਸਮਝ ਕੇ ਰੱਖੀ ਗਈ ਹੈ। ਇਹ ਵਿਚਾਰ ਇੱਕ ਲੇਖਕ ਵੀ.ਸੀ. ਐਂਡਰਸ ਨੇ ਦਿੱਤਾ ਸੀ ਕਿ ਇਸ ਦਿਹਾੜੇ ਨੂੰ ਮਿਗੈਲ ਦੀ ਸਰਵਾਂਤੇਸ (23 ਅਪ੍ਰੈਲ, 1616) ਦੀ ਬਰਸੀ ਦੇ ਤੌਰ 'ਤੇ ਮਨਾਇਆ ਜਾਵੇ ਕਿਉਂਕਿ ਇਸ ਮਹਾਨ ਲੇਖਕ ਦੀ ਮੌਤ 23 ਅਪ੍ਰੈਲ ਦੇ ਦਿਨ ਹੋਈ ਸੀ। ਇਹ ਇੱਕ ਮਹਾਨ ਸਪੇਨੀ ਲੇਖਕ ਅਤੇ ਨਾਵਲਕਾਰ ਸੀ। ਉਸ ਨੂੰ 'ਹਾਜ਼ਰ ਜਵਾਬੀ ਦਾ ਸ਼ਹਿਜ਼ਾਦਾ' ਵੀ ਆਖਿਆ ਜਾਂਦਾ ਸੀ। ਇਸ ਤਰ੍ਹਾਂ ਇਸ ਦਿਨ ਵਿਸ਼ਵ ਪੱਧਰ ਦੇ ਬਹੁਤ ਬਾਰੇ ਲੇਖਕਾਂ ਅਤੇ ਵਿਦਵਾਨਾਂ ਦੇ ਜਨਮ ਦਿਨ ਅਤੇ ਬਰਸੀ ਵੀ ਹੁੰਦੀ ਹੈ। ਇਸ ਤਰ੍ਹਾਂ ਇਨ੍ਹਾਂ ਮਹਾਨ ਵਿਅਕਤੀਆਂ ਦੁਆਰਾ ਪਾਏ ਗਏ ਯੋਗਦਾਨ ਨੂੰ ਯਾਦ ਕਰਦਿਆਂ ਇਸ ਦਿਨ ਨੂੰ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਦਿਨ ਮਹਾਨ ਲੇਖਕ ਵਿਲੀਅਮ ਸ਼ੈਕਸਪੀਅਰ ਦਾ ਜਨਮ ਅਤੇ ਮੌਤ ਅਪ੍ਰੈਲ ਮਹੀਨੇ (26 ਅਪ੍ਰੈਲ, 1564-23 ਅਪ੍ਰੈਲ, 1616) ਹੋਈ ਸੀ। ਇੰਕਾ ਗਾਰਸੀਲਾਸੋ ਡੇਲਾ ਵੇਗਾ (12 ਅਪ੍ਰੈਲ, 1539- 23 ਅਪ੍ਰੈਲ, 1616) ਇਹ ਵੀ ਇੱਕ ਮਹਾਨ ਲੇਖਕ ਅਤੇ ਇਤਿਹਾਸਕਾਰ ਸੀ। ਇਸ ਦਾ ਜਨਮ ਪੇਰੂ ਵਿੱਚ ਅਤੇ ਮੌਤ ਸਪੇਨ ਵਿੱਚ ਹੋਈ ਸੀ। ਜ਼ੋਸੇਪ ਪਲਾ ਇੱਕ ਮਸ਼ਹੂਰ ਲੇਖਕ ਅਤੇ ਸਪੇਨੀ ਪੱਤਰਕਾਰ ਸੀ ਜਿਸ ਦਾ ਜਨਮ 8 ਮਾਰਚ, 1897 ਅਤੇ ਮੌਤ 23 ਅਪ੍ਰੈਲ, 1981 ਨੂੰ ਸਪੇਨ ਵਿਖੇ ਹੀ ਹੋਈ ਸੀ। ਉਸ ਨੇ ਫ਼ਰਾਂਸ, ਇਟਲੀ, ਇੰਗਲੈਂਡ, ਜਰਮਨ ਅਤੇ ਰੂਸ ਵਿੱਚ ਪੱਤਰਕਾਰੀ ਕੀਤੀ।

ਯੂਨੈਸਕੋ ਦੀ ਆਮ ਸਭਾ ਵੱਲੋਂ ਪੁਸਤਕ ਅਤੇ ਲੇਖਕਾਂ ਨੂੰ ਇਸ ਦਿਨ ਯਾਦ ਕਰਨ ਅਤੇ ਆਮ ਲੋਕਾਂ ਖ਼ਾਸ ਕਰਕੇ ਨੌਜਵਾਨਾਂ ਵਿੱਚ ਪੁਸਤਕਾਂ ਪੜ੍ਹਨ ਲਈ ਉਤਸ਼ਾਹਿਤ ਕਰਨ ਦਾ ਉਦੇਸ਼ ਵੀ ਇਸ ਦਿਵਸ ਨੂੰ ਪੁਸਤਕ ਦਿਹਾੜੇ ਦੇ ਰੂਪ ਵਿਚ ਮਨਾਉਣ ਦਾ ਕਾਰਨ ਬਣਿਆ।

ਇਸ ਵਿਸ਼ੇਸ਼ ਮੌਕੇ 'ਤੇ ਸੰਸਥਾ ਯੂਨੈਸਕੋ ਹਰ ਸਾਲ ਵਿਸ਼ਵ ਦੇ ਕਿਸੇ ਇਕ ਦੇਸ਼ ਦੇ ਸ਼ਹਿਰ ਨੂੰ 'ਯੂਨੈਸਕੋ ਵਿਸ਼ਵ ਪੁਸਤਕ ਰਾਜਧਾਨੀ' ਦਾ ਦਰਜਾ ਪ੍ਰਧਾਨ ਕਰਦੀ ਹੈ। ਉਹ ਸ਼ਹਿਰ ਉਸ ਵਿਸ਼ੇਸ਼ ਸਾਲ ਜੋ 23 ਅਪ੍ਰੈਲ ਤੋਂ ਅਗਲੇ ਸਾਲ 22 ਅਪ੍ਰੈਲ ਤੱਕ ਹੁੰਦਾ ਹੈ। ਯੂਨੈਸਕੋ ਨੇ ਇਸ ਵਰ੍ਹੇ 2025 ਲਈ ਰੀਓ ਡੀ ਜਨੇਰੀਓ (ਬ੍ਰਾਜ਼ੀਲ) ਨੂੰ ਵਿਸ਼ਵ ਪੁਸਤਕ ਰਾਜਧਾਨੀ ਦਾ ਦਰਜਾ ਦਿੱਤਾ ਹੈ। ਇਸ ਵਰ੍ਹੇ ਵਿਸ਼ਵ ਪੁਸਤਕ ਦਿਹਾੜੇ ਦਾ ਥੀਮ "ਰੀਡ ਯੂਅਰ ਵੇਅ" ਹੈ।

ਪੁਸਤਕਾਂ ਪੜ੍ਹਨ ਵਿੱਚ ਰੁਚੀ ਪੈਦਾ ਕਰਨ ਲਈ, ਪੁਸਤਕਾਂ ਦੀ ਮਹੱਤਤਾ ਬਾਰੇ ਸਮਝਣ ਲਈ ਅੱਜ ਇੱਥੇ ਕੁਝ ਮਹਾਨ ਸ਼ਖ਼ਸੀਅਤਾਂ ਦੇ ਵਿਚਾਰਾਂ ਨੂੰ ਜਾਣਨਾ ਤੇ ਸਮਝਣਾ ਬਹੁਤ ਜ਼ਰੂਰੀ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਕਹਿੰਦੇ ਹਨ ਕਿ ਕਾਨੂੰਨ, ਥਾਣੇ, ਅਦਾਲਤਾਂ, ਜੇਲ੍ਹਾਂ ਆਦਿ ਮਨੁੱਖ ਦੀ ਜਹਾਲਤ ਅਤੇ ਮੂਰਖਤਾ ਵਿਚੋਂ ਉਪਜੀਆਂ ਸੰਸਥਾਵਾਂ ਹਨ। ਸਹੀ ਅਰਥਾਂ ਵਿਚ ਸਮਾਜ ਉਦੋਂ ਉੱਨਤੀ ਕਰੇਗਾ ਜਦੋਂ ਅਦਾਲਤਾਂ, ਥਾਣਿਆਂ ਅਤੇ ਜੇਲ੍ਹਾਂ ਨਾਲੋਂ ਸਾਡੀਆਂ ਲਾਇਬ੍ਰੇਰੀਆਂ ਵੱਡੀਆਂ ਅਤੇ ਵਧੇਰੇ ਹੋਣਗੀਆਂ।

ਗੰਗਾਧਰ ਤਿਲਕ ਕਹਿੰਦੇ ਹਨ ਕਿ ਮੈਂ ਨਰਕ ਵਿਚ ਵੀ ਚੰਗੀਆਂ ਪੁਸਤਕਾਂ ਦਾ ਸਵਾਗਤ ਕਰਾਂਗਾ, ਕਿਉਂਕਿ ਪੁਸਤਕਾਂ ਵਿੱਚ ਇਹ ਸ਼ਕਤੀ ਹੈ ਕਿ ਜਿੱਥੇ ਵੀ ਉਹ ਹੋਣਗੀਆਂ, ਉੱਥੇ ਹੀ ਸਵਰਗ ਬਣ ਜਾਏਗਾ।

ਗੁਰਦਿਆਲ ਸਿੰਘ ਕਹਿੰਦੇ ਹਨ ਕਿ ਜੇਕਰ ਪੁਸਤਕਾਂ ਨਾ ਹੁੰਦੀਆਂ ਤਾਂ ਸੰਸਾਰ ਵਿਚ ਪਾਗਲਾਂ ਦੀ ਗਿਣਤੀ ਵੱਧ ਹੁੰਦੀ।

ਰਸੂਲ ਹਮਜ਼ਾਤੋਵ ਕਹਿੰਦੇ ਹਨ ਕਿ ਕਿਤਾਬਾਂ ਤੋਂ ਬਿਨਾਂ ਕੋਈ ਜਾਤੀ ਉਸ ਆਦਮੀ ਵਰਗੀ ਹੈ, ਜਿਸਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਵੇ।

ਥਾਮਸ ਕਾਰਲਾਇਲ ਕਹਿੰਦੇ ਹਨ ਕਿ ਮਨੁੱਖਤਾ ਨੇ ਜੋ ਕੁਝ ਸੋਚਿਆ ਅਤੇ ਹਾਸਿਲ ਕੀਤਾ, ਇਹ ਜਾਦੂ ਕਿਤਾਬਾਂ ਵਿੱਚ ਬੰਦ ਹੈ।

ਸਿਸਰੋ ਕਹਿੰਦੇ ਹਨ ਕਿ ਜੇਕਰ ਤੁਸੀਂ ਆਪਣੇ ਘਰ 'ਚ ਚੰਗੀਆਂ ਕਿਤਾਬਾਂ ਦੀ ਲਾਇਬ੍ਰੇਰੀ ਬਣਾ ਲੈਂਦੇ ਹੋ ਤਾਂ ਸਮਝੋ ਤੁਹਾਡੇ ਘਰ ਵਿੱਚ ਆਤਮਾ ਧੜਕਣ ਲੱਗ ਪਈ ਹੈ।

ਅਜਿਹੇ ਹੋਰ ਮਹਾਨ ਵਿਚਾਰ ਵੱਖੋ-ਵੱਖ ਮਹਾਨ ਸ਼ਖ਼ਸੀਅਤਾਂ ਦੇ ਤਜ਼ੁਰਬੇ ਵਿੱਚੋਂ ਨਿਕਲੇ ਤੁਹਾਨੂੰ ਪੜ੍ਹਨ ਤੇ ਸਮਝਣ ਲਈ ਮਿਲ਼ ਜਾਣਗੇ।ਪੜ੍ਹਦਿਆਂ-ਪੜ੍ਹਦਿਆਂ ਤੁਸੀਂ ਖ਼ੁਦ ਅਜਿਹੇ ਵਿਚਾਰ ਦੇਣ ਦੇ ਯੋਗ ਹੋ ਜਾਵੋਗੇ ਕਿ ਆਉਣ ਵਾਲੀਆਂ ਪੀੜ੍ਹੀਆਂ ਤੁਹਾਡੇ ਵਿਚਾਰਾਂ ਤੋਂ ਪ੍ਰਭਾਵਿਤ ਹੋਕੇ ਪ੍ਰੇਰਿਤ ਮਹਿਸੂਸ ਕਰਨਗੀਆਂ। ਇਹ ਸਭ ਕੁੱਝ ਕੁਝ ਤਾਂ ਹੀ ਸੰਭਵ ਹੋਵੇਗਾ ਜੇ ਤੁਹਾਡੀ ਪੜ੍ਹਨ ਦੀ ਰੁਚੀ,ਪੜ੍ਹਨ ਦੇ ਜਨੂੰਨ ਤੱਕ ਦਾ ਸਫ਼ਰ ਤੈਅ ਕਰੇਗੀ। ਤੁਸੀਂ ਇਹ ਸਫ਼ਰ ਆਪਣੇ ਘਰ ਤੋਂ ਮਾਂ-ਪਿਓ ਦੇ ਸਹਿਯੋਗ ਨਾਲ਼ ਸਕੂਲ/ਕਾਲਜ ਅਧਿਆਪਕ ਸਾਹਿਬਾਨ ਦੀ ਯੋਗ ਅਗਵਾਈ ਸਦਕਾ ਸੋਹਣਾ ਤੈਅ ਕਰੋਗੇ। ਅਧਿਆਪਨ ਕਿੱਤੇ ਨਾਲ਼ ਜੁੜੇ ਹਰ ਇਨਸਾਨ ਦਾ ਇਹ ਨੈਤਿਕ ਫ਼ਰਜ਼ ਵੀ ਬਣਦਾ ਹੈ ਕਿ ਵਿਦਿਆਰਥੀਆਂ ਨੂੰ ਪਾਠਕ੍ਰਮ ਤੋਂ ਇਲਾਵਾ ਵੀ ਵੱਧ ਤੋਂ ਵੱਧ ਪੁਸਤਕਾਂ ਨਾਲ਼ ਜੋੜੇ। ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਮਾਪੇ ਤੇ ਅਧਿਆਪਕ ਦੋਵਾਂ ਨੂੰ ਹੀ ਪਹਿਲਾਂ ਖ਼ੁਦ ਕਿਤਾਬਾਂ ਪੜ੍ਹਨ ਦਾ ਮੋਹ ਪਾਲਣਾ ਲਾਜ਼ਮੀ ਹੈ। ਇਸ ਲਈ ਸਭ ਤੋਂ ਪਹਿਲਾਂ ਇਹ ਹੈ ਕਿ ਸਾਡੇ ਸਭ ਦੇ ਘਰ ਵਿੱਚ ਘੱਟੋ-ਘੱਟ ਇੱਕ ਇੱਕ ਪੁਸਤਕਾਲਿਆ (ਕਿਤਾਬ ਘਰ) ਜ਼ਰੂਰ ਹੋਣਾ ਚਾਹੀਦਾ। ਸਭ ਤੋਂ ਸੋਹਣੀ ਗੱਲ ਸਾਡੇ ਪਰਿਵਾਰਾਂ ਵਿੱਚ ਮਾਂਵਾਂ, ਧੀਆਂ, ਪਤਨੀਆਂ ਦੇ ਵੀ ਵੱਖੋ-ਵੱਖ ਕਮਰਿਆਂ ਵਿੱਚ ਨਿੱਕੇ-ਨਿੱਕੇ ਕਿਤਾਬ ਘਰ ਹੋਣ ਤਾਂ ਸੱਚੀਂ ਸੋਨੇ ਤੇ ਸੁਹਾਗਾ ਹੋ ਨਿਬੜੇਗਾ। ਇੱਥੇ ਨਾਲ਼ ਹੀ ਇਹ ਕੋਸ਼ਿਸ਼ ਵੀ ਬਹੁਤ ਚੰਗੀ ਰਹੇਗੀ ਕਿ ਜਨਮ-ਦਿਨ 'ਤੇ ਕਿਤਾਬਾਂ ਦੇ ਤੋਹਫ਼ੇ ਦਿੱਤੇ ਜਾਣ, ਵਿਆਹ ਸਮਾਗਮਾਂ ਦੌਰਾਨ( ਕੋਸ਼ਿਸ਼ ਰਹੇ ਹਰ ਖ਼ੁਸ਼ੀ ਗਮੀ ਮੌਕੇ) ਕਿਤਾਬਾਂ ਦੀਆਂ ਪ੍ਰਦਰਸ਼ਨੀਆਂ ਜ਼ਰੂਰ ਲਗਵਾਈਆਂ ਜਾਣ, ਹੋ ਸਕਦਾ ਇਸੇ ਬਹਾਨੇ ਬੰਦ ਕਮਰਿਆਂ ਵਿੱਚ ਪਈਆਂ ਕਿਤਾਬਾਂ ਕਿਸੇ ਦੀ ਜ਼ਿੰਦਗੀ ਦੇ ਨਵੇਂ ਰਾਹ ਖੋਲ੍ਹ ਦੇਣ। ਬੱਚਿਆਂ ਨੂੰ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨ ਲਈ ਉਹਨਾਂ ਅੱਗੇ ਚੰਗੀਆਂ-ਚੰਗੀਆਂ ਪੁਸਤਕਾਂ ਦੀ ਸਮੇਂ-ਸਮੇਂ ਸਿਫ਼ਤ ਕਰਦੇ ਰਹੋ,ਪੜ੍ਹਨ ਦਾ ਸਬੱਬ ਬੱਚੇ ਯਕੀਕਨ ਆਪਣੇ-ਆਪ ਬਣਾਉਣਗੇ। ਅਖ਼ੀਰ ਤੇ ਮੇਰੀ ਕਲਮ ਤੇ ਮੇਰੇ ਇਲਮ ਹਿੱਸੇ ਜੋ ਕਿਤਾਬ ਦੇ ਅਰਥ ਆਏ ਇਹਨਾਂ ਨੂੰ ਸਮਝਣ ਦੀ ਕੋਸ਼ਿਸ਼ ਜ਼ਰੂਰ ਕਰਨਾ।

ਕਿ-ਕੱਕੇ ਸਿਹਾਰੀ ਨੇ ਦੇਣਾ 'ਕਿਰਦਾਰ' ਤੈਨੂੰ
ਤਾ-ਤੱਤੇ ਕੰਨਾ ਰੱਖੇਗਾ 'ਤਾਲੀਮ' ਕੋਲ਼ ਤੇਰੇ।
ਬ-ਬੱਬਾ ਬਖ਼ਸ਼ੇਗਾ ਕੋਈ 'ਬਖ਼ਸ਼ੀਸ਼' ਐਸੀ,
ਸਦਾ ਜਿਉਂਦੇ ਰਹਿਣਗੇ ਜੱਗ ਤੇ 'ਬੋਲ' ਤੇਰੇ।

# ਸੀਰਤ

ਲਿਖਤ : ਚਰਨਜੀਤ ਕੌਰ ਲਵਲੀ, ਸੰਪਰਕ: 98887-85390

ਸੀਰਤ ਘਰੋਂ ਦੂਰ ਨਰਸਿੰਗ ਦੀ ਪੜ੍ਹਾਈ ਕਰਨ ਲਈ ਹੋਸਟਲ ਵਿੱਚ ਰਹਿੰਦੀ ਸੀ। ਮਾਪਿਆਂ ਦੀ ਲਾਡਲੀ ਧੀ ਸਭ ਤੋਂ ਵੱਖਰੀ ਸੀ। ਸਲਵਾਰ ਸੂਟ ਤੇ ਸਿਰ 'ਤੇ ਚੁੰਨੀ ਨਾਲ ਬੇਹੱਦ ਫੱਬਦੀ ਸੀ। ਨਾ ਤਾਂ ਉਹ ਕੋਈ ਸ਼ਿੰਗਾਰ ਕਰਦੀ ਤੇ ਨਾ ਹੀ ਵਿਖਾਵਾ। ਸਾਦ-ਮੁਰਾਦੀ ਉਹ ਪਰੀਆਂ ਵਰਗੀ ਜਾਪਦੀ। ਮੱਧਵਰਗੀ ਪਰਿਵਾਰ ਦੀ ਧੀ ਹੋਣ ਕਾਰਨ ਉਸ ਨੂੰ ਸਿਰਫ਼ ਆਪਣੀ ਪੜ੍ਹਾਈ ਤੱਕ ਮਤਲਬ ਸੀ। ਉਸ ਸੋਚਦੀ ਸੀ ਕਿ ਨਰਸਿੰਗ ਦਾ ਕੋਰਸ ਪੂਰਾ ਕਰਕੇ ਜਿੰਨੀ ਜਲਦੀ ਹੋ ਸਕੇ ਨੌਕਰੀ 'ਤੇ ਲੱਗ ਜਾਵੇ। ਮਾਤਾ ਪਿਤਾ ਵੀ ਆਪਣੀ ਧੀ 'ਤੇ ਬੜਾ ਮਾਣ ਕਰਦੇ ਸਨ। ਉਹ ਨਾਮ ਦੀ ਹੀ ਨਹੀਂ, ਸਹੀ ਮਾਅਨੇ ਵਿੱਚ ਸੀਰਤ ਸੀ। ਸਮੇਂ ਨਾਲ ਉਸ ਦਾ ਨਰਸਿੰਗ ਦਾ ਕੋਰਸ ਪੂਰਾ ਹੋ ਗਿਆ ਤੇ ਉਹ ਇੱਕ ਹਸਪਤਾਲ ਵਿੱਚ ਸਟਾਫ ਨਰਸ ਦੀ ਨੌਕਰੀ ਕਰਨ ਲੱਗੀ। ਉਸ ਦਾ ਹਰ ਇੱਕ ਨਾਲ ਬੋਲਣ ਦਾ ਸਲੀਕਾ ਹੀ ਕੁਝ ਅਲੱਗ ਸੀ। ਸਭ ਨੂੰ ਪਿਆਰ ਨਾਲ ਬੁਲਾਉਂਦੀ। ਸਭ ਦੀ ਦੇਖਭਾਲ ਕਰਦੀ। ਸਭ ਦਾ ਸੁੱਖ-ਦੁੱਖ ਸੁਣਦੀ। ਉਸ ਨੂੰ ਕੋਈ ਮਰੀਜ਼ ਉੱਚਾ ਵੀ ਬੋਲ ਜਾਂਦਾ ਤਾਂ ਵੀ ਉਹ ਕਿਸੇ ਦਾ ਗੁੱਸਾ ਨਾ ਕਰਦੀ। ਹਰ ਮਰੀਜ਼ ਚਾਹੁੰਦਾ ਸੀ ਕਿ ਉਹੀ ਉਸ ਦੀ ਦੇਖਭਾਲ ਕਰੇ। ਉਹ ਕਿਸੇ ਨੂੰ ਵੀ ਨਜ਼ਰਅੰਦਾਜ਼ ਨਾ ਕਰਦੀ। ਇੱਕ ਦਿਨ ਇੱਕ ਨੌਜਵਾਨ ਦੀਪ, ਜਿਸ ਨੂੰ ਨਸ਼ੇ ਦੀ ਲੱਤ ਸੀ, ਦੀ ਅਚਾਨਕ ਤਬੀਅਤ ਖਰਾਬ ਹੋਣ ਕਾਰਨ ਮਾਪਿਆਂ ਨੇ ਉਸੇ ਹਸਪਤਾਲ ਦਾਖਲ ਕਰਵਾ ਦਿੱਤਾ। ਉਹ ਦੀਪ ਦੀ ਦੇਖਭਾਲ ਕਰਨ ਲੱਗੀ। ਦੀਪ ਆਪ ਮਾੜਾ ਨਹੀਂ ਸੀ ਪਰ ਮਾੜੀ ਸੰਗਤ ਨੇ ਉਸ ਨੂੰ ਬਰਬਾਦ ਕਰ ਦਿੱਤਾ। ਜਦੋਂ ਉਹ ਦੀਪ ਨੂੰ ਦਵਾਈ ਦੇਣ ਆਈ ਤਾਂ ਦੀਪ ਉਸ ਨੂੰ ਦੇਖਦਾ ਹੀ ਰਹਿ ਗਿਆ। ਉਹ ਚੁੱਪ-ਚਾਪ ਉਸ ਕੋਲ ਆਉਂਦੀ। ਉਸ ਨੂੰ ਦਵਾਈ ਦਿੰਦੀ। ਉਸ ਦਾ ਹਾਲ-ਚਾਲ ਪੁੱਛਦੀ ਤੇ ਚਲੀ ਜਾਂਦੀ। ਦੀਪ ਨੂੰ ਕਾਫ਼ੀ ਦਿਨ ਹਸਪਤਾਲ ਰਹਿਣਾ ਪਿਆ ਤੇ ਉਹ ਉਸ ਨੂੰ ਪਿਆਰ ਕਰਨ ਲੱਗਾ। ਉਹ ਸੀਰਤ ਦੇ ਆਉਣ ਦਾ ਇੰਤਜ਼ਾਰ ਕਰਦਾ। ਜਿਉਂ ਹੀ ਸੀਰਤ ਆਉਂਦੀ ਦੀਪ ਲਈ ਜਿਵੇਂ ਚੰਨ ਚੜ੍ਹ ਜਾਂਦਾ। ਸੀਰਤ ਵੀ ਉਸ ਨੂੰ ਪਿਆਰ ਕਰਨ ਲੱਗੀ ਸੀ। ਜਿਸ ਦਿਨ ਦੀਪ ਨੂੰ ਛੁੱਟੀ ਮਿਲੀ ਉਸ ਦਿਨ ਉਹ ਬਹੁਤ ਉਦਾਸ ਸੀ। ਦੀਪ ਜਾਣ ਲੱਗਾ ਤਾਂ ਉਹ ਆਪਣਾ ਰੋਣਾ ਰੋਕ ਨਾ ਸਕੀ। ਦੋਵਾਂ ਨੇ ਇੱਕ ਦੂਜੇ ਨੂੰ ਮਿਲਦੇ ਰਹਿਣ ਦਾ ਵਾਅਦਾ ਕੀਤਾ ਤੇ ਮਿਲਣ ਲੱਗੇ। ਇੱਕ ਦਿਨ ਦੀਪ ਨੇ ਉਸ ਨਾਲ ਵਿਆਹ ਕਰਵਾਉਣ ਦੀ ਗੱਲ ਕੀਤੀ। ਸੀਰਤ ਨੇ ਆਪਣੇ ਮਾਤਾ-ਪਿਤਾ ਨੂੰ ਦੱਸਿਆ ਤਾਂ ਉਸ ਦੇ ਪਿਤਾ ਨੇ ਸਾਫ਼ ਮਨ੍ਹਾਂ ਕਰ ਦਿੱਤਾ। ਉਸ ਨੂੰ ਦੀਪ ਨੂੰ ਮਿਲਣ ਤੋਂ ਵਰਜਿਆ। ਇੱਥੋਂ ਤੱਕ ਕਿ ਉਸ ਦੀ ਨੌਕਰੀ ਛੁੜਾ ਦਿੱਤੀ। ਅਖੀਰ ਤੰਗ ਆ ਕੇ ਸੀਰਤ ਨੇ ਉਨ੍ਹਾਂ ਦੀ ਮਰਜ਼ੀ ਖਿਲਾਫ਼ ਜਾ ਕੇ ਵਿਆਹ ਕਰਵਾ ਲਿਆ। ਦੀਪ ਨੇ ਵੀ ਆਪਣੇ ਘਰ ਨਾ ਦੱਸਿਆ। ਸਿੱਧਾ ਵਿਆਹ ਕਰਵਾ ਕੇ ਘਰ ਆ ਗਿਆ। ਮਾਤਾ-ਪਿਤਾ ਨੇ ਦੋਵਾਂ ਨੂੰ ਗਲ ਲਗਾ ਲਿਆ। ਸਮਾਜ ਵਿੱਚ ਰਸਮੀ ਤੌਰ 'ਤੇ ਵਿਆਹ ਵੀ ਕਰ ਦਿੱਤਾ। ਸੀਰਤ ਦੇ ਮਾਪਿਆਂ ਨੇ ਕਹਿ ਦਿੱਤਾ, "ਸਾਡੇ ਲਈ ਤੂੰ ਮਰ ਗਈ। ਅੱਜ ਤੋਂ ਬਾਅਦ ਸਾਡੇ ਨਾਲ ਤੇਰਾ ਕੋਈ ਰਿਸ਼ਤਾ ਨਹੀਂ।" ਉਸ ਦੀ ਸੱਸ ਨੇ ਉਸ ਨੂੰ ਗਲੇ ਲਗਾਇਆ ਤੇ ਕਿਹਾ ਕਿ ਅੱਜ ਤੋਂ ਇਹ ਮੇਰੀ ਨੂੰਹ ਨਹੀਂ, ਮੇਰੀ ਧੀ ਹੈ। ਦਿਨ ਲੰਘਦੇ ਗਏ ਪਰ ਦੀਪ ਦੀ ਨਸ਼ੇ ਦੀ ਆਦਤ ਨਾ ਛੁੱਟੀ। ਕਦੇ-ਕਦੇ ਦੀਪ ਨੂੰ ਨਸ਼ਾ ਛੁਡਾਊ ਕੇਂਦਰ ਦਾਖਲ ਕਰਵਾਇਆ ਜਾਂਦਾ। ਮਾਪੇ ਪੂਰੀ ਵਾਹ ਲਗਾ ਰਹੇ ਸਨ ਪਰ ਕੁਝ ਨਾ ਬਣਿਆ। ਨਸ਼ੇ ਦਾ ਆਦੀ ਹੋਣ ਕਾਰਨ ਕਿਧਰੇ ਨੌਕਰੀ ਵੀ ਨਹੀਂ ਕਰ ਪਾ ਰਿਹਾ ਸੀ। ਹਰ ਜਗ੍ਹਾ ਤੋਂ ਉਸ ਨੂੰ ਕੱਢ ਦਿੱਤਾ ਜਾਂਦਾ। ਸੱਸ ਸਹੁਰਾ ਸੀਰਤ ਨੂੰ ਬਹੁਤ ਪਿਆਰ ਕਰਦੇ ਸਨ। ਉਹ ਖ਼ੁਦ ਉਸ ਦੀ ਮਦਦ ਕਰਨੀ ਚਾਹੁੰਦੇ ਸਨ। ਸਰਕਾਰੀ ਹਸਪਤਾਲ ਪੋਸਟਾਂ ਨਿਕਲੀਆਂ। ਉਸ ਦੇ ਸਹੁਰਾ ਸਾਹਿਬ ਨੇ ਖ਼ੁਦ ਉਸ ਦੇ ਨਾਲ ਜਾ ਕੇ ਫਾਰਮ ਭਰਵਾਏ ਤਾਂ ਜੋ ਉਹ ਆਪਣੇ ਪੈਰਾਂ 'ਤੇ ਖੜ੍ਹੀ ਹੋ ਸਕੇ। ਉਸ ਨੂੰ ਨੌਕਰੀ ਮਿਲ ਗਈ। ਦੀਪ ਰੋਜ਼ ਘਰ ਵਿੱਚ ਲੜਾਈ ਕਰਦਾ ਕਿ ਇਹ ਨੌਕਰੀ 'ਤੇ ਨਹੀਂ ਜਾਵੇਗੀ। ਸੱਸ ਸਹੁਰਾ ਉਸ ਦੇ ਨਾਲ ਖੜ੍ਹੇ ਸਨ। ਉਹ ਆਰਥਿਕ ਪੱਖੋਂ ਸੌਖੇ ਸਨ। ਉਨ੍ਹਾਂ ਨੇ ਉਸ ਨੂੰ ਗੱਡੀ ਲੈ ਦਿੱਤੀ ਕਿ ਰਾਤ-ਬਰਾਤੇ ਔਖੀ ਨਾ ਹੋਵੇ। ਉਹ ਇਕੱਲੀ ਆਪਣੇ ਆਪ ਚਲੀ ਜਾਂਦੀ। ਕਦੇ ਰਾਤ ਦੀ ਡਿਊਟੀ ਹੁੰਦੀ ਤੇ ਕਦੇ ਦਿਨ ਦੀ। ਉਸ ਦੀ ਸੱਸ ਉਸ ਦੀ ਹਰ ਚੀਜ਼ ਦਾ ਧਿਆਨ ਰੱਖਦੀ। ਹੁਣ ਸੀਰਤ ਨੇ ਵੀ ਠਾਣ ਲਿਆ ਕਿ ਉਹ ਦੀਪ ਦੀ ਨਸ਼ੇ ਦੀ ਆਦਤ ਛੁਡਾ ਕੇ ਰਹੇਗੀ। ਉਹ ਡਿਊਟੀ ਤੋਂ ਘਰ ਆ ਕੇ ਜ਼ਿਆਦਾ ਸਮਾਂ ਦੀਪ ਨਾਲ ਬਿਤਾਉਂਦੀ। ਉਸ ਨੂੰ ਮੌਕਾ ਹੀ ਨਾ ਦਿੰਦੀ ਕਿ ਉਸ ਦਾ ਨਸ਼ੇ ਵੱਲ ਧਿਆਨ ਜਾਵੇ। ਆਪ ਰੋਟੀ ਬਣਾ ਕੇ ਉਸ ਨੂੰ ਸਾਰੇ ਪਰਿਵਾਰ ਵਿੱਚ ਬੈਠ ਕੇ ਖਾਣ ਲਈ ਲਿਆਉਂਦੀ। ਉਹ ਉਸ ਨੂੰ ਖਾਣਾ ਖਾਣ ਤੋਂ ਬਾਅਦ ਉੱਥੋਂ ਉੱਠਣ ਹੀ ਨਾ ਦਿੰਦੀ। ਕੋਈ ਨਾ ਕੋਈ ਹਸਪਤਾਲ ਦੀ ਗੱਲ ਕਰਦੀ ਜਾਂ ਹਾਸੇ ਵਾਲੀ ਗੱਲ ਛੇੜ ਲੈਂਦੀ। ਦੀਪ ਨੂੰ ਉਸ ਦੀਆਂ ਗੱਲਾਂ ਚੰਗੀਆਂ ਲੱਗਣ ਲੱਗੀਆਂ। ਉਸ ਦਾ ਘਰੋਂ ਬਾਹਰ ਜਾਣਾ ਘਟ ਗਿਆ ਤੇ ਉਸ ਨਾਲ ਲੜਦਾ ਵੀ ਨਾ। ਉਸ ਦੇ ਡਿਊਟੀ ਤੋਂ ਆਉਣ ਦਾ ਇੰਤਜ਼ਾਰ ਕਰਦਾ। ਉਸ ਦਾ ਨਸ਼ਾ ਲੈਣਾ ਵੀ ਘਟ ਗਿਆ। ਉਸ ਦੇ 'ਮਿੱਤਰ' ਫੋਨ ਵੀ ਕਰਦੇ ਤਾਂ ਵੀ ਉਹ ਨਾ ਜਾਣ ਦਾ ਬਹਾਨਾ ਬਣਾ ਦਿੰਦਾ। ਇਹ ਦੇਖ ਕੇ ਉਸ ਦੇ ਮਾਤਾ-ਪਿਤਾ ਬਹੁਤ ਖ਼ੁਸ਼ ਹੁੰਦੇ। ਉਨ੍ਹਾਂ ਦੇ ਮੂੰਹੋਂ ਤੇ ਦਿਲੋਂ ਵੀ ਸੀਰਤ ਲਈ ਦੁਆਵਾਂ ਨਿਕਲਦੀਆਂ। ਦੀਪ ਨੇ ਇੱਕ ਦਿਨ ਸੀਰਤ ਨੂੰ ਕਿਹਾ ਕਿ ਮੈਂ ਵੀ ਨੌਕਰੀ ਕਰਨੀ ਚਾਹੁੰਦਾ ਹਾਂ। ਸੀਰਤ ਬਹੁਤ ਖ਼ੁਸ਼ ਹੋਈ। ਉਸ ਦੀਆਂ ਅੱਖਾਂ ਵਿੱਚੋਂ ਖ਼ੁਸ਼ੀ ਦੇ ਹੰਝੂ ਰੁਕ ਨਹੀਂ ਰਹੇ ਸਨ। ਉਸ ਨੂੰ ਲੱਗਿਆ ਕਿ ਅੱਜ ਉਸ ਨੇ ਆਪਣੇ ਪਤੀ ਨੂੰ ਹੀ ਨਹੀਂ ਸਗੋਂ ਇੱਕ ਬੇਟੇ ਅਤੇ ਇੱਕ ਜਵਾਨੀ ਨੂੰ ਗਰਕ ਹੋਣ ਤੋਂ ਬਚਾਇਆ ਹੈ।



# ਨਾਰੀ ਸੰਸਾਰ



## ਆਓ ਬੱਚਤ ਕਰਨ ਦੀ ਆਦਤ ਪਾਈਏ...



ਮਹਿੰਗਾਈ ਦੇ ਇਸ ਜ਼ਮਾਨੇ ਵਿਚ ਗੁਜ਼ਾਰਾ ਕਰਨਾ ਬਹੁਤ ਮੁਸ਼ਕਿਲ ਹੈ। ਨੌਕਰੀਪੇਸ਼ਾ ਵਾਲੇ ਵਿਅਕਤੀਆਂ ਦੀ ਤਨਖਾਹ ਤਾਂ ਆਉਂਦਿਆਂ ਹੀ ਵੰਡੀ ਜਾਂਦੀ ਹੈ। ਜੇਕਰ ਤੁਹਾਨੂੰ ਬੱਚਤ ਕਰਨ ਦੀ ਆਦਤ ਨਹੀਂ ਹੈ ਤਾਂ ਹੋਰ ਵੀ ਔਖਾ ਹੋ ਜਾਂਦਾ ਹੈ। ਛੋਟੀਆਂ-ਛੋਟੀਆਂ ਗੱਲਾਂ ਵੱਲ ਧਿਆਨ ਦੇ ਕੇ ਅਸੀਂ ਬਹੁਤ ਸਾਰੇ ਪੈਸੇ ਦੀ ਬੱਚਤ ਕਰ ਸਕਦੇ ਹਾਂ।

**ਆਮਦਨ ਅਤੇ ਖ਼ਰਚ ਦਾ ਹਿਸਾਬ** : ਸਭ ਤੋਂ ਪਹਿਲਾਂ ਆਮਦਨ ਅਤੇ ਖਰਚ ਦਾ ਹਿਸਾਬ-ਕਿਤਾਬ ਹੋਣਾ ਬਹੁਤ ਜ਼ਰੂਰੀ ਹੈ। ਆਮਦਨ ਅਤੇ ਖਰਚ ਨੂੰ ਨਾਲ ਦੀ ਨਾਲ ਡਾਇਰੀ ਉੱਪਰ ਨੋਟ ਕਰਕੇ ਰੱਖਿਆ ਜਾਵੇ। ਡਾਇਰੀ ਦੀ ਜਗ੍ਹਾ ਮੋਬਾਈਲ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

**ਤਰਤੀਬਵਾਰ ਖਰਚਾ** : ਜ਼ਰੂਰੀ ਅਤੇ ਮੁਢਲਿਆਂ ਖਰਚਿਆਂ ਦੀ ਸੂਚੀ ਪਹਿਲਾਂ ਹੀ ਬਣਾ ਲਈ ਜਾਵੇ ਅਤੇ ਸਭ ਤੋਂ ਪਹਿਲਾਂ ਉਸ ਉੱਪਰ ਹੀ ਖਰਚ ਕੀਤਾ ਜਾਵੇ।

**ਬਿਜਲੀ ਦੇ ਬਿੱਲ ਦੀ ਬੱਚਤ** : ਬਿਜਲੀ ਦੇ ਬਿੱਲ ਦਾ ਖਰਚਾ ਅਹਿਮ ਖਰਚਾ ਹੈ। ਇਸ ਦੇ ਵੱਲ ਧਿਆਨ ਦੇ ਕੇ ਬਿਜਲੀ ਅਤੇ ਪੈਸੇ ਦੋਵਾਂ ਦੀ ਬੱਚਤ ਕੀਤੀ ਜਾ ਸਕਦੀ ਹੈ। ਘਰ ਵਿਚ ਸੀ. ਐੱਫ. ਐੱਲ. ਬੱਲਬਾਂ ਦੀ ਹੀ ਵਰਤੋਂ ਕੀਤੀ ਜਾਵੇ। ਬਿਜਲੀ ਦੇ ਪਲੱਗ ਲੋੜ ਅਨੁਸਾਰ ਹੀ ਰੱਖੇ ਜਾਣ। ਅੱਜਕਲ੍ਹ ਬਜ਼ਾਰ ਵਿਚ ਅਜਿਹੀਆਂ ਬੈੱਲਾਂ ਆਉਂਦੀਆਂ ਹਨ, ਜਿਸ ਨਾਲ ਪਾਣੀ ਭਰ ਜਾਣ ਨਾਲ ਅਲਾਰਮ ਵੱਜਣ ਲੱਗ ਪੈਂਦਾ ਹੈ, ਇਸ ਨਾਲ ਪਾਣੀ ਅਤੇ ਬਿਜਲੀ ਦੋਵਾਂ ਦੀ ਬੱਚਤ ਹੁੰਦੀ ਹੈ।

**ਕਿਸ਼ਤਾਂ ਨਾਲ ਪੈਸੇ ਦੇ ਕੇ ਵਸਤੂਆਂ ਖ਼ਰੀਦਣਾ** : ਇਕੋ ਵਾਰ ਪੈਸੇ ਕੱਢਣ ਦੀ ਜਗ੍ਹਾ ਕਿਸੇ ਚੀਜ਼ ਨੂੰ ਕਿਸ਼ਤਾਂ ਨਾਲ ਪੈਸੇ ਦੇ ਕੇ ਵੀ ਖ਼ਰੀਦਿਆ ਜਾ ਸਕਦਾ ਹੈ। ਇਸ ਨਾਲ ਜ਼ਿਆਦਾ ਆਰਥਿਕ ਬੋਝ ਨਹੀਂ ਪੈਂਦਾ ਅਤੇ ਪੈਸੇ ਕੱਢਣ ਵਿਚ ਵੀ ਅਸਾਨੀ ਹੁੰਦੀ ਹੈ। ਕਈ ਕੰਪਨੀਆਂ ਗਾਹਕਾਂ ਨੂੰ ਜ਼ੀਰੋ ਫੀਸਦੀ ਵਿਆਜ਼ 'ਤੇ ਵੀ ਵਸਤੂਆਂ ਵੇਚਦੀਆਂ ਹਨ।

**ਆਨਲਾਈਨ ਖ਼ਰੀਦਦਾਰੀ** : ਆਨਲਾਈਨ ਖ਼ਰੀਦਦਾਰੀ ਕਰਨ ਨਾਲ ਪੈਸੇ ਦੀ ਬੱਚਤ ਦੇ ਨਾਲ-ਨਾਲ ਸਮੇਂ ਦੀ ਵੀ ਬੱਚਤ ਹੁੰਦੀ ਹੈ। ਤੁਹਾਨੂੰ ਬਜ਼ਾਰ ਜਾ ਕੇ ਵਸਤੂ ਖ਼ਰੀਦਣ ਦੀ ਲੋੜ ਨਹੀਂ ਪੈਂਦੀ। ਸਮਾਨ ਸਿੱਧਾ ਤੁਹਾਡੇ ਘਰ ਆ ਜਾਂਦਾ ਹੈ। ਤਿਉਹਾਰਾਂ ਦੇ ਦਿਨਾਂ ਵਿਚ ਆਨਲਾਈਨ ਖ਼ਰੀਦਦਾਰੀ ਵਿਚ ਬਹੁਤ ਛੋਟ ਮਿਲਦੀ ਹੈ।

**ਆਮਦਨ ਅਤੇ ਖਰਚ ਇਕ ਜੀਅ ਦੇ ਹੱਥ ਵਿਚ** : ਜੇਕਰ ਆਮਦਨ ਅਤੇ ਖਰਚ ਇਕ ਦੇ ਹੱਥ ਵਿਚ ਹੋਵੇ ਤਾਂ ਬੱਚਤ ਜ਼ਿਆਦਾ ਹੁੰਦੀ ਹੈ ਅਤੇ ਹਿਸਾਬ-ਕਿਤਾਬ ਵੀ ਸੌਖਾ ਰਹਿੰਦਾ ਹੈ।

**ਫਜ਼ੂਲ-ਖਰਚੀ 'ਤੇ ਰੋਕ** : ਫਜ਼ੂਲ-ਖਰਚੀ ਤੇ ਬਾਹਰੀ ਚੀਜ਼ਾਂ ਖਾਣ-ਪੀਣ 'ਤੇ ਰੋਕ ਲਗਾਉਣੀ ਚਾਹੀਦੀ ਹੈ। ਇਸ ਨਾਲ ਤੁਹਾਡੀ ਸਿਹਤ ਵੀ ਠੀਕ ਰਹੇਗੀ ਅਤੇ ਪੈਸੇ ਦੀ ਬੱਚਤ ਵੀ ਹੋਵੇਗੀ।

**ਬੱਚਿਆਂ ਦਾ ਜੇਬ ਖਰਚ** : ਬੱਚਿਆਂ ਨੂੰ ਜ਼ਿਆਦਾ ਜੇਬ ਖਰਚ ਨਾ ਦਿਓ। ਬੱਚਿਆਂ ਨੂੰ ਹਮੇਸ਼ਾ ਆਪ ਚੀਜ਼ ਲੈ ਕੇ ਦਿਓ ਤਾਂ ਜ਼ਿਆਦਾ ਵਧੀਆ ਹੈ।

**-ਚਰਨਜੀਤ ਸਿੰਘ**

## ਬਦਲਦੇ ਮੌਸਮ ਵਿਚ ਹੱਥਾਂ ਦੀ ਦੇਖਭਾਲ



**ਆਪਣੇ ਹੱਥਾਂ ਨੂੰ ਨਮੀ ਯੁਕਤ ਰੱਖੋ** : ਆਪਣੇ ਹੱਥਾਂ ਨੂੰ ਮਾਇਸਚਰਾਈਜ਼ ਕਰਨ ਲਈ ਚੰਗੀ ਕਿਸਮ ਦਾ ਮਾਇਸਚਰਾਈਜ਼ਰ ਵਰਤੋ ਅਤੇ ਇਸ ਨੂੰ ਹੱਥ ਧੋਣ ਤੋਂ ਬਾਅਦ ਘੱਟੋ-ਘੱਟ ਤਿੰਨ ਵਾਰ ਲਗਾਓ। ਗਰਮੀ ਵਿਚ ਹਲਕੀ ਕਿਸਮ ਦਾ ਮਾਇਸਚਰਾਈਜ਼ਰ ਹੱਥਾਂ 'ਤੇ ਲਗਾਓ ਅਤੇ ਸਰਦੀਆਂ ਵਿਚ ਭਾਰੀ ਕਿਸਮ ਦਾ ਬਾਡੀ ਮੱਖਣ ਮਿਲਿਆ ਵਰਤੋ। ਸਰਦੀਆਂ ਵਿਚ ਚਮੜੀ ਖੁਸ਼ਕ ਹੋ ਜਾਂਦੀ ਹੈ, ਇਸ ਲਈ ਵਧੀਆ ਮਾਇਸਚਰਾਈਜ਼ਰ ਹੀ ਵਰਤੋ।

**ਹੱਥਾਂ ਨੂੰ ਮਲੋ** : ਹੱਥਾਂ ਦੀ ਮਹੀਨੇ ਵਿਚ ਘੱਟੋ-ਘੱਟ ਇਕ ਵਾਰ ਮੈਨੀਕਿਓਰ (ਸਫ਼ਾਈ) ਕਰਵਾਓ। ਇਸ ਤਰ੍ਹਾਂ ਕਰਨ ਨਾਲ ਹੱਥਾਂ 'ਤੇ ਵਾਧੂ ਮਾਸ, ਮਾਲਿਸ਼ ਅਤੇ ਸਫ਼ਾਈ ਤੋਂ ਇਲਾਵਾ ਹੱਥਾਂ ਨੂੰ ਪੋਸ਼ਣ ਮਿਲ ਜਾਂਦਾ ਹੈ।

ਜਦੋਂ ਤੁਸੀਂ ਆਪਣੇ ਹੱਥਾਂ ਨੂੰ ਧੋਂਦੇ ਹੋ ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਇਨ੍ਹਾਂ ਨੂੰ ਕੋਸੇ ਪਾਣੀ ਨਾਲ ਧੋਂਦੇ ਹੋ। ਬਹੁਤ ਜ਼ਿਆਦਾ ਗਰਮ ਜਾਂ ਠੰਢਾ ਪਾਣੀ ਚਮੜੀ ਨੂੰ ਨੁਕਸਾਨ ਕਰਦਾ ਹੈ। ਕਦੇ ਭਾਂਡੇ ਧੋਣ ਵਾਲਾ ਸਾਬਣ ਨਾ ਵਰਤੋ। ਇਹ ਚਮੜੀ 'ਤੇ ਬੁਰਾ ਅਸਰ ਕਰਦਾ ਹੈ। ਇਸ ਨਾਲ ਚਮੜੀ ਬੜੀ ਛੇਤੀ ਖੁਸ਼ਕ ਹੋ ਜਾਂਦੀ ਹੈ।

**ਰਗੜੋ** : ਆਪਣੇ ਹੱਥਾਂ ਨੂੰ ਹਫ਼ਤੇ ਵਿਚ ਇਕ ਵਾਰ ਚੰਗੀ ਤਰ੍ਹਾਂ ਰਗੜੋ। ਇਸ ਤਰ੍ਹਾਂ ਕਰਨ ਨਾਲ ਵਾਧੂ ਚਮੜੀ ਹਟ ਜਾਵੇਗੀ। ਇਕ ਚਮਚਾ ਚੀਨੀ ਨੂੰ ਜੈਤੂਨ ਦੇ ਤੇਲ ਵਿਚ ਅੱਧੇ ਨਿੰਬੂ ਦਾ ਰਸ ਮਿਲਾ ਕੇ ਲਗਾਓ ਅਤੇ ਕੁਝ ਦੇਰ ਬਾਅਦ ਧੋ ਲਓ। ਜੇਕਰ ਤੁਸੀਂ ਜੈਤੂਨ ਦੇ ਤੇਲ ਤੋਂ ਬਿਨਾਂ ਵਰਤਦੇ ਹੋ ਤਾਂ ਹੱਥਾਂ ਨੂੰ ਕੋਸੇ ਪਾਣੀ ਵਿਚ ਚੰਗੀ ਤਰ੍ਹਾਂ ਸਾਫ਼ ਕਰੋ।

**ਮਾਲਿਸ਼** : ਰਾਤ ਸਮੇਂ 5 ਮਿੰਟ ਲਈ ਮਾਇਸਚਰਾਈਜ਼ਰ ਨਾਲ ਆਪਣੇ ਹੱਥਾਂ ਦੀ ਚੰਗੀ ਤਰ੍ਹਾਂ ਮਾਲਿਸ਼ ਕਰੋ। ਖੁਸ਼ਕ ਚਮੜੀ ਹੋਣ 'ਤੇ ਮਾਇਸਚਰਾਈਜ਼ਰ ਵਿਚ ਥੋੜ੍ਹੀ ਜਿਹੀ ਵੈਸਲੀਨ ਮਿਲਾ ਲਓ, ਤਾਂ ਜੋ ਇਹ ਸਾਰੀ ਰਾਤ ਸੁਰੱਖਿਅਤ ਰਹਿਣ।

**ਆਪਣੇ ਹੱਥਾਂ ਨੂੰ ਬਚਾਉਣ ਲਈ ਨਹੁੰਆਂ ਨੂੰ ਕੱਟੋ ਅਤੇ ਸਾਫ਼ ਰੱਖੋ** : ਜਦੋਂ ਤੁਸੀਂ ਆਪਣੇ ਨਹੁੰਆਂ ਨੂੰ ਰਗੜ ਕੇ ਇਕਸਾਰ ਕਰਦੇ ਹੋ ਤਾਂ ਇਨ੍ਹਾਂ ਨੂੰ ਇਕ ਦਿਸ਼ਾ ਵਿਚ ਹੀ ਕਰੋ, ਨਾ ਕਿ ਉੱਪਰ-ਹੇਠਾਂ। ਉੱਪਰ-ਹੇਠਾਂ ਰਗੜਨ ਨਾਲ ਨਹੁੰਆਂ ਦੀਆਂ ਤਹਿਆਂ ਵੱਖ ਹੋ ਸਕਦੀਆਂ ਹਨ। ਜੇਕਰ ਇਨ੍ਹਾਂ ਨਹੁੰਆਂ ਦੀਆਂ ਤਹਿਆਂ ਵਿਚ ਪਾਣੀ ਦਿਖਾਈ ਦੇਵੇ ਤਾਂ ਇਹ ਨਹੁੰਆਂ ਨੂੰ ਵਧੇਰੇ ਨੁਕਸਾਨ ਪਹੁੰਚਾ ਸਕਦਾ ਹੈ। ਆਪਣੇ ਨਹੁੰਆਂ ਨੂੰ ਹਫ਼ਤੇ ਵਿਚ ਲੋੜ ਅਨੁਸਾਰ ਇਕ ਜਾਂ ਦੋ ਵਾਰ ਕੱਟੋ।

**ਆਪਣੇ ਨਹੁੰ ਪਾਲਿਸ਼ ਕਰੋ** : ਜਦੋਂ ਤੁਸੀਂ ਆਪਣੇ ਨਹੁੰਆਂ ਨੂੰ ਪਾਲਿਸ਼ ਲਗਾਉਂਦੇ ਹੋ ਤਾਂ ਪਹਿਲਾਂ ਬੇਸ-ਕੋਟ ਕਰੋ ਤਾਂ ਜੋ ਨਹੁੰਆਂ 'ਤੇ ਦਾਗ ਨਾ ਪਵੇ। ਬੇਸ-ਕੋਟ ਕਰਨ ਨਾਲ ਨਹੁੰ ਪਾਲਿਸ਼ ਲੰਮਾ ਸਮਾਂ ਟਿਕਦੀ ਹੈ।

**ਆਪਣੀ ਤਵਚਾ ਦੀ ਸੁਰੱਖਿਆ ਕਰੋ** : ਵਧੀਆ ਕਿਸਮ ਦੀ ਕਿਉਟੀਕਲ ਕਰੀਮ ਜਾਂ ਤੇਲ ਦੀ ਵਰਤੋਂ ਕਰੋ, ਤਾਂ ਜੋ ਇਹ ਚਮੜੀ ਖੁਸ਼ਕ ਨਾ ਹੋਵੇ। ਇਸ ਬਦਲ ਲਈ ਤੁਸੀਂ ਘਰ ਵਿਚ ਹੀ ਪ੍ਰਬੰਧ ਕਰ ਸਕਦੇ ਹੋ। ਆਪਣੇ ਹੱਥਾਂ 'ਤੇ ਹਫ਼ਤੇ ਵਿਚ ਦੋ ਵਾਰ ਰਾਤ ਸਮੇਂ ਕੁਝ ਤੁਪਕੇ ਗਲਿਸਰੀਨ ਲਗਾਓ ਅਤੇ ਬਾਅਦ ਵਿਚ ਕੋਸੇ ਪਾਣੀ ਨਾਲ ਸਵੇਰ ਵੇਲੇ ਧੋ ਦਿਓ। ਸਵੇਰ ਨੂੰ ਤੁਸੀਂ ਆਪਣੇ ਹੱਥ ਨਰਮ ਮਹਿਸੂਸ ਕਰੋਗੇ।

**ਸਹੀ ਖਾਓ** : ਜੋ ਤੁਸੀਂ ਖਾਂਦੇ ਹੋ, ਉਹ ਬਹੁਤ ਮਹੱਤਵਪੂਰਨ ਹੁੰਦਾ ਹੈ। ਨਹੁੰਆਂ ਨੂੰ ਮਜ਼ਬੂਤ ਅਤੇ ਆਪਣੇ ਹੱਥਾਂ ਨੂੰ ਨਰਮ ਤੇ ਕੋਮਲ ਰੱਖਣ ਲਈ ਪ੍ਰੋਟੀਨਜ਼, ਵਿਟਾਮਿਨ ਬੀ, ਵਿਟਾਮਿਨ ਈ ਯੁਕਤ ਪਦਾਰਥ ਤੁਹਾਡੇ ਖਾਣੇ ਦਾ ਹਿੱਸਾ ਹੋਣੇ ਚਾਹੀਦੇ ਹਨ।

## ਜੇਬ ਖਰਚ ਅਤੇ ਬੱਚੇ-ਕੁਝ ਸਾਵਧਾਨੀਆਂ

- ਬੱਚਿਆਂ ਨੂੰ ਜੇਬ ਖਰਚ ਏਨਾ ਜ਼ਿਆਦਾ ਨਾ ਦਿਓ ਕਿ ਉਹ ਸ਼ਰਾਬ ਵਰਗੀ ਗੰਦੀ ਆਦਤ ਵਿਚ ਲਿਪਤ ਹੋ ਜਾਣ। ਵਿਚ-ਵਿਚਾਲੇ ਬੱਚੇ ਕਿਸ ਰੂਪ ਨਾਲ ਆਪਣੇ ਜੇਬ ਖਰਚ ਦੀ ਵਰਤੋਂ ਕਰਦੇ ਹਨ, ਇਸ 'ਤੇ ਨਜ਼ਰ ਜ਼ਰੂਰ ਰੱਖੋ।
- ਬੱਚਿਆਂ ਨੂੰ ਜੇਬ ਖਰਚ ਦਿੰਦੇ ਹੋਏ ਦੱਸੋ ਕਿ ਫਾਸਟ ਫੂਡ ਦੇ ਕੀ ਨੁਕਸਾਨ ਹਨ ਅਤੇ ਬਾਹਰ ਦਾ ਖਾਣਾ ਓਨਾ ਸਫਾਈ ਨਾਲ ਨਹੀਂ ਬਣਦਾ, ਜਿੰਨਾ ਘਰ ਵਿਚ। ਕਦੇ-ਕਦੇ ਮਨ ਨੂੰ ਬਹਿਲਾਉਣ ਲਈ ਤਾਂ ਠੀਕ ਹੈ ਪਰ ਆਪਣੇ-ਆਪ ਨੂੰ ਬਾਹਰੀ ਭੋਜਨ ਖਾਣ ਦਾ ਆਦੀ ਨਾ ਬਣਾਓ।
- ਕੋਈ ਚੰਗਾ ਕੰਮ ਕਰਨ 'ਤੇ ਬੱਚੇ ਨੂੰ ਜੋ ਪੈਸੇ ਇਨਾਮ ਦੇ ਰੂਪ ਵਿਚ ਦਿੱਤੇ ਜਾਂਦੇ ਹਨ ਜਾਂ ਮਿਲਦੇ ਹਨ, ਉਸ ਨੂੰ ਬੱਚੇ ਨੂੰ ਆਪਣੇ ਜੇਬ ਖਰਚ ਦੇ ਰੂਪ ਵਿਚ ਵਰਤਣ ਲਈ ਸਮਝਾਓ। ਬੱਚਾ ਚਾਹੇ ਤਾਂ ਉਸ ਨਾਲ ਆਪਣੇ ਲਈ ਕੋਈ ਗੇਮ ਜਾਂ ਖਿਡੌਣਾ ਵੀ ਖਰੀਦ ਸਕਦਾ ਹੈ।
- ਬੱਚੇ ਨੂੰ ਧਨ ਬਚਾਉਣ ਦੀ ਮਹੱਤਤਾ ਦੇ ਬਾਰੇ ਵੀ ਦੱਸੋ। ਉਸ ਨੂੰ ਜਿੰਨਾ ਜੇਬ ਖਰਚ ਮਿਲਦਾ ਹੈ, ਉਸ ਵਿਚੋਂ ਕੁਝ ਪੈਸੇ ਜ਼ਰੂਰ ਜੋੜਨੇ ਸਿਖਾਓ, ਜਿਸ ਨਾਲ ਉਹ ਇੱਛਾ ਹੋਣ 'ਤੇ ਆਪਣੇ ਪਰਿਵਾਰ ਦੇ ਮੈਂਬਰਾਂ ਲਈ ਸ਼ੁਭ ਮੌਕੇ 'ਤੇ ਛੋਟੇ ਤੋਹਫ਼ੇ ਦੇ ਸਕਦਾ ਹੈ।
- ਬੱਚਿਆਂ ਨੂੰ ਜੇ ਜੇਬ ਖਰਚ ਬਿਲਕੁਲ ਨਾ ਦਿੱਤਾ ਜਾਵੇ ਤਾਂ ਉਹ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਹਨ, ਇਸ ਲਈ ਸਮੇਂ-ਸਮੇਂ 'ਤੇ ਉਨ੍ਹਾਂ ਨੂੰ ਕੁਝ ਪੈਸੇ ਜ਼ਰੂਰ ਦਿਓ, ਜਿਸ ਨਾਲ ਦੂਜੇ ਬੱਚਿਆਂ ਦੇ ਵਿਚ ਉਹ ਸ਼ਰਮਿੰਦਗੀ ਮਹਿਸੂਸ ਨਾ ਕਰਨ।
- ਬੱਚਿਆਂ ਨੂੰ ਇਸ ਗੱਲ ਦੀ ਜਾਣਕਾਰੀ ਵੀ ਦੇਣੀ ਜ਼ਰੂਰੀ ਹੈ ਕਿ ਜੇਬ ਖਰਚ ਦੂਜੇ ਬੱਚਿਆਂ 'ਤੇ ਸ਼ੇਖੀ ਮਾਰਨ ਲਈ ਨਹੀਂ ਹੁੰਦਾ, ਸਗੋਂ ਮਿਲਜੁਲ ਕੇ ਆਪਣੀ ਪਸੰਦ ਦੀਆਂ ਚੀਜ਼ਾਂ ਖਾਣ ਲਈ ਹੁੰਦਾ ਹੈ।



## ਇਕ ਚੰਗੇ ਵਿਅਕਤੀਤਵ ਲਈ



- ਜਦੋਂ ਵੀ ਤੁਸੀਂ ਬੋਲੋ ਤਾਂ ਸੋਚ-ਸਮਝ ਕੇ ਬੋਲੋ। ਤੁਹਾਡੀ ਬੋਲੀ 'ਚ ਨਿਮਰਤਾ ਅਤੇ ਤਮੀਜ਼ ਹੋਣੀ ਜ਼ਰੂਰੀ ਹੈ, ਕਿਉਂਕਿ ਬੋਲੀ ਸਿਰਫ ਇਜ਼ਹਾਰ ਦਾ ਜ਼ਰੀਆ ਹੀ ਨਹੀਂ, ਬਲਕਿ ਤੁਹਾਡੇ ਵਿਅਕਤੀਤਵ ਤੇ ਸੰਸਕਾਰਾਂ ਦਾ ਆਈਨਾ ਵੀ ਹੈ।
- ਜੀਵਨ ਵਿਚ ਡਰ ਨੂੰ ਕਦੇ ਵੀ ਆਪਣੇ 'ਤੇ ਹਾਵੀ ਨਾ ਹੋਣ ਦਿਓ। ਆਪਣੇ-ਆਪ ਨੂੰ ਹਮੇਸ਼ਾ ਚੁਸਤ ਅਤੇ ਉਤਸ਼ਾਹਿਤ ਮਹਿਸੂਸ ਕਰੋ।
- ਆਪਣੀਆਂ ਭਾਵਨਾਵਾਂ ਨੂੰ ਚਿਹਰੇ ਉੱਤੇ ਪ੍ਰਗਟ ਨਾ ਹੋਣ ਦਿਓ ਅਤੇ ਦੂਜਿਆਂ ਦੀਆਂ ਭਾਵਨਾਵਾਂ ਨੂੰ ਗਹਿਰਾਈ ਨਾਲ ਸਮਝੋ।
- ਆਪਣੇ ਅੰਦਰ ਚੰਗੇ ਗੁਣਾਂ ਨੂੰ ਵਿਕਸਤ ਕਰੋ ਅਤੇ ਆਪਣੀ ਇੱਛਾ ਸ਼ਕਤੀ ਨੂੰ ਮਜ਼ਬੂਤ ਬਣਾਓ।
- ਅਨੁਸ਼ਾਸਨਵਾਨ ਬਣੋ ਅਤੇ ਅਨੁਸ਼ਾਸਨ ਨੂੰ ਆਪਣੇ ਜੀਵਨ ਦਾ ਇਕ ਅੰਗ ਬਣਾਓ।
- ਆਪਣੇ ਗੁੱਸੇ 'ਤੇ ਕਾਬੂ ਰੱਖੋ। ਜਦੋਂ ਵੀ ਤਹਾਡੇ ਦਿਮਾਗ 'ਚ ਸ਼ੱਕ, ਬੇਵਜਾ ਗੱਸਾ, ਤਣਾਅ ਆਦਿ ਪੈਦਾ ਹੋਣ ਲੱਗਣ ਤਾਂ ਉਸੇ ਸਮੇਂ ਇਨਾਂ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰੋ।
- ਤੰਦਰੁਸਤੀ ਲਈ ਸਫ਼ਾਈ ਆਦਿ ਵੀ ਜ਼ਰੂਰੀ ਹੈ, ਇਸ ਦਾ ਧਿਆਨ ਰੱਖੋ।
- ਕਿਸੇ ਦੀ ਬੁਰਾਈ ਆਦਿ ਨਾ ਕਰੋ। ਜੋ ਜਿਹੋ ਜਿਹਾ ਹੈ, ਉਸ ਨੂੰ ਉਂਜ ਹੀ ਸਵੀਕਾਰ ਕਰਨ ਦਾ ਯਤਨ ਕਰੋ। ਚੰਗਿਆਈ ਦੀ ਪ੍ਰਸੰਸਾ ਕਰੋ।
- ਸ਼ਿਸ਼ਟਾਚਾਰ ਦੇ ਬਿਨਾਂ ਤੁਹਾਡਾ ਗਿਆਨ ਅਤੇ ਸਿੱਖਿਆ ਜ਼ਰੂਰੀ ਹੈ। ਇਸ ਲਈ ਵਿਅਕਤੀਤਵ ਦੇ ਇਸ ਆਧਾਰ ਥੰਮ ਨੂੰ ਞਿੜ ਬਣਾਓ।
- ਹਕੀਕਤ ਵਿਚ ਜਿਊਣਾ ਸਿੱਖੋ। ਸੁਪਨਿਆਂ ਦੀ ਦੁਨੀਆ ਵਿਚ ਨਾ ਜੀਓ।
- ਜੀਵਨ ਦੀ ਸਚਾਈ ਨੂੰ ਸਹਿਜਤਾ ਨਾਲ ਸਵੀਕਾਰ ਕਰੋ। ਕਿਸੇ ਨੂੰ ਛੋਟਾ ਨਾ ਸਮਝੋ।
- ਆਪਣਾ ਸਵੈਮਾਨ ਬਣਾ ਕੇ ਰੱਖੋ, ਪਰ ਵਿਹਾਰ ਕਸ਼ਲ ਰਹੋ।
- ਆਪਣੇ ਲਕਸ਼ ਅਤੇ ਉਦੇਸ਼ ਨੂੰ ਉੱਚਾ ਰੱਖੋ। ਇਨਾਂ ਨੂੰ ਪਾਉਣ ਦੀ ਨਿਰੰਤਰ ਕੋਸ਼ਿਸ਼ ਕਰੋ।
- ਕਦੇ-ਕਦੇ ਆਪਣੇ-ਆਪ ਦਾ ਮੁੱਲਾਂਕਣ ਵੀ ਕਰੋ। ਆਈਆਂ ਕਮੀਆਂ ਨੂੰ ਦੂਰ ਕਰੋ।
- ਅਚਾਨਕ ਆ ਗਏ ਕੰਮ ਦੇ ਬੋਝ ਨੂੰ ਪੂਰਾ ਕਰਨ ਦੀ ਹਿੰਮਤ ਰੱਖੋ।
- ਹਾਜ਼ਰ-ਜਵਾਬ ਬਣੋ ਪਰ ਕਿਸੇ ਨੂੰ ਮਾੜੀ ਗੱਲ ਨਾ ਕਹੋ।
- ਦੂਜਿਆਂ ਤੋਂ ਹੱਕ ਨਾਲ ਕੰਮ ਕਰਵਾਉਣ ਦਾ ਹੁਨਰ ਵੀ ਸਿੱਖੋ।
- ਕਿਸੇ ਵੀ ਖੇਤਰ ਵਿਚ ਅੱਗੇ ਵਧਣ ਲਈ ਆਪਣਾ ਆਮ ਗਿਆਨ ਵਧਾਓ। ਸਮਕਾਲੀ ਘਟਨਾਵਾਂ ਦੀ ਭਰਪੂਰ ਜਾਣਕਾਰੀ ਰੱਖੋ।
- ਜਦੋਂ ਤੁਸੀਂ ਹਰ ਪਾਸਿਓਂ ਟਿਪ-ਟਾਪ ਰਹੋਗੇ ਤਾਂ ਨਾ ਸਿਰਫ ਲੋਕੀਂ ਤੁਹਾਡੇ ਪ੍ਰਤੀ ਆਕਰਸ਼ਿਤ ਹੋਣਗੇ, ਸਗੋਂ ਤੁਹਾਡਾ ਆਤਮਵਿਸ਼ਵਾਸ ਵੀ ਵਧਦਾ ਚਲਾ ਜਾਵੇਗਾ।

**-ਸੁਖਮੰਦਰ ਸਿੰਘ ਤੂਰ, (ਮੋਗਾ)**




# ਕੀ ਹੈ ਕਾਲਾ ਮੋਤੀਆ

ਕਾਲਾ ਮੋਤੀਆ (ਗਲੂਕੋਮਾ) ਅਤੇ ਚਿੱਟਾ ਮੋਤੀਆਬਿੰਦ (ਕੈਟਰੇਕਟ) ਕਾਫੀ ਮਿਲਦੇ-ਜੁਲਦੇ ਨਾਂਅ ਹਨ ਪਰ ਦੋਵਾਂ ਵਿਚ ਬਹੁਤ ਫਰਕ ਹੈ। ਜਿਥੇ ਆਪ੍ਰੇਸ਼ਨ ਨਾਲ ਚਿੱਟਾ ਮੋਤੀਆ ਠੀਕ ਹੋ ਜਾਂਦਾ ਹੈ, ਉਥੇ ਕਾਲਾ ਮੋਤੀਆ ਅੱਖਾਂ ਦੀ ਨਜ਼ਰ ਖਤਮ ਕਰ ਦਿੰਦਾ ਹੈ। ਇਸ ਦੀ ਗੰਭੀਰਤਾ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਦਾ ਹਰ ਸੱਤਵਾਂ ਮਰੀਜ਼ ਅੱਖ ਦੀ ਨਿਗ੍ਹਾ ਖਤਮ ਹੋਣ ਤੋਂ ਬਾਅਦ ਹੀ ਡਾਕਟਰ ਦੇ ਕੋਲ ਪਹੁੰਚਦਾ ਹੈ।




ਚੰਗੀ ਭਲੀ ਨਿਗ੍ਹਾ ਵਾਲੇ ਵਿਅਕਤੀ ਨੂੰ ਇਕ ਦਿਨ ਅਚਾਨਕ ਇਕ ਅੱਖ ਤੋਂ ਘੱਟ ਦਿਖਾਈ ਦੇਣ ਜਾਂ ਬਿਲਕੁਲ ਦਿਖਾਈ ਨਾ ਦੇਣ ਦੀ ਸ਼ਿਕਾਇਤ ਹੋ ਸਕਦੀ ਹੈ। ਸਮੱਸਿਆ ਇਹ ਹੈ ਕਿ ਆਮ ਤੌਰ 'ਤੇ ਇਸ ਰੋਗ ਦੇ ਲੱਛਣ ਪਹਿਲਾਂ ਪ੍ਰਗਟ ਨਹੀਂ ਹੁੰਦੇ ਅਤੇ ਜਦੋਂ ਇਸ ਦਾ ਪਤਾ ਲਗਦਾ ਹੈ, ਉਦੋਂ ਤੱਕ ਰੋਗੀ ਦੀ ਨਿਗ੍ਹਾ ਜਾ ਚੁੱਕੀ ਹੁੰਦੀ ਹੈ।

ਕਾਲਾ ਮੋਤੀਆ ਦਾ ਸਭ ਤੋਂ ਖਤਰਨਾਕ ਪਹਿਲੂ ਇਹ ਹੈ ਕਿ ਇਸ ਰੋਗ ਵਿਚ ਇਕ ਵਾਰ ਨਿਗ੍ਹਾ ਦਾ ਜਿੰਨਾ ਨੁਕਸਾਨ ਹੋ ਚੁੱਕਾ ਹੁੰਦਾ ਹੈ, ਉਸ ਨੂੰ ਇਲਾਜ ਦੀ ਕਿਸੇ ਵਿਧੀ ਰਾਹੀਂ ਵਾਪਸ ਨਹੀਂ ਲਿਆਂਦਾ ਜਾ ਸਕਦਾ। ਇਸ ਦੇ ਉਲਟ ਚਿੱਟੇ ਮੋਤੀਏ ਵਿਚ ਆਪ੍ਰੇਸ਼ਨ ਤੋਂ ਬਾਅਦ ਅੱਖਾਂ ਦੀ ਨਿਗ੍ਹਾ ਨੂੰ ਵਾਪਸ ਲਿਆਂਦਾ ਜਾ ਸਕਦਾ ਹੈ। ਅਸਲ ਵਿਚ ਕਾਲਾ ਮੋਤੀਆ ਅਜਿਹੀ ਬਿਮਾਰੀ ਹੈ ਜੋ ਅੱਖਾਂ ਵਿਚ ਦਬਾਅ ਵਧਣ ਨਾਲ ਜੁੜੀ ਹੋਈ ਹੈ। ਅੱਖਾਂ ਵਿਚ ਇਕ ਦ੍ਰਵ ਭਰਦਾ ਰਹਿੰਦਾ ਹੈ, ਜਿਸ ਨਾਲ ਅੱਖਾਂ ਦਾ ਆਕਾਰ ਬਣਾਈ ਰੱਖਣ ਵਿਚ ਮਦਦ ਮਿਲਦੀ ਹੈ ਅਤੇ ਲੈੱਨਜ਼ ਅਤੇ ਕਾਰਨੀਆ ਨੂੰ ਪੋਸ਼ਣ ਮਿਲਦਾ ਹੈ।

ਕਾਲੇ ਮੋਤੀਏ ਦੇ ਮਰੀਜ਼ਾਂ ਦੀਆਂ ਅੱਖਾਂ ਵਿਚੋਂ ਤਰਲ ਪਦਾਰਥ ਠੀਕ ਤਰ੍ਹਾਂ ਬਾਹਰ ਨਹੀਂ ਨਿਕਲਦਾ। ਇਸ ਨਾਲ ਅੱਖ ਦੇ ਅੰਦਰ ਦਬਾਅ ਵਧ ਜਾਂਦਾ ਹੈ ਅਤੇ ਖ਼ੂਨ ਵਾਹਿਕਾਵਾਂ ਆਪਿਟਕ ਨਰਵ ਵੱਲ ਵਧ ਜਾਂਦੀਆਂ ਹਨ। ਸਨਾਯੂ ਕੋਸ਼ਿਕਾਵਾਂ ਹੌਲੀ-ਹੌਲੀ ਮਰਦੀਆਂ ਜਾਂਦੀਆਂ ਹਨ ਅਤੇ ਇਸ ਦੇ ਨਾਲ-ਨਾਲ ਨਿਗ੍ਹਾ ਵੀ ਖਤਮ ਹੁੰਦੀ ਜਾਂਦੀ ਹੈ। ਇਸ ਨਾਲ ਪੂਰੀ ਤਰ੍ਹਾਂ ਅੰਨ੍ਹਾਪਨ ਆ ਸਕਦਾ ਹੈ, ਜਿਸ ਨੂੰ ਠੀਕ ਨਹੀਂ ਕੀਤਾ ਜਾ ਸਕਦਾ। ਆਮ ਤੌਰ 'ਤੇ ਕਾਲੇ ਮੋਤੀਏ ਦਾ ਉਦੋਂ ਤੱਕ ਨਹੀਂ ਪਤਾ ਲਗਦਾ ਜਦੋਂ ਤੱਕ ਮਰੀਜ਼ ਨੇਤਰਹੀਣ ਨਹੀਂ ਹੋ ਜਾਂਦਾ।

ਕਾਲੇ ਮੋਤੀਏ ਦੀਆਂ ਕਈ ਕਿਸਮਾਂ ਹੁੰਦੀਆਂ ਹਨ ਪਰ ਇਸ ਦੀ ਕਿਸੇ ਵੀ ਕਿਸਮ ਦਾ ਬੁਰਾ ਅਸਰ ਅੱਖ ਦੇ ਸਾਰੇ ਹਿੱਸਿਆਂ 'ਤੇ ਹੁੰਦਾ ਹੈ। ਆਮ ਲੋਕਾਂ ਦੀ ਤੁਲਨਾ ਵਿਚ ਸ਼ੂਗਰ ਰੋਗੀਆਂ ਵਿਚ ਕਾਲਾ ਮੋਤੀਆ ਅੱਠ ਗੁਣਾ ਜ਼ਿਆਦਾ ਪਾਇਆ ਜਾਂਦਾ ਹੈ, ਇਸ ਲਈ ਸਭ ਸ਼ੂਗਰ ਦੇ ਰੋਗੀਆਂ ਲਈ ਸਮੇਂ-ਸਮੇਂ 'ਤੇ ਪੂਰੀ ਅੱਖਾਂ ਦੀ ਜਾਂਚ ਖਾਸ ਤੌਰ 'ਤੇ ਜ਼ਰੂਰੀ ਹੁੰਦੀ ਹੈ। ਇਸ ਨੂੰ ਉਹ ਝੰਜਟ ਨਾ ਸਮਝਣ। ਕੁਝ ਪਰਿਵਾਰਾਂ ਵਿਚ ਕਾਲਾ ਮੋਤੀਆ ਖਾਨਦਾਨੀ ਤੌਰ 'ਤੇ ਵੀ ਹੁੰਦਾ ਹੈ। ਇਸ ਲਈ ਜੇ ਮਾਤਾ ਜਾਂ ਪਿਤਾ, ਭਰਾ ਜਾਂ ਭੈਣ ਨੂੰ ਇਹ ਰੋਗ ਹੋਵੇ ਤਾਂ ਖੁਦ ਵੀ ਕਾਲੇ ਮੋਤੀਏ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ।

ਕਾਲੇ ਮੋਤੀਏ ਦੀ ਸਭ ਤੋਂ ਆਮ ਕਿਸਮ ਸਿੰਪਲ (ਓਪਨ ਐਂਗਲ) ਕਲੂਕੋਮਾ ਹੈ, ਜੋ ਅੱਖ ਵਿਚੋਂ ਦ੍ਰਵ ਬਾਹਰ ਲਿਜਾਣ ਵਾਲੀਆਂ ਨਿਕਾਸ ਨਾਲੀਆਂ ਦੇ ਖਰਾਬ ਹੋ ਜਾਣ ਨਾਲ ਹੁੰਦਾ ਹੈ। ਇਸ ਨਾਲ ਦ੍ਰਵ ਦੀ ਨਿਕਾਸੀ ਹੌਲੀ ਹੋ ਜਾਂਦੀ ਹੈ ਅਤੇ ਅੱਖ ਦੇ ਅੰਦਰ ਦ੍ਰਵ ਦੀ ਮਾਤਰਾ ਵਧਦੇ ਰਹਿਣ ਨਾਲ ਅੱਖ ਦਾ ਅੰਦਰੂਨੀ ਦਬਾਅ ਵਧ ਜਾਂਦਾ ਹੈ। ਇਹ ਵਿਕਾਸ 40-70 ਸਾਲ ਦੀ ਉਮਰ ਵਿਚ ਹੀ ਜ਼ਿਆਦਾ ਪਾਇਆ ਜਾਂਦਾ ਹੈ। ਮਾਹਿਰ ਕਹਿੰਦੇ ਹਨ ਕਿ ਗਲੂਕੋਮਾ ਵਿਚ ਸ਼ੁਰੂ ਵਿਚ ਇਹ ਭਿਣਕ ਵੀ ਨਹੀਂ ਲਗਦੀ ਕਿ ਅੱਖਾਂ ਕਾਲੇ ਮੋਤੀਏ ਨਾਲ ਘਿਰ ਗਈਆਂ ਹਨ। ਬਸ ਸਮੇਂ ਦੇ ਨਾਲ ਅੱਖਾਂ ਦਾ ਨਿਗ੍ਹਾ-ਖੇਤਰ ਘਟਦਾ ਚਲਿਆ ਜਾਂਦਾ ਹੈ। ਹਾਲਾਂਕਿ ਕੇਂਦਰੀ ਦ੍ਰਿਸ਼ਟੀ ਬਿਲਕੁਲ ਅਖੀਰ ਤੱਕ ਸਾਫ਼ ਬਣੀ ਰਹਿੰਦੀ ਹੈ। ਕੁਝ ਲੋਕਾਂ ਵਿਚ ਨਜ਼ਰ ਕਮਜ਼ੋਰ ਹੋਣ ਦੇ ਸਾਧਾਰਨ ਲੱਛਣ ਵੀ ਪਾਏ ਜਾਂਦੇ ਹਨ ਅਤੇ ਪੜ੍ਹਨ ਵਾਲੇ ਚਸ਼ਮੇ ਦਾ ਨੰਬਰ ਵਾਰ-ਵਾਰ ਬਦਲਦਾ ਹੈ, ਘੱਟ ਰੌਸ਼ਨੀ ਵਿਚ ਦੇਖਣ ਵਿਚ ਮੁਸ਼ਕਿਲ ਹੋਣ ਲਗਦੀ ਹੈ ਅਤੇ ਇਸੇ ਲਈ ਘੱਟ ਰੌਸ਼ਨੀ ਵਾਲੀ ਜਗ੍ਹਾ ਵਿਚ ਜਾਣ 'ਤੇ ਭਰੋਸਾ ਹੋਣ ਵਿਚ ਸਮਾਂ ਲਗਦਾ ਹੈ।




ਜਿਵੇਂ-ਜਿਵੇਂ ਨਜ਼ਰ ਦਾ ਦਾਇਰਾ ਘਟਦਾ ਹੈ, ਤੁਰਨ-ਫਿਰਨ ਵਿਚ ਵੀ ਮੁਸ਼ਕਿਲ ਆਉਂਦੀ ਹੈ। ਪੂਰਾ ਦ੍ਰਿਸ਼ ਸਾਫ਼ ਨਾ ਹੋਣ ਕਾਰਨ ਲੱਤਾਂ ਚੀਜ਼ਾਂ ਨਾਲ ਉਲਝਣ ਲਗਦੀਆਂ ਹਨ, ਪੈਰ ਲੜਖੜਾ ਉਠਦੇ ਹਨ ਅਤੇ ਸਿਰ ਨੂੰ ਵਾਰ-ਵਾਰ ਇਧਰੋਂ ਉਧਰ ਲਿਜਾਣ ਨਾਲ ਹੀ ਰਾਹ ਦਿਸਦਾ ਹੈ। ਇਲਾਜ ਤੋਂ ਬਿਨਾਂ ਨਿਗ੍ਹਾ ਬਰਾਬਰ ਡਿਗਦੀ ਜਾਂਦੀ ਹੈ ਅਤੇ ਇਕ ਸਮਾਂ ਅਜਿਹਾ ਆ ਜਾਂਦਾ ਹੈ ਜਦੋਂ ਅੱਖ ਦੇਖ ਨਹੀਂ ਸਕਦੀ। ਗਨੀਮਤ ਇਹ ਹੈ ਕਿ ਇਸ ਪੂਰੀ ਪ੍ਰਕਿਰਿਆ ਵਿਚ ਅਕਸਰ ਕਈ ਸਾਲ ਬੀਤ ਜਾਂਦੇ ਹਨ। ਇਸ ਵਿਚ ਰੋਗ ਦਾ ਪਤਾ ਲੱਗ ਜਾਵੇ ਤਾਂ ਅੱਖ ਦੀ ਰੌਸ਼ਨੀ ਬਚ ਸਕਦੀ ਹੈ।

ਕਿਉਂਕਿ ਕਾਲੇ ਮੋਤੀਏ ਦੇ ਕੋਈ ਇਲਾਜ ਨਹੀਂ ਹੁੰਦਾ, ਇਸ ਲਈ ਇਸ ਤੋਂ ਬਚਣ ਲਈ ਕੁਝ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ, ਜਿਵੇਂ ਜੇ ਕਿਸੇ ਦੇ ਚਸ਼ਮੇ ਦਾ ਨੰਬਰ ਵਾਰ-ਵਾਰ ਬਦਲੇ, ਧੁੰਦਲਾ ਦਿਖਾਈ ਦੇਣ ਲੱਗੇ, ਅੱਖਾਂ ਵਿਚ ਦਰਦ ਰਹੇ ਜਾਂ ਅਚਾਨਕ ਕੁਝ ਚਮਕਦਾ ਹੋਇਆ ਨਜ਼ਰ ਆਵੇ ਤਾਂ ਇਹ ਇਸ ਗੱਲ ਦਾ ਸੰਕੇਤ ਹੈ ਕਿ ਰੋਗੀ ਨੂੰ ਕਾਲਾ ਮੋਤੀਆ ਹੈ। ਅਜਿਹੇ ਲੋਕਾਂ ਨੂੰ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਅਜਿਹੇ ਸੰਕੇਤ ਨਾ ਹੋਣ ਤਾਂ ਵੀ ਅੱਖਾਂ ਦੀ ਨਿਯਮਤ ਜਾਂਚ ਕਰਾਈ ਜਾਣੀ ਚਾਹੀਦੀ ਹੈ।

**-ਅਸ਼ੋਕ ਗੁਪਤਾ**

# ਉੱਚ ਖ਼ੂਨ ਦਬਾਅ

## ਕਾਰਨ ਅਤੇ ਇਲਾਜ

ਜਿਸ ਤਰ੍ਹਾਂ ਕਿ ਅਸੀਂ ਜਾਣਦੇ ਹਾਂ ਕਿ ਜੇਕਰ ਕਿਸੇ ਨੂੰ ਟਾਈਫਾਈਡ ਜਾਂ ਮਲੇਰੀਆ ਆਦਿ ਹੁੰਦਾ ਹੈ ਤਾਂ ਇਸ ਦਾ ਇਕ ਖਾਸ ਕਾਰਨ ਵੀ ਹੁੰਦਾ ਹੈ ਅਤੇ ਉਸ ਦਾ ਖਾਸ ਇਲਾਜ ਵੀ ਹੁੰਦਾ ਹੈ ਪਰ ਉੱਚ ਖ਼ੂਨ ਦਬਾਅ ਵਾਲੇ ਮਰੀਜ਼ਾਂ ਵਿਚ ਖ਼ੂਨ ਦਾ ਦਬਾਅ ਵਧਣ ਦੇ ਕਾਰਨ ਲੱਭਣ ਲਈ ਬਹੁਤ ਡੂੰਘਾਈ ਵਿਚ ਜਾ ਕੇ ਜਾਂਚ-ਪੜਤਾਲ ਕਰਨੀ ਪੈਂਦੀ ਹੈ, ਕਿਉਂਕਿ ਇਸ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ, ਜਿਵੇਂ ਕਿ ਖ਼ੂਨ ਦੀਆਂ ਨਾੜੀਆਂ ਵਿਚ ਕੈਲਕੇਰੀਅਸ ਜਮਾਅ ਦਾ ਹੋਣਾ, ਗੁਰਦਿਆਂ ਦੀ ਖਰਾਬੀ, ਗੁਰਦਿਆਂ ਦੇ ਆਸ-ਪਾਸ ਕੋਈ ਰਸੌਲੀ ਦਾ ਹੋਣਾ, ਜਿਗਰ ਜਾਂ ਮਿਹਦੇ ਦੀ ਖਰਾਬੀ ਜਾਂ ਹੋਰ ਬਹੁਤ ਸਾਰੇ ਕਾਰਨ ਵੀ ਹੋ ਸਕਦੇ ਹਨ। ਇਸ ਤੋਂ ਇਲਾਵਾ ਖ਼ੂਨ ਦਾ ਦਬਾਅ ਵਧਣ ਦੇ ਕੁਝ ਹੋਰ ਕਾਰਨ ਹਨ ਜਿਵੇਂ ਮੋਟਾਪਾ, ਸੁਸਤ ਰਹਿਣ-ਸਹਿਣ, ਕਸਰਤ ਆਦਿ ਨਾ ਕਰਨਾ, ਜ਼ਿਆਦਾ ਨਮਕ ਦਾ ਸੇਵਨ, ਘਰੇਲੂ ਚਿੰਤਾਵਾਂ ਅਤੇ ਪ੍ਰਸ਼ਾਨੀਆਂ ਵਿਚ ਘਿਰੇ ਰਹਿਣਾ, ਨਸ਼ਾ ਕਰਨਾ, ਸਿਗਰਟ ਪੀਣਾ ਆਦਿ। ਇਹ ਬਾਅਦ ਵਿਚ ਦਿਲ ਦੇ ਦੌਰੇ ਦਾ ਵੱਡਾ ਕਾਰਨ ਬਣਦੇ ਹਨ। ਇਹ ਉੱਚ ਖ਼ੂਨ ਦਬਾਅ ਨਾਲ ਮਿਲ ਕੇ ਅੱਗ 'ਤੇ ਪੈਟਰੋਲ ਛਿੜਕਣ ਦਾ ਕੰਮ ਕਰਦੇ ਹਨ। ਇਹ ਦਿਲ ਦੇ ਦੌਰੇ ਅਤੇ ਮੌਤ ਦਾ ਕਾਰਨ ਬਣਦਾ ਹੈ। ਜੇਕਰ ਕਿਸੇ ਵਿਅਕਤੀ ਵਿਚ ਖ਼ੂਨ ਦਾ ਉੱਚ ਦਬਾਅ ਪਾਇਆ ਜਾਂਦਾ ਹੈ ਤਾਂ ਉਸ ਨੂੰ ਆਪਣੀ ਜਾਂਚ ਚੰਗੀ ਤਰ੍ਹਾਂ ਕਰਵਾਉਣੀ ਚਾਹੀਦੀ ਹੈ ਤੇ ਉੱਚ ਖ਼ੂਨ ਦਬਾਅ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਤੋਂ ਇਹ ਵੀ ਪਤਾ ਲਗਾਇਆ ਜਾ ਸਕੇਗਾ ਕਿ ਉੱਚ ਖ਼ੂਨ ਦਬਾਅ ਨੇ ਸਰੀਰ ਦੇ ਨਾਜ਼ੁਕ ਅੰਗਾਂ ਜਿਵੇਂ ਕਿ ਦਿਮਾਗ, ਅੱਖਾਂ, ਦਿਲ ਅਤੇ ਗੁਰਦਿਆਂ 'ਤੇ ਕਿੰਨਾ ਕੁ ਅਸਰ ਕੀਤਾ ਹੈ। ਇਸ ਪੜਤਾਲ ਵਿਚ ਖ਼ੂਨ ਦੀ ਜਾਂਚ ਜਿਵੇਂ ਹੋਮੋਗ੍ਰਾਮ ਯੂਰੀਆ, ਯੂਰਿਕ ਐਸਿਡ, ਕਰੈਟੀਨਾਈਨ, ਸ਼ੂਗਰ, ਲਿਪਿਡ ਪ੍ਰੋਫਾਈਲ, ਜਿਸ ਵਿਚ ਪੰਜ ਤਰ੍ਹਾਂ ਦੇ ਕੋਲੈਸਟ੍ਰੋਲ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਵਧਦੇ ਖ਼ੂਨ ਦੇ ਦਬਾਅ ਦਾ ਇਲਾਜ ਸਹੀ ਸਮੇਂ 'ਤੇ ਕੀਤਾ ਜਾਂਦਾ ਹੈ। ਇਸ ਗੱਲ ਦਾ ਖਿਆਲ ਕੀਤੇ ਬਗੈਰ ਕਿ ਤੁਸੀਂ ਦਿਲ ਦੇ ਮਰੀਜ਼ ਹੋ ਜਾਂ ਨਹੀਂ, ਸ਼ੂਗਰ ਦੇ ਮਰੀਜ਼ ਹੋ ਜਾਂ ਨਹੀਂ, ਵਕਤ-ਬੇਵਕਤ ਸ਼ੂਗਰ, ਖ਼ੂਨ ਦਾ ਦਬਾਅ ਚੈੱਕ ਕਰਵਾਉਂਦੇ ਰਹਿਣਾ ਚਾਹੀਦਾ ਹੈ। ਇਸ ਦੇ ਨਾਲ ਦਿਲ ਨੂੰ ਤਾਕਤ ਦੇਣ ਵਾਲੀਆਂ ਹੋਮਿਓਪੈਥਿਕ ਦਵਾਈਆਂ ਜ਼ਰੂਰ ਲੈਂਦੇ ਰਹੋ। ਹੋਮਿਓਪੈਥੀ ਦਵਾਈਆਂ ਨਾਲ ਦਿਲ ਦੇ ਦੌਰੇ, ਬਾਈਪਾਸ ਸਰਜਰੀ, ਵਾਲਵ ਦਾ ਨੁਕਸ ਆਦਿ ਤੋਂ ਬਚਿਆ ਜਾ ਸਕਦਾ ਹੈ। ਹੋਮਿਓਪੈਥੀ ਇਲਾਜ ਰਾਹੀਂ ਖ਼ੂਨ ਦੇ ਦਬਾਅ ਨੂੰ ਠੀਕ ਕੀਤਾ ਜਾ ਸਕਦਾ ਹੈ। ਇਹ ਦਵਾਈਆਂ ਬਿਮਾਰੀ ਦੇ ਕਾਰਨਾਂ ਨੂੰ ਜੜ੍ਹ ਤੋਂ ਖ਼ਤਮ ਕਰਦੀਆਂ ਹਨ। ਇਹ ਬੰਦ ਸ਼ਿਰਾਵਾਂ ਨੂੰ ਖੋਲ੍ਹਦੀਆਂ ਹਨ ਅਤੇ ਦਿਲ ਦੀ ਤੇਜ਼ ਅਤੇ ਸੁਸਤ ਧੜਕਣ ਨੂੰ ਠੀਕ ਕਰਦੀਆਂ ਹਨ ਅਤੇ ਦਿਲ ਨੂੰ ਤਾਕਤ ਦਿੰਦੀਆਂ ਹਨ। ਹੋਮਿਓਪੈਥੀ ਦਵਾਈਆਂ ਦਾ ਸਹੀ ਸੇਵਨ ਕਰਕੇ ਇਸ ਬਿਮਾਰੀ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾ ਸਕਦਾ ਹੈ।

**-ਡਾ. ਗੁਰਪ੍ਰੀਤ ਕੌਰ ਬਾਵਾ**



# ਮਾਨਸਿਕ ਰੋਗਾਂ ਤੋਂ ਰਹੀਏ ਦੂਰ



ਅੱਜ ਹਰ ਚੌਥੇ ਮਨੁੱਖ ਚੋਂ ਇੱਕ ਬੰਦਾ ਮਾਨਸਿਕ ਸਮੱਸਿਆਵਾਂ ਨਾਲ ਪੀੜਤ ਹੈ । ਦੁਨੀਆਂ ਦੇ ਲਗਪਗ ਚਾਰ ਸੌ ਪੰਜਾਹ ਮਿਲੀਅਨ ਲੋਕ ਮਾਨਸਿਕ ਸਮੱਸਿਆਵਾਂ ਦਾ ਸ਼ਿਕਾਰ ਹੋ ਚੁੱਕੇ ਹਨ । ਇਸ ਦੇ ਪਿੱਛੇ ਦੇ ਕਾਰਨ ਤਾਂ ਬਹੁਤ ਹਨ। ਪਰ ਸਭ ਤੋਂ ਮੁੱਢਲਾ ਕਾਰਨ ਹੈ ਸਾਡੇ ਅੰਦਰ ਦੀ ਸ਼ਾਂਤੀ ,ਅਮਨ ਅਤੇ ਚੈਨ ਦਾ ਘੱਟ ਜਾਣਾ ਅਤੇ ਚਿੰਤਾ ਤੇ ਗੁੱਸੇ ਦਾ ਵੱਧ ਜਾਣਾ ।ਇਸ ਨਾਲ ਮਨੁੱਖ ਹੌਲੀ ਹੌਲੀ ਡਿਪਰੈਸ਼ਨ ਦੇ ਘੇਰੇ ਵਿੱਚ ਆ ਜਾਂਦਾ ਹੈ ਅਤੇ ਕਈ ਤਾਂ ਫਿਰ ਆਤਮ ਹੱਤਿਆ ਤੱਕ ਵੀ ਪਹੁੰਚ ਜਾਂਦੇ ਹਨ । ਇਸ ਲਈ ਅੱਜ ਅਸੀਂ ਗੱਲ ਕਰਾਂਗੇ ਕਿਵੇਂ ਆਪਣੇ ਅੰਦਰ ਦੀ ਸ਼ਾਂਤੀ ਨੂੰ ਬਰਕਰਾਰ ਰੱਖ ਇਸ ਭਿਆਨਕ ਬਿਮਾਰੀ ਦੇ ਸ਼ਿਕਾਰ ਹੋਣ ਤੋਂ ਬਚ ਸਕੀਏ ।

ਸ਼ਾਂਤੀ ਕੀ ਹੈ ?

ਸ਼ਾਂਤੀ, ਸਕੂਨ, ਚੈਨ ਆਦਿ ਇੱਕ ਅਹਿਸਾਸ ਨੇ। ਜਿਨ੍ਹਾਂ ਨੂੰ ਮਹਿਸੂਸ ਕੀਤਾ ਜਾਂਦਾ ਹੈ । ਜਦੋਂ ਅਸੀਂ ਆਪਣੇ ਅੰਦਰ ਇਨ੍ਹਾਂ ਅਹਿਸਾਸਾਂ ਨੂੰ ਮਹਿਸੂਸ ਕਰਦੇ ਹਾਂ ਤਾਂ ਅਸੀਂ ਖੁਸ਼ੀ ਮਹਿਸੂਸ ਕਰਦੇ ਹਾਂ । ਸਾਨੂੰ ਜ਼ਿੰਦਗੀ ਪਿਆਰੀ ਲੱਗਣ ਲੱਗਦੀ ਹੈ ।ਇਸ ਲਈ ਇਹਨਾਂ ਅਹਿਸਾਸਾਂ ਦਾ ਸਾਡੀ ਜ਼ਿੰਦਗੀ ਵਿੱਚ ਬਣੇ ਰਹਿਣਾ ਬਹੁਤ ਜ਼ਰੂਰੀ ਹੈ । ਇਸ ਦੇ ਲਈ ਸਾਨੂੰ ਸਭ ਤੋਂ ਪਹਿਲਾਂ ਆਪਣੇ ਆਲੇ ਦੁਆਲੇ ਦੇ ਮਾਹੌਲ ਨੂੰ ਬਦਲਣ ਦੀ ਲੋੜ ਪਵੇਗੀ। ਤੁਹਾਡੀ ਆਪਣੀ ਸੋਚ ਨੂੰ ਬਦਲਣ ਦੀ ਜ਼ਰੂਰਤ ਪਵੇਗੀ ।ਜਿਵੇਂ ਦੀ ਤੁਹਾਡੀ ਸੋਚ ਅਤੇ ਆਸ ਪਾਸ ਦਾ ਮਾਹੌਲ ਹੁੰਦਾ ਹੈ , ਤੁਹਾਡੇ ਵਿਚਾਰ ਤੇ ਮਹਿਸੂਸ ਸ਼ਕਤੀ ਵੀ ਉਸੇ ਤਰ੍ਹਾਂ ਦੀ ਹੀ ਹੁੰਦੀ ਰਹਿੰਦੀ ਹੈ । ਤੁਹਾਡੀ ਊਰਜਾ ਤੁਹਾਡੇ ਆਲੇ ਦੁਆਲੇ ਨੂੰ ਤੇ ਤੁਹਾਡਾ ਆਲਾ ਦੁਆਲਾ ਤੁਹਾਡੀ ਊਰਜਾ ਨੂੰ ਪ੍ਰਭਾਵਿਤ ਕਰਦੇ ਹਨ । ਇਉਂ ਕਹਿ ਲਓ ਕਿ ਅਸੀਂ ਆਪਸ ਵਿੱਚ ਇੱਕ ਦੂਸਰੇ ਨਾਲ ਜੁੜੇ ਹੋਏ ਹਾਂ । ਇਸ ਲਈ ਸਾਡਾ ਅਤੇ ਆਸ ਪਾਸ ਦਾ ਮਾਹੌਲ ਸਕਾਰਾਤਮਿਕ ਹੋਣਾ ਬਹੁਤ ਜ਼ਰੂਰੀ ਹੈ । ਚੰਗੇ ਵਿਚਾਰ ਰੱਖਣੇ , ਚੰਗੇ ਲੋਕਾਂ ਨਾਲ ਗੱਲਬਾਤ ਕਰਨੀ , ਸਾਫ਼ ਸੁਥਰਾ ਮਾਹੌਲ ਬਣਾ ਕੇ ਰੱਖਣਾ। ਇਹਨਾਂ ਸਭ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ । ਤੁਸੀਂ ਦੇਖੋਂਗੇ ਕਈ ਵਾਰ ਤੁਸੀਂ ਕਿਸੇ ਕੰਮ ਨੂੰ ਕਰਨ ਲੱਗਿਆਂ ਉਸ ਵਿੱਚ ਇਤਨਾ ਮਗਨ ਹੋ ਜਾਂਦੇ ਹੋ ਕਿ ਤੁਹਾਨੂੰ ਆਸ ਪਾਸ ਕੀ ਹੋ ਰਿਹਾ ਹੈ ਉਸ ਦੀ ਖ਼ਬਰ ਹੀ ਨਹੀਂ ਰਹਿੰਦੀ । ਤੁਸੀਂ ਪੂਰੇ ਇਕਾਗਰ ਚਿੱਤ ਹੋ ਕੇ ਜਦੋਂ ਕੋਈ ਵੀ ਕੰਮ ਕਰਦੇ ਹੋ ਤਾਂ ਸਮਾਂ ਕਿਵੇਂ ਬੀਤ ਜਾਂਦਾ ਹੈ ਤੁਹਾਨੂੰ ਪਤਾ ਹੀ ਨਹੀਂ ਚੱਲਦਾ । ਫਿਰ ਉਸ ਕੰਮ ਨੂੰ ਕਰਨ ਤੋਂ ਬਾਅਦ ਤੁਸੀਂ ਆਪਣੇ ਅੰਦਰ ਇੱਕ ਅਜੀਬ ਜਿਹੀ ਖੁਸ਼ੀ ਅਤੇ ਆਨੰਦ ਨੂੰ ਮਹਿਸੂਸ ਕਰੋਗੇ । ਜਿਵੇਂ ਕੋਈ ਮਿਠਾਸ ਜੇਹੀ । ਇਸ ਅਹਿਸਾਸ ਨੂੰ ਹੀ ਆਖਦੇ ਹਨ ਸ਼ਾਂਤੀ। ਇਸ ਨੂੰ ਤੁਸੀਂ ਸ਼ਬਦਾਂ ਵਿੱਚ ਤਾਂ ਚੰਗੀ ਤਰ੍ਹਾਂ ਬਿਆਨ ਨਹੀਂ ਕਰ ਸਕਦੇ ਕਿਉਂਕਿ ਇਹ ਇੱਕ ਮਹਿਸੂਸ ਸ਼ਕਤੀ ਹੈ ਜੋ ਕਿ ਸਿਰਫ ਮਹਿਸੂਸ ਕੀਤੀ ਜਾ ਸਕਦੀ ਹੈ । ਪਰ ਮੈਂ ਤੁਹਾਡੇ ਨਾਲ ਇਹ ਸਾਂਝ ਜ਼ਰੂਰ ਪਾਵਾਂਗੀ ਕਿ ਜੇਕਰ ਤੁਸੀਂ ਵੀ ਆਪਣੇ ਅੰਦਰ ਇਸ ਤਰ੍ਹਾਂ ਦੀ ਮਹਿਸੂਸ ਸ਼ਕਤੀ ਨੂੰ ਬਣਾਈ ਰੱਖਣਾ ਚਾਹੁੰਦੇ ਹੋ ਜਾਂ ਇਸ ਦੀ ਮਿਠਾਸ ਦਾ ਨਿੱਘ ਮਾਨਣਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਖੁਦ ਨੂੰ ਸਮਝੋ । ਆਪਣੇ ਗੁੱਸੇ ਤੇ ਕਾਬੂ ਪਾਉਣਾ ਸਿੱਖੋ ਜਦੋਂ ਅਸੀਂ ਖੁਦ ਨੂੰ ਸਮਝ ਲੈਂਦੇ ਹਾਂ ਤਾਂ ਸਾਡੇ ਲਈ ਦੂਸਰਿਆਂ ਨੂੰ ਸਮਝਣਾ ਵੀ ਬਹੁਤ ਆਸਾਨ ਹੋ ਜਾਂਦਾ ਹੈ । ਆਪਣੇ ਆਪ ਨੂੰ ਇਕਾਗਰ ਚਿੱਤ ਕਰ ਆਪਣੀ ਰੁਚੀ ਮੁਤਾਬਿਕ ਕੰਮ ਕਰੋ । ਦੇਖੋ ਤੁਹਾਡੀ ਜ਼ਿੰਦਗੀ ਹੌਲੀ ਹੌਲੀ ਖੁਸ਼ਹਾਲ ਬਣਨੀ ਸ਼ੁਰੂ ਹੋ ਜਾਵੇਗੀ । ਇਕਾਗਰਤਾ ਬਣਾ ਕੇ ਕੁਝ ਵੀ ਕਰਨਾ ਤੁਹਾਨੂੰ ਸ਼ਾਂਤੀ ਵਰਗੇ ਗੁਣਾਂ ਵੱਲ ਖਿੱਚ ਲੈ ਜਾਵੇਗਾ , ਤੁਸੀਂ ਅੰਦਰੋਂ ਹਲਕਾ ਅਤੇ ਖੁਸ਼ੀ ਨੂੰ ਮਹਿਸੂਸ ਕਰੋਗੇ , ਜੋ ਕਿ ਤੁਹਾਨੂੰ ਮਾਨਸਿਕ ਰੋਗਾਂ ਤੋਂ ਦੂਰ ਰੱਖੇਗਾ । ਇਸ ਨਾਲ ਤੁਸੀਂ ਇੱਕ ਬਿਹਤਰ ਜਿੰਦਗੀ ਜੀਅ ਪਾਉਗੇ।

**-ਕਿਰਨਪ੍ਰੀਤ ਕੌਰ**, +4368864014133

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

Canadian-born, Vegetarian, Jatt Sikh boy. 30 years old. Medical Professional; currently working at Vancouver Coastal Health. Seeking a match with a girl from a Gursikh family who is also Canadian-born and Vegetarian. Please call 778-709-9910

............................................

**ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ 32 ਸਾਲਾ 6 ਫੁੱਟ ਸਰਦਾਰ ਤਲਾਕਸ਼ੁਦਾ ਕੈਲਗਰੀ ਵਿੱਚ ਰਹਿੰਦੇ ਲੜਕੇ ਲਈ ਘੱਟੋ-ਘੱਟ 5.5 ਕੱਦ ਵਾਲੀ ਕਨੇਡਾ ਵਿੱਚ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 422 1833, 604 441 2723** 17-04

....................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

............................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## BRIDE WANTED

ਜੌਹਲ ਪਰਿਵਾਰ ਦਾ ਖੂਬਸੂਰਤ ਪੜਿਆ ਲਿਖਿਆ ਮਿਹਨਤੀ ਲੜਕਾ, ਚੰਗੀ ਜੌਬ ਵਰਕ ਪਰਮਿਟ 'ਤੇ ਹੈ। ਮਾਲਵੇ ਨਾਲ ਸਬੰਧਤ ਹੈ। ਰਿਸ਼ਤੇਦਾਰਾਂ ਕੋਲ ਰਹਿ ਰਿਹਾ ਹੈ। ਵਿਆਹ ਲਈ ਲੜਕੀ ਵਾਲੇ ਸੰਪਰਕ ਕਰਨ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ : 778-987-8644 RS- 9-01

............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ। ਸੰਪਰਕ ਕਰੋ : 1 (403) 399-5130 AP 04-04

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ । 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ : 604-616-2171 RS- 05-12



# ਤਰਕਸ਼ੀਲ ਕਲਚਰ ਸੁਸਾਇਟੀ ਸਰੀ ਯੂਨਿਟ ਦੀ ਚੋਣ, ਜਸਵਿੰਦਰ ਸਿੰਘ ਹੇਅਰ ਸਰਬਸੰਮਤੀ ਨਾਲ ਚੁਣੇ ਗਏ ਪ੍ਰਧਾਨ



ਸਰੀ, (ਹਰਦਮ ਮਾਨ): ਤਰਕਸ਼ੀਲ (ਰੈਸ਼ਨੇਲਿਸਟ) ਕਲਚਰ ਸੁਸਾਇਟੀ ਸਰੀ ਯੂਨਿਟ ਦੀ ਇੱਕ ਅਹਿਮ ਜਨਰਲ ਮੀਟਿੰਗ ਬੀਤੇ ਦਿਨੀਂ ਪ੍ਰੋਗਰੈਸਿਵ ਕਲਚਰ ਸੈਂਟਰ, ਸਰੀ ਵਿਖੇ ਸਫਲਤਾਪੂਰਵਕ ਸੰਪੰਨ ਹੋਈ। ਇਸ ਮੀਟਿੰਗ ਵਿੱਚ ਸੁਸਾਇਟੀ ਦੇ 27 ਮੈਂਬਰਾਂ ਨੇ ਸ਼ਮੂਲੀਅਤ ਕੀਤੀ, ਜਿੱਥੇ ਆਗਾਮੀ ਵਰ੍ਹੇ ਲਈ ਨਵੀਂ ਕਾਰਜਕਾਰਨੀ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ।

ਮੀਟਿੰਗ ਦੇ ਆਰੰਭ ਵਿੱਚ ਸੁਸਾਇਟੀ ਦੇ ਸੰਸਥਾਪਕ ਬਾਈ ਅਵਤਾਰ ਗਿੱਲ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ। ਦੱਸਣਯੋਗ ਹੈ ਕਿ ਅਵਤਾਰ ਗਿੱਲ ਪਿਛਲੇ ਮਾਰਚ ਮਹੀਨੇ ਆਪਣੀ ਭਾਰਤ ਫੇਰੀ ਦੌਰਾਨ ਸਦੀਵੀ ਵਿਛੋੜਾ ਦੇ ਗਏ ਸਨ। ਮੈਂਬਰਾਂ ਨੇ ਉਨ੍ਹਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਅਤੇ ਤਰਕਸ਼ੀਲ ਲਹਿਰ ਵਿੱਚ ਪਾਏ ਯੋਗਦਾਨ ਨੂੰ ਯਾਦ ਕੀਤਾ।

ਉਪਰੰਤ ਪਿਛਲੇ ਸਾਲ ਦੇ ਕੰਮਾਂ ਦਾ ਲੇਖਾ-ਜੋਖਾ ਕੀਤਾ ਗਿਆ ਅਤੇ ਨੈਸ਼ਨਲ ਕਮੇਟੀ ਦੇ ਜਨਰਲ ਸਕੱਤਰ ਬੀਰਬਲ ਭਦੌੜ ਅਤੇ ਵਿੱਤ ਸਕੱਤਰ ਜਗਰੂਪ ਸਿੰਘ ਦੀ ਦੇਖ-ਰੇਖ ਹੇਠ ਨਵੀਂ ਕਾਰਜਕਾਰਨੀ ਦੀ ਚੋਣ ਸਰਬਸੰਮਤੀ ਨਾਲ ਨੇਪਰੇ ਚੜ੍ਹੀ। ਇਸ ਚੋਣ ਵਿੱਚ ਜਸਵਿੰਦਰ ਸਿੰਘ ਹੇਅਰ ਨੂੰ ਪ੍ਰਧਾਨ, ਪਰਮਜੀਤ ਸਿੰਘ ਸਿੱਧੂ ਨੂੰ ਜਨਰਲ ਸਕੱਤਰ, ਨਰਿੰਦਰ ਸਿੰਘ ਲਿਧੜ ਨੂੰ ਮੀਤ ਪ੍ਰਧਾਨ, ਨਿਰਮਲ ਸਿੰਘ ਕਿੰਗਰਾ ਨੂੰ ਵਿੱਤ ਸਕੱਤਰ ਅਤੇ ਹਰਪਾਲ ਸਿੰਘ ਗਰੇਵਾਲ ਨੂੰ ਪ੍ਰੈੱਸ ਸਕੱਤਰ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਠਾਣਾ ਸਿੰਘ ਖੋਸਾ, ਅਮਰਦੀਪ ਸਿੰਘ, ਰਵੀ ਲੰਗਾਹ ਅਤੇ ਰਾਮਜੀਤ ਨੂੰ ਐਗਜੈਕਟਿਵ ਮੈਂਬਰ ਵਜੋਂ ਟੀਮ ਵਿੱਚ ਸ਼ਾਮਲ ਕੀਤਾ ਗਿਆ।

ਨਵੀਂ ਚੁਣੀ ਗਈ ਟੀਮ ਅਤੇ ਹਾਜ਼ਰ ਮੈਂਬਰਾਂ ਨੇ ਸਮਾਜ ਵਿੱਚ ਫੈਲੇ ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ, ਭੂਤ-ਪ੍ਰੇਤਾਂ ਦੇ ਡਰ ਅਤੇ ਜੋਤਿਸ਼ ਦੇ ਨਾਂ 'ਤੇ ਹੋ ਰਹੀ ਲੁੱਟ-ਖਸੁੱਟ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਦਾ ਪੱਕਾ ਇਰਾਦਾ ਪ੍ਰਗਟਾਇਆ। ਸੁਸਾਇਟੀ ਦਾ ਮੁੱਖ ਉਦੇਸ਼ ਵਿਗਿਆਨਕ ਸੋਚ ਦਾ ਪ੍ਰਸਾਰ ਕਰਨਾ ਅਤੇ ਅਖੌਤੀ ਸਾਧਾਂ ਦੇ ਫਰੇਬ ਤੋਂ ਆਮ ਲੋਕਾਂ ਨੂੰ ਬਚਾਉਣਾ ਹੈ। ਸੁਸਾਇਟੀ ਵੱਲੋਂ ਅਗਾਂਹਵਧੂ ਅਤੇ ਵਿਗਿਆਨਕ ਸੋਚ ਰੱਖਣ ਵਾਲੇ ਵਿਅਕਤੀਆਂ ਲਈ ਮੈਂਬਰਸ਼ਿਪ ਖੁੱਲ੍ਹੀ ਰੱਖੀ ਗਈ ਹੈ। ਕੋਈ ਵੀ ਵਿਅਕਤੀ ਜੋ ਵਹਿਮਾਂ-ਭਰਮਾਂ ਵਿੱਚ ਵਿਸ਼ਵਾਸ ਨਹੀਂ ਰੱਖਦਾ ਅਤੇ ਸਮਾਜ ਨੂੰ ਅੰਧਵਿਸ਼ਵਾਸਾਂ ਤੋਂ ਮੁਕਤ ਦੇਖਣਾ ਚਾਹੁੰਦਾ ਹੈ, ਉਹ ਸੁਸਾਇਟੀ ਦਾ ਹਿੱਸਾ ਬਣ ਸਕਦਾ ਹੈ। ਚਾਹਵਾਨ ਵਿਅਕਤੀ ਸੁਸਾਇਟੀ ਦੇ ਸੰਵਿਧਾਨ ਦੀ ਕਾਪੀ ਲਈ ਜਸਵਿੰਦਰ ਸਿੰਘ ਹੇਅਰ (604-499-3699) ਜਾਂ ਪਰਮਜੀਤ ਸਿੰਘ ਸਿੱਧੂ (778-863-5911) ਨਾਲ ਵਟਸਐਪ ਰਾਹੀਂ ਸੰਪਰਕ ਕਰ ਸਕਦੇ ਹਨ।

# ਕੈਨੇਡਾ ਟੈਬਲੌਇਡ ਦਾ 'ਵੈਸਾਖੀ ਵਿਸ਼ੇਸ਼ ਅੰਕ' ਸ਼ਾਨੋ-ਸ਼ੌਕਤ ਨਾਲ ਰਿਲੀਜ਼, ਰਾਜਨੀਤਿਕ ਅਤੇ ਸਮਾਜਿਕ ਹਸਤੀਆਂ ਨੇ ਭਰੀ ਹਾਜ਼ਰੀ




ਸਰੀ, (ਹਰਦਮ ਮਾਨ): ਕੈਨੇਡਾ ਦੇ ਪ੍ਰਮੁੱਖ ਮੀਡੀਆ ਅਦਾਰੇ 'ਕੈਨੇਡਾ ਟੈਬਲੌਇਡ' ਵੱਲੋਂ ਅਪ੍ਰੈਲ 2026 ਦਾ ਵੈਸਾਖੀ ਵਿਸ਼ੇਸ਼ ਅੰਕ ਬੀਤੇ ਦਿਨੀਂ ਇੱਕ ਪ੍ਰਭਾਵਸ਼ਾਲੀ ਅਤੇ ਸ਼ਾਨਦਾਰ ਸਮਾਰੋਹ ਦੌਰਾਨ ਰਿਲੀਜ਼ ਕੀਤਾ ਗਿਆ। ਇਸ ਸਮਾਗਮ ਨੇ ਜਿੱਥੇ ਵਿਸਾਖੀ ਦੀਆਂ ਖੁਸ਼ੀਆਂ ਨੂੰ ਦੂਣਾ ਕੀਤਾ, ਉੱਥੇ ਹੀ ਮੈਗਜ਼ੀਨ ਦੇ ਸਮਾਜ ਨਾਲ ਡੂੰਘੇ ਅਤੇ ਮਜ਼ਬੂਤ ਰਿਸ਼ਤੇ ਦੀ ਇੱਕ ਮਿਸਾਲ ਵੀ ਪੇਸ਼ ਕੀਤੀ। ਸਮਾਗਮ ਵਿੱਚ ਰਾਜਨੀਤਿਕ, ਉਦਯੋਗਿਕ ਅਤੇ ਮੀਡੀਆ ਜਗਤ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ, ਜਿਹਨਾਂ ਵਿਚ ਵਿਸ਼ੇਸ਼ ਤੌਰ 'ਤੇ ਸੁੱਖ ਧਾਲੀਵਾਲ: ਸੰਸਦ ਮੈਂਬਰ (ਸਰੀ-ਨਿਊਟਨ), ਜਗਰੂਪ ਬਰਾੜ: ਮੰਤਰੀ ਅਤੇ ਵਿਧਾਇਕ (ਸਰੀ-ਫਲੀਟਵੁੱਡ), ਸਟੀਵ ਕੂਨਰ: ਵਿਧਾਇਕ (ਰਿਚਮੰਡ-ਕਵੀਨਜ਼ਬੋਰੋ) ਅਤੇ ਪੀਟਰ ਮਿਲੋਬਾਰ: ਵਿਧਾਇਕ (ਕਮਲੂਪਸ) ਸ਼ਾਮਲ ਸਨ।

ਸਥਾਨਕ ਪ੍ਰਸ਼ਾਸਨ ਅਤੇ ਸਾਬਕਾ ਪ੍ਰਤੀਨਿਧੀਆਂ ਵਿੱਚੋਂ ਸਰੀ ਸਿਟੀ ਕੌਂਸਲਰ ਲਿੰਡਾ ਐਨਿਸ ਅਤੇ ਮਾਈਕਲ ਬੋਸ ਅਤੇ ਸਾਬਕਾ ਵਿਧਾਇਕ ਮਾਈਕ ਸਟਾਰਚੁਕ ਨੇ ਵੀ ਆਪਣੀ ਹਾਜ਼ਰੀ ਨਾਲ ਸਮਾਗਮ ਦੀ ਸ਼ੋਭਾ ਵਧਾਈ। ਡੈਲਟਾ ਸ਼ਹਿਰ ਤੋਂ ਕੌਂਸਲਰ ਜੈਸੀ ਜੌਹਲ ਅਤੇ ਜੈਸੀ ਦੁਸਾਂਝ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਪੱਤਰਕਾਰੀ ਅਤੇ ਸਮਾਜਿਕ ਖੇਤਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਸੁਖਵਿੰਦਰ ਸਿੰਘ ਚੋਹਲਾ, ਹਰਪ੍ਰੀਤ ਕੌਰ ਜੋਸਨ, ਪ੍ਰੋ. ਸੀ. ਜੇ. ਸਿੱਧੂ ਅਤੇ ਡਾ. ਸੰਦੀਪ ਸਿੰਘ ਸੰਧੂ ਨੇ ਮੈਗਜ਼ੀਨ ਦੀ ਗੁਣਵੱਤਾ ਅਤੇ ਇਸ ਦੇ ਸਮਾਜਿਕ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਲੱਕੀ ਸੰਧੂ, ਸਤੀਸ਼ ਗੋਇਲ, ਨਵਲਪ੍ਰੀਤ ਰੰਗੀ, ਹਰਪ੍ਰੀਤ ਸਿੰਘ ਮਣਕਟਲਾ, ਅੰਮ੍ਰਿਤ ਪਾਲ ਸਿੰਘ ਢੋਟ ਅਤੇ ਗਗਨ ਨਾਹਲ ਵੀ ਇਸ ਮਾਣਮੱਤੇ ਪਲ ਦੇ ਗਵਾਹ ਬਣੇ।

ਇਸ ਵਿਸਾਖੀ ਅੰਕ ਦੀ ਖ਼ਾਸ ਖਿੱਚ ਨੋਬਲ ਐਜੂਕੇਸ਼ਨ ਗਰੁੱਪ ਦੀ ਟੀਮ ਰਹੀ, ਜਿਨ੍ਹਾਂ ਨੂੰ ਮੈਗਜ਼ੀਨ ਦੇ ਮੁੱਖ ਪੰਨੇ (ਕਵਰ ਪੇਜ) 'ਤੇ ਪ੍ਰਦਰਸ਼ਿਤ ਕਰਕੇ ਸਨਮਾਨਿਤ ਦਿੱਤਾ ਗਿਆ। ਵਿਸ਼ੂ ਮਹਿਤਾ ਆਪਣੇ ਸਾਥੀਆਂ ਜਗਦੀਪ ਕੈਲੇ, ਜਿੰਮੀ ਸ਼ਰਮਾ, ਅਤੇ ਸਤਵੀਰ ਕੌਰ ਜੱਸਰ ਦੇ ਨਾਲ ਵਿਸ਼ੇਸ਼ ਤੌਰ 'ਤੇ ਟੋਰਾਂਟੋ ਤੋਂ ਇਸ ਰਿਲੀਜ਼ ਸਮਾਗਮ ਵਿੱਚ ਪਹੁੰਚੇ, ਜੋ ਮੈਗਜ਼ੀਨ ਪ੍ਰਤੀ ਉਨ੍ਹਾਂ ਦੇ ਵਿਸ਼ਵਾਸ ਅਤੇ ਮਜ਼ਬੂਤ ਸਾਂਝ ਨੂੰ ਦਰਸਾਉਂਦਾ ਹੈ।

ਸਮਾਗਮ ਦੇ ਅਖੀਰ ਵਿੱਚ ਜਸਵਿੰਦਰ ਸਿੰਘ ਦਿਲਾਵਰੀ ਨੇ ਆਏ ਹੋਏ ਸਾਰੇ ਮਾਣਯੋਗ ਮਹਿਮਾਨਾਂ, ਸਿਆਸੀ ਆਗੂਆਂ, ਮੀਡੀਆ ਕਰਮੀਆਂ ਅਤੇ ਹਾਜ਼ਰੀਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਭਰੋਸਾ ਦਿਵਾਇਆ ਕਿ 'ਕੈਨੇਡਾ ਟੈਬਲੌਇਡ' ਭਵਿੱਖ ਵਿੱਚ ਵੀ ਸਮਾਜਿਕ ਮੁੱਦਿਆਂ ਅਤੇ ਪੰਜਾਬੀ ਸੱਭਿਆਚਾਰ ਦੀ ਤਰਜਮਾਨੀ ਕਰਦਾ ਰਹੇਗਾ।

ਸਫ਼ਾ 20 ਦਾ ਬਾਕੀ

'ਹਿੰਦੂ- ਜਰਮਨ ਕਾਨਸਪਰੇਸੀ ਕੇਸ' ਦੇ ਰਿਕਾਰਡ ਤੇ ਵੇਰਵਿਆਂ 'ਚ ਇਹ ਵੀ ਦਰਜ ਹੈ ਕਿ ਇਹ ਫੈਸਲਾ ਗ਼ਦਰ ਪਾਰਟੀ ਵੱਲੋਂ ਸਾਂਝੇ ਤੌਰ 'ਤੇ ਲਿਆ ਗਿਆ ਸੀ। ਪੰਡਿਤ ਰਾਮ ਚੰਦਰ ਪਿਸ਼ਾਵਰੀ ਨੂੰ ਸੋਧਾ ਲਾਉਣ ਦੀਆਂ ਲਈ ਗ਼ਦਰੀਆਂ ਦੇ ਨਾਵਾਂ ਦੀਆਂ ਪਰਚੀਆਂ ਪਾਈਆਂ ਗਈਆਂ ਸਨ, ਜਿਨਾਂ ਵਿੱਚੋਂ ਭਾਈ ਰਾਮ ਸਿੰਘ ਧੁਲੇਤਾ ਦੇ ਨਾਂ ਦੀ ਪਰਚੀ ਨਿਕਲੀ, ਜਿਸ ਕਾਰਨ ਉਹਨਾਂ ਨੇ ਰਾਮ ਚੰਦਰ ਪਿਸ਼ਾਵਰੀ ਨੂੰ ਸੋਧਣ ਲਈ ਇਹ ਕਦਮ ਚੁੱਕਿਆ। ਸਾਨ-ਫਰਾਂਸਿਸਕੋ ਵਿਚ ਚੱਲੇ 'ਹਿੰਦੂ ਜਰਮਨ ਸਾਜਿਸ਼ ਕੇਸ' ਵਿੱਚ ਦਰਜਨ ਤੋਂ ਉਪਰ ਜਰਮਨਾਂ ਤੇ ਗ਼ਦਰੀਆਂ ਨੂੰ ਸਜ਼ਾਵਾਂ ਸੁਣਾਈਆਂ ਸਨ। ਜਿਨ੍ਹਾਂ ਗ਼ਦਰੀ ਬਾਬਿਆਂ ਨੂੰ ਸਜਾ ਸੁਣਾਈ ਗਈ, ਤਾਰਕਨਾਥ ਦਾਸ ਨੂੰ 22-ਮਹੀਨੇ, ਭਗਵਾਨ ਸਿੰਘ ਨੂੰ 18-ਮਹੀਨੇ, ਗੋਪਾਲ ਸਿੰਘ ਸੋਹੀ ਨੂੰ 18-ਮਹੀਨੇ, ਗੋਧਾ ਰਾਮ ਨੂੰ 11-ਮਹੀਨੇ, ਗੋਬਿੰਦ ਬਿਹਾਰੀ ਲਾਲ ਨੂੰ 10-ਮਹੀਨੇ, ਸੰਤੋਖ ਸਿੰਘ ਨੂੰ 21-ਮਹੀਨੇ, ਨਿਰੰਜਨ ਦਾਸ ਨੂੰ 6-ਮਹੀਨੇ, ਸੁੰਦਰ ਸਿੰਘ ਨੂੰ 3-ਮਹੀਨੇ, ਬਿਸ਼ਨ ਬਿਹਾਰੀ ਹਿੰਦੀ ਨੂੰ 9-ਮਹੀਨੇ, ਮਹਾਦਿਓ ਅਬਾਜੀ ਨੂੰ 3-ਮਹੀਨੇ, ਮੁਨਸ਼ੀ ਰਾਮ ਨੂੰ 2-ਮਹੀਨੇ, ਨਿਧਾਨ ਸਿੰਘ ਨੂੰ 4-ਮਹੀਨੇ, ਇਮਾਮਦੀਨ ਨੂੰ 4-ਮਹੀਨੇ, ਧਰਿੰਦਰ ਸਰਕਾਰ ਨੂੰ 4-ਮਹੀਨੇ ਤੇ ਚੰਦਰ ਕਾਂਤਾ ਚਕਰ ਨੂੰ 1-ਮਹੀਨੇ ਦੀ ਸਜ਼ਾਅ ਦਿੱਤੀ ਗਈ। ਬਾਅਦ ਵਿੱਚ ਗਦਰ ਪਾਰਟੀ ਦੇ ਬਾਹਰਲੇ ਆਗੂਆਂ ਨੇ ਪੈਸੇ ਇਕੱਠੇ ਕਰਕੇ, ਸਾਰਿਆਂ ਨੂੰ ਜਮਾਨਤ 'ਤੇ ਰਿਹਾਅ ਕਰਾ ਲਿਆ ਸੀ। ਸ਼ਹੀਦ ਭਾਈ ਰਾਮ ਸਿੰਘ ਧੁਲੇਤਾ ਗ਼ਦਰ ਸੰਘਰਸ਼ ਲਈ ਵਿੱਚ ਜਾਨ ਵਾਰ ਗਏ। ਉਨ੍ਹਾਂ ਆਪਣਾ ਤਨ, ਮਨ, ਧਨ, ਸਭ ਆਜ਼ਾਦੀ ਦੀ ਲਹਿਰ ਨੂੰ ਸਮਰਪਿਤ ਕਰ ਦਿੱਤਾ। ਉਹਨਾਂ ਦਾ ਨਾਂ 'ਕੌਮੀ ਪਰਵਾਨੇ' ਵਜੋਂ ਸੁਨਹਿਰੀ ਅੱਖਰਾਂ ਵਿੱਚ ਸਦਾ ਕਾਇਮ ਰਹੇਗਾ। ਪਿੰਡ ਧੁਲੇਤਾ ਵਿਖੇ ਬਣਿਆ ਯਾਦਗਾਰੀ ਗੇਟ ਭਾਈ ਰਾਮ ਸਿੰਘ ਧੁਲੇਤਾ ਦੀ ਮਹਾਨ ਕੁਰਬਾਨੀ ਨੂੰ ਬਿਆਨ ਕਰਦਾ ਹੈ।

### ਸ਼ਹੀਦ ਭਾਈ ਰਾਮ ਸਿੰਘ ਧੁਲੇਤਾ ਦੀ ਤਸਵੀਰ ਬਾਰੇ ਗਲਤ-ਫਹਿਮੀ :

ਸ਼ਹੀਦ ਭਾਈ ਰਾਮ ਸਿੰਘ ਧੁਲੇਤਾ ਦੀ ਅਸਲ ਤਸਵੀਰ 1927 ਦੇ 'ਕਿਰਤੀ' ਅਖਬਾਰ ਦੇ ਫਰਵਰੀ ਅੰਕ ਵਿੱਚ ਛਪੀ ਹੋਈ ਹੈ, ਜਿਸ ਨੂੰ ਹੋਰਨਾਂ ਤੋਂ ਇਲਾਵਾ, ਇਤਿਹਾਸਕਾਰ ਰਾਜਵਿੰਦਰ ਸਿੰਘ ਰਾਹੀ ਨੇ ਆਪਣੀ ਕਿਤਾਬ ਵਿੱਚ ਛਾਪਿਆ ਹੈ, ਪਰ ਗਲਤ- ਫਹਿਮੀ ਨਾਲ ਸ਼ਹੀਦ ਭਾਈ ਹਰਨਾਮ ਸਿੰਘ ਸਿਆਲਕੋਟ ਦੀ ਤਸਵੀਰ ਭਾਈ ਰਾਮ ਸਿੰਘ ਧੁਲੇਤਾ ਦੇ ਨਾਂ 'ਤੇ, ਕਈ ਕਿਤਾਬਾਂ ਵਿੱਚ ਛਪ ਗਈ ਹੈ। ਇਥੋਂ ਤੱਕ ਕਿ ਇਤਿਹਾਸਕਾਰ ਸੋਹਣ ਸਿੰਘ ਪੂੰਨੀ ਦੀ ਲਿਖੀ ਕਿਤਾਬ 'ਕਨੇਡਾ ਦੀ ਗਦਰੀ ਯੋਧੇ' ਵਿੱਚ ਭਾਈ ਰਾਮ ਸਿੰਘ ਧੁਲੇਤਾ ਦੇ ਜੀਵਨ ਬਾਰੇ ਲਿਖੇ ਪ੍ਰਭਾਵਸ਼ਾਲੀ ਲੇਖ ਵਿੱਚ ਗਲਤ ਤਸਵੀਰ ਛਪ ਗਈ। ਇਸ ਤੋਂ ਮਗਰੋਂ ਬਹੁਤ ਸਾਰੀਆਂ ਕਿਤਾਬਾਂ ਅਤੇ ਅਖਬਾਰਾਂ ਵਿੱਚ ਭਾਈ ਹਰਨਾਮ ਸਿੰਘ ਦੀ ਤਸਵੀਰ ਨੂੰ, ਭਾਈ ਧੁਲੇਤਾ ਦੀ ਤਸਵੀਰ ਕਹਿ ਕੇ ਛਾਪਿਆ ਜਾ ਰਿਹਾ ਹੈ, ਜੋ ਕਿ ਗਲਤ ਹੈ। ਦਰਅਸਲ ਸ਼ਹੀਦ ਕਰਤਾਰ ਸਿੰਘ ਸਰਾਭਾ ਨਾਲ, ਭਾਈ ਹਰਨਾਮ ਸਿੰਘ ਸਿਆਲਕੋਟ 3 ਸਾਲ ਪਹਿਲਾਂ ਹੀ ਸ਼ਹੀਦ ਹੋ ਗਏ ਸਨ। 16 ਨਵੰਬਰ 1915 ਨੂੰ ਭਾਈ ਕਰਤਾਰ ਸਿੰਘ ਸਰਾਭਾ ਨੂੰ ਉਹਨਾਂ ਦੇ ਛੇ ਹੋਰ ਸਾਥੀਆਂ ; ਬਖਸ਼ੀਸ਼ ਸਿੰਘ, ਜ਼ਿਲ੍ਹਾ ਅੰਮ੍ਰਿਤਸਰ; ਹਰਨਾਮ ਸਿੰਘ, ਜ਼ਿਲ੍ਹਾ ਸਿਆਲਕੋਟ; ਜਗਤ ਸਿੰਘ, ਜ਼ਿਲ੍ਹਾ ਲਾਹੌਰ; ਸੁਰੈਣ ਸਿੰਘ -1 ਅਤੇ ਸੁਰੈਣ -2, ਦੋਨੋਂ ਜ਼ਿਲ੍ਹਾ ਅੰਮ੍ਰਿਤਸਰ ਅਤੇ ਵਿਸ਼ਨੂੰ ਗਣੇਸ਼ ਪਿੰਗਲੇ, ਜ਼ਿਲ੍ਹਾ ਪੂਨਾ (ਮਹਾਰਾਸ਼ਟਰ) ਦੇ ਨਾਲ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫ਼ਾਂਸੀ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਗਿਆ। ਅਸੀਂ ਇਸ ਲੇਖ ਵਿੱਚ ਸ਼ਹੀਦ ਭਾਈ ਹਰਨਾਮ ਸਿੰਘ ਸਿਆਲਕੋਟੀ ਦੀ ਤਸਵੀਰ ਨਾਲ ਦਿੱਤੀ ਹੈ। ਭਾਈ ਧੁਲੇਤਾ ਅਤੇ ਭਾਈ ਸਿਆਲਕੋਟੀ ਦੋਹਾਂ ਦੀ ਸ਼ਹਾਦਤ ਮਹਾਨ ਹੈ, ਪਰ ਗਲਤ-ਫਹਿਮੀ ਦੂਰ ਕਰਨੀ ਇਤਿਹਾਸਕਾਰਾਂ, ਖੋਜੀਆਂ ਅਤੇ ਲਿਖਾਰੀਆਂ ਦਾ ਫਰਜ਼ ਬਣਦਾ ਹੈ।

# ਫਿਰੌਤੀ ਅਤੇ ਗੋਲੀਬਾਰੀ ਮਾਮਲੇ ਵਿੱਚ ਕਰਨਬੀਰ ਗ੍ਰਿਫਤਾਰ, ਜਰਮਨਜੀਤ ਦੀ ਭਾਲ ਜਾਰੀ

ਕੈਲਗਰੀ, (ਬਰਾੜ ਭਗਤਾ ਭਾਈਕਾ): ਕੈਲਗਰੀ ਪੁਲਿਸ ਨੇ ਬੀਤੇ ਦਿਨੀਂ ਰਿਪੋਰਟ ਸਾਂਝੀ ਕਰਦੇ ਹੋਏ ਦੱਸਿਆ ਕਿ 4 ਮਾਰਚ ਨੂੰ ਹੋਈ ਫਿਰੌਤੀ ਅਤੇ ਗੋਲੀਬਾਰੀ ਦੀ ਘਟਨਾ ਦੇ ਸਬੰਧ ਵਿੱਚ ਦੋ ਹੋਰ ਪੰਜਾਬੀ ਨੌਜਵਾਨਾਂ, 21 ਸਾਲਾ ਕਰਨਬੀਰ ਸਿੰਘ ਅਤੇ 22 ਸਾਲਾ ਜਰਮਨਜੀਤ ਸਿੰਘ 'ਤੇ ਦੋਸ਼ ਆਇਦ ਕੀਤੇ ਗਏ ਹਨ। ਇਹ ਕਾਰਵਾਈ ਫਰਵਰੀ ਅਤੇ ਮਾਰਚ ਮਹੀਨੇ ਦੌਰਾਨ ਵਾਪਰੀਆਂ ਗੋਲੀਬਾਰੀ ਦੀਆਂ ਲੜੀਵਾਰ ਘਟਨਾਵਾਂ ਦੀ ਜਾਂਚ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਇਸ ਤੋਂ ਪਹਿਲਾਂ 3 ਅਪ੍ਰੈਲ ਨੂੰ 21 ਸਾਲਾ ਜਸਕਰਨ ਸਿੰਘ 'ਤੇ ਵੀ ਇਸੇ ਮਾਮਲੇ ਵਿੱਚ ਦੋਸ਼ ਲਗਾਏ ਗਏ ਸਨ। ਪੁਲਿਸ ਅਨੁਸਾਰ ਸੈਡਲਰਿਜ ਡਰਾਈਵ ਐਨ.ਈ. ਸਥਿਤ ਇੱਕ ਘਰ ਨੂੰ ਲਗਾਤਾਰ ਦੋ ਵਾਰ ਨਿਸ਼ਾਨਾ ਬਣਾਇਆ ਗਿਆ ਸੀ।



ਵੇਰਵਿਆਂ ਅਨੁਸਾਰ ਪਹਿਲੀ ਘਟਨਾ 22 ਫਰਵਰੀ ਨੂੰ ਸਵੇਰੇ 2:45 ਵਜੇ ਵਾਪਰੀ ਸੀ ਜਦੋਂ ਮੁਲਜ਼ਮਾਂ ਨੇ ਚਲਦੀ ਗੱਡੀ ਵਿੱਚੋਂ ਇੱਕ ਰਿਹਾਇਸ਼ੀ ਘਰ 'ਤੇ ਕਈ ਗੋਲੀਆਂ ਚਲਾਈਆਂ ਸਨ। ਇਸ ਤੋਂ ਬਾਅਦ 4 ਮਾਰਚ ਨੂੰ ਸਵੇਰੇ 5:10 ਵਜੇ ਉਸੇ ਘਰ 'ਤੇ ਦੁਬਾਰਾ ਗੋਲੀਬਾਰੀ ਕੀਤੀ ਗਈ। ਪੁਲਿਸ ਨੇ 7 ਮਾਰਚ ਨੂੰ ਇੱਕ ਸ਼ੱਕੀ ਵਾਹਨ ਦੀ ਪਛਾਣ ਕੀਤੀ ਜਿਸ ਰਾਹੀਂ ਮੁਲਜ਼ਮਾਂ, ਵਾਹਨਾਂ ਅਤੇ ਫਿਰੌਤੀ ਦੇ ਨੈੱਟਵਰਕ ਵਿਚਕਾਰ ਸਬੰਧ ਸਥਾਪਤ ਕਰਨ ਵਿੱਚ ਮਦਦ ਮਿਲੀ। ਕਰਨਬੀਰ ਸਿੰਘ ਨੂੰ ਪਿਛਲੇ ਹਫ਼ਤੇ ਐਡਮੰਟਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ 20 ਅਪ੍ਰੈਲ ਨੂੰ ਅਦਾਲਤ ਵਿੱਚ ਪੇਸ਼ ਹੋਇਆ ਸੀ। ਦੂਜੇ ਪਾਸੇ ਜਰਮਨਜੀਤ ਸਿੰਘ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕੀਤੇ ਗਏ ਹਨ। ਉਹ 5'8" ਲੰਬਾ ਅਤੇ ਲਗਭਗ 198 ਪੌਂਡ ਵਜ਼ਨ ਦਾ ਹੈ।

ਕੈਲਗਰੀ ਪੁਲਿਸ ਦੇ ਐਕਟਿੰਗ ਡਿਪਟੀ ਚੀਫ਼ ਜੈਫ ਬੈੱਲ ਅਤੇ ਐਡਮੰਟਨ ਪੁਲਿਸ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਗ੍ਰਿਫਤਾਰੀਆਂ ਵੱਖ-ਵੱਖ ਪੁਲਿਸ ਏਜੰਸੀਆਂ ਦੇ ਆਪਸੀ ਸਹਿਯੋਗ ਦਾ ਨਤੀਜਾ ਹਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਨੇ ਵੀ ਸਪੱਸ਼ਟ ਕੀਤਾ ਹੈ ਕਿ ਉਹ ਇਮੀਗ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਕਰਨ ਵਾਲੇ ਅਪਰਾਧੀਆਂ ਵਿਰੁੱਧ ਸਖ਼ਤ ਕਾਰਵਾਈ ਲਈ ਵਚਨਬੱਧ ਹਨ। ਜਨਵਰੀ 2025 ਤੋਂ ਹੁਣ ਤੱਕ ਕੈਲਗਰੀ ਵਿੱਚ ਫਿਰੌਤੀ ਦੀਆਂ 41 ਕੋਸ਼ਿਸ਼ਾਂ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚੋਂ 17 ਘਟਨਾਵਾਂ ਗੋਲੀਬਾਰੀ ਨਾਲ ਸਬੰਧਤ ਸਨ। ਹਾਲਾਂਕਿ ਇਹਨਾਂ ਵਾਰਦਾਤਾਂ ਵਿੱਚ ਹੁਣ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਖ਼ਬਰ ਨਹੀਂ ਹੈ, ਪਰ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਜਾਣਕਾਰੀ ਲਈ 403-266-1234 'ਤੇ ਸੰਪਰਕ ਕਰਨ। ਕ੍ਰਾਈਮ ਸਟੌਪਰਜ਼ ਰਾਹੀਂ ਵੀ ਗੁਪਤ ਜਾਣਕਾਰੀ ਦਿੱਤੀ ਜਾ ਸਕਦੀ ਹੈ।

IN LOVING MEMORY OF



BALMOHAN SINGH BOLLA

01.10.1956 - 19.04.2026

PLEASE JOIN US FOR THE MEMORIAL SERVICE AT FRASER RIVER FUNERAL HOME

SUNDAY APRIL 26 AT 12:30 PM

LIVE FEED

FOLLOWED BY SEHAJ PAATH BHOG AT GURDWARA BABA BANDA SINGH BAHADAR SIKH SOCIETY

UNIVERSAL FINGERPRINTING SERVICE

RCMP Criminal Record Check Fingerprints for:

| | |
|---|---|
| *Permanent Residence | •ਪਰਮਾਨੈਂਟ ਰੈਜੀਡੈਂਸ |
| *Canadian Citizenship | •ਕਨੇਡੀਅਨ ਸਿਟੀਜਨਸ਼ਿਪ |
| *Security License | •ਸਕਿਓਰਟੀ ਲਾਇਸੈਂਸ •ਇੰਪਲਾਇਮੈਂਟ |
| *Employment | •ਨਾਮ ਬਦਲੀ •ਪ੍ਰਾਈਵੇਸੀ ਐਕਟ ਰਿਕੁਐਸਟ |
| *Name Change | •ਵਲਨਰਏਬਲ ਸੈਕਟਰ ਚੈਕਸ |
| *Privacy Act Request | •ਯੂ ਐਸ ਐਂਟਰੀ ਵੇਵਰ |
| *Visa/Border Crossing/ | •ਵੀਜਾ/ਬਾਰਡਰ ਕਰਾਸਿੰਗ/ਫੌਰਨ ਟਰੈਵਲ/ਕੰਮ |
| *Foreign Travel/Work | •ਰਿਕਾਰਡ ਸਸਪੈਂਸ਼ਨ ਐਪਲੀਕੇਸ਼ਨ |
| *Vulnerable Sector Checks | •ਐਫ ਬੀ ਆਈ ਫਿੰਗਰਪ੍ਰਿੰਟ |
| *US Entry Waiver | •ਡਿਜੀਟਲ ਦਾ ਇੰਕ ਫਿੰਗਰਪ੍ਰਿੰਟਸ |
| *Record Suspension Application | •ਇੰਕ ਫਿੰਗਰਪ੍ਰਿੰਟਸ |
| *FBI Fingerprints | •ਨਾਮ ਬੇਸਡ ਰਿਕਾਰਡ ਚੈੱਕ |
| *Digitize the ink fingerprints | |
| *Ink Fingerprints | |
| *Name Based Record Checks | |

EAST WEST IMMIGRATION SERVICES INC.

*INDIA VISA *India E Visa, UK & Schengen Visa
*Entry Visa Application for 1 year & 5 years
*Overseas Citizenship of India Application (OCI)
*ਇੰਡੀਅਨ ਵੀਜਾ *ਇੰਡੀਅਨ ਈ-ਵੀਜਾ *ਯੂਕੇ & Schengen ਵੀਜਾ
*ਐਂਟਰੀ ਵੀਜਾ ਐਪਲੀਕੇਸ਼ਨ (1 ਸਾਲ ਅਤੇ 5 ਸਾਲ)
*ਓਵਰਸੀਜ ਸਿਟੀਜਨਸ਼ਿਪ ਆਫ ਇੰਡੀਆ (ਓਸੀਆਈ)

| | |
|---|---|
| *Indian PCC | •ਇੰਡੀਅਨ ਪੀ ਸੀ ਸੀ |
| *Indian Passport Renewal | •ਇੰਡੀਅਨ ਪਾਸਪੋਰਟ ਰੀਨਿਊ |
| *OCI Applications | •ਓ ਸੀ ਆਈ ਐਪਲੀਕੇਸ਼ਨਜ |
| *Visitor Visa Application | •ਵਿਜਟਰ ਵੀਜਾ ਐਪਲੀਕੇਸ਼ਨ |
| *Canadian Citizenship Application | •ਕਨੇਡੀਅਨ ਸਿਟੀਜਨਸ਼ਿਪ ਐਪਲੀਕੇਸ਼ਨ |
| *US Visa Application | •ਯੂ ਐਸ ਵੀਜਾ ਐਪਲੀਕੇਸ਼ਨ |
| *PR card renewal Application | •ਪੀ ਆਰ ਕਾਰਡ ਰੀਨਿਊ ਐਪਲੀਕੇਸ਼ਨ |
| *BC-Name Change Application | •ਬੀ ਸੀ ਨਾਮ ਚੇਂਜ ਐਪਲੀਕੇਸ਼ਨ |

Parminder Kindhra CICC CCIC

PH : 604-503-8898

#303-(3rd floor) 8318-120St, Surrey Email:office@universalfingerprinting.com OPEN 7 DAYS A WEEK

# ਡੈਲਟਾ ਵਿੱਚ 'ਯੂਥ ਵੀਕ' ਅਤੇ 'ਯੂਥਾਪਾਲੂਜ਼ਾ' ਦੀਆਂ ਰੌਣਕਾਂ, ਨੌਜਵਾਨਾਂ ਲਈ ਮੁਫ਼ਤ ਪ੍ਰੋਗਰਾਮਾਂ ਦਾ ਐਲਾਨ

## 10 ਤੋਂ 18 ਸਾਲ ਦੇ ਨੌਜਵਾਨਾਂ ਲਈ ਡੈਲਟਾ ਵਿੱਚ ਹੋਣਗੇ ਮਨੋਰੰਜਕ ਅਤੇ ਵਿਦਿਅਕ ਸਮਾਗਮ

ਸਰੀ, (ਏਕਜੋਤ ਸਿੰਘ): ਡੈਲਟਾ ਸਿਟੀ ਵੱਲੋਂ ਇਸ ਬਸੰਤ ਰੁੱਤ ਦੌਰਾਨ ਸਥਾਨਕ ਰੀਕ੍ਰਿਏਸ਼ਨ ਸੈਂਟਰਾਂ ਵਿੱਚ 10 ਤੋਂ 18 ਸਾਲ ਦੇ ਨੌਜਵਾਨਾਂ ਲਈ ਵਿਸ਼ੇਸ਼ ਅਤੇ ਮੁਫ਼ਤ ਪ੍ਰੋਗਰਾਮਾਂ ਦੀ ਲੜੀ ਸ਼ੁਰੂ ਕੀਤੀ ਜਾ ਰਹੀ ਹੈ। 'ਯੂਥ ਵੀਕ' ਅਤੇ ਨਵੇਂ ਸ਼ੁਰੂ ਕੀਤੇ ਗਏ 'ਯੂਥਾਪਾਲੂਜ਼ਾ' ਰਾਹੀਂ ਸ਼ਹਿਰ ਦੇ ਨੌਜਵਾਨਾਂ ਵੱਲੋਂ ਸਮਾਜ ਵਿੱਚ ਪਾਏ ਜਾਂਦੇ ਵਡਮੁੱਲੇ ਯੋਗਦਾਨ ਦਾ ਜਸ਼ਨ ਮਨਾਇਆ ਜਾਵੇਗਾ। ਡੈਲਟਾ ਦੇ ਮੇਅਰ ਜਾਰਜ ਵੀ. ਹਾਰਵੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਮਾਗਮ ਨੌਜਵਾਨਾਂ ਨੂੰ ਸਰਗਰਮ ਰਹਿਣ, ਆਪਣੀ ਸਿਰਜਣਾਤਮਕਤਾ ਦਿਖਾਉਣ ਅਤੇ ਭਾਈਚਾਰੇ ਨਾਲ ਡੂੰਘਾ ਸਬੰਧ ਬਣਾਉਣ ਦਾ ਇੱਕ ਬਿਹਤਰੀਨ ਮੌਕਾ ਪ੍ਰਦਾਨ ਕਰਨਗੇ। 'ਯੂਥ ਵੀਕ' ਦੇ ਮੁੱਖ ਸਮਾਗਮ 1 ਮਈ ਤੋਂ 7 ਮਈ ਤੱਕ ਚੱਲਣਗੇ, ਜਦਕਿ 8 ਮਈ ਨੂੰ ਇਸ ਦਾ ਸ਼ਾਨਦਾਰ ਸਮਾਪਨ 'ਯੂਥਾਪਾਲੂਜ਼ਾ' ਨਾਮਕ ਸਮਾਗਮ ਨਾਲ ਹੋਵੇਗਾ।



ਸਾਲ 2026 ਵਿੱਚ ਪਹਿਲੀ ਵਾਰ ਸ਼ੁਰੂ ਕੀਤਾ ਜਾ ਰਿਹਾ 'ਯੂਥਾਪਾਲੂਜ਼ਾ' ਨੌਜਵਾਨਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇਗਾ। 8 ਮਈ ਨੂੰ ਨੌਰਥ ਡੈਲਟਾ ਰੀਕ੍ਰਿਏਸ਼ਨ ਸੈਂਟਰ ਵਿਖੇ ਨੌਜਵਾਨਾਂ ਲਈ ਬਾਰਬੀਕਿਊ ਦਾ ਪ੍ਰਬੰਧ ਹੋਵੇਗਾ ਅਤੇ ਨੌਰਥ ਡੈਲਟਾ ਸੈਂਟਰ ਫ਼ਾਰ ਆਰਟਸ ਵਿਖੇ ਉਹ ਓਪਨ ਸਟੇਜ 'ਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਸਕਣਗੇ। ਇਸ ਤੋਂ ਇਲਾਵਾ ਸ਼ਾਮ ਵੇਲੇ ਇੱਕ ਵਿਸ਼ੇਸ਼ 'ਸਾਈਲੈਂਟ ਡਾਂਸ ਪਾਰਟੀ' ਵੀ ਕਰਵਾਈ ਜਾਵੇਗੀ। ਇਨ੍ਹਾਂ ਜਸ਼ਨਾਂ ਦੀ ਤਿਆਰੀ ਵਜੋਂ ਸ਼ਹਿਰ ਵੱਲੋਂ 'ਪਾਥ ਟੂ ਯੂਥ ਵੀਕ' ਪ੍ਰੋਗਰਾਮ ਵੀ ਚਲਾਇਆ ਜਾ ਰਿਹਾ ਹੈ, ਜਿਸ ਵਿੱਚ 23 ਅਤੇ 30 ਅਪ੍ਰੈਲ ਨੂੰ ਆਈਸ ਕਰੀਮ ਐਡਵੈਂਚਰ ਅਤੇ 26 ਅਪ੍ਰੈਲ ਨੂੰ ਤੈਰਾਕੀ ਦੀਆਂ ਮੁਫ਼ਤ ਕਲਾਸਾਂ ਸ਼ਾਮਲ ਹਨ। ਨੌਜਵਾਨਾਂ ਨੂੰ ਇਹਨਾਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਇੱਕ ਬਿੰਗੋ ਕਾਰਡ ਚੁਣੌਤੀ ਵੀ ਦਿੱਤੀ ਗਈ ਹੈ।

ਸਮਾਗਮਾਂ ਦੇ ਵੇਰਵਿਆਂ ਅਨੁਸਾਰ 1 ਮਈ ਨੂੰ ਵਾਲੀਬਾਲ ਟੂਰਨਾਮੈਂਟ ਕਰਵਾਇਆ ਜਾਵੇਗਾ। 2 ਮਈ ਤੋਂ 6 ਮਈ ਦੇ ਵਿਚਕਾਰ ਵੱਖ-ਵੱਖ ਆਰਟਸ ਸੈਂਟਰਾਂ ਵਿੱਚ ਮਲਟੀਮੀਡੀਆ ਆਰਟ ਵਰਕਸ਼ਾਪ ਅਤੇ ਪਰਸਨਲਾਈਜ਼ਡ ਟੋਟ ਬੈਗ ਬਣਾਉਣ ਦੇ ਸੈਸ਼ਨ ਰੱਖੇ ਗਏ ਹਨ। 7 ਮਈ ਨੂੰ ਡਗਲਸ ਜੇ. ਹਸਬੈਂਡ ਡਿਸਕਵਰੀ ਸੈਂਟਰ ਵਿਖੇ ਪੌਪ ਆਰਟ ਐਡਵੈਂਚਰ ਦਾ ਆਯੋਜਨ ਹੋਵੇਗਾ। ਇਹ ਸਾਰੇ ਪ੍ਰੋਗਰਾਮ ਬ੍ਰਿਟਿਸ਼ ਕੋਲੰਬੀਆ ਦੇ ਸੂਬਾਈ ਯੂਥ ਵੀਕ ਜਸ਼ਨਾਂ ਦਾ ਹਿੱਸਾ ਹਨ। ਸਿਟੀ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਇਹ ਸਾਰੇ ਪ੍ਰੋਗਰਾਮ ਪੂਰੀ ਤਰ੍ਹਾਂ ਮੁਫ਼ਤ ਹਨ ਅਤੇ ਨੌਜਵਾਨ ਡੈਲਟਾ ਸਿਟੀ ਦੀ ਵੈੱਬਸਾਈਟ 'ਤੇ ਜਾ ਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਇਹ ਉਪਰਾਲਾ ਨੌਜਵਾਨਾਂ ਨੂੰ ਸਮਾਜਿਕ ਤੌਰ 'ਤੇ ਜੋੜਨ ਲਈ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗਾ। This report was written by Ekjot Singh as part of the Local Journalism Initiative.

# ਬੀ.ਸੀ. ਕੰਜ਼ਰਵੇਟਿਵ ਪਾਰਟੀ ਨੇ ਬਣਾਇਆ ਰਿਕਾਰਡ, 42,000 ਮੈਂਬਰ ਜੁੜੇ

## 60,000 ਡਾਲਰ ਦੀ ਫੀਸ ਭਰ ਕੇ ਪੰਜ ਉਮੀਦਵਾਰਾਂ ਨੇ ਲੀਡਰਸ਼ਿਪ ਜੰਗ ਕੀਤੀ ਤੇਜ਼

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਕੰਜ਼ਰਵੇਟਿਵ ਪਾਰਟੀ ਨੇ ਮੰਗਲਵਾਰ ਨੂੰ ਇੱਕ ਇਤਿਹਾਸਕ ਐਲਾਨ ਕਰਦਿਆਂ ਦੱਸਿਆ ਕਿ ਪਾਰਟੀ ਦੀ ਲੀਡਰਸ਼ਿਪ ਚੋਣ ਵਿੱਚ ਹਿੱਸਾ ਲੈਣ ਲਈ ਸੂਬੇ ਭਰ ਵਿੱਚੋਂ ਰਿਕਾਰਡ 42,000 ਮੈਂਬਰਾਂ ਨੇ ਰਜਿਸਟ੍ਰੇਸ਼ਨ ਕਰਵਾਈ ਹੈ। ਪਾਰਟੀ ਦੇ ਕਾਰਜਕਾਰੀ ਨਿਰਦੇਸ਼ਕ ਐਂਜਲੋ ਇਸੀਡੋਰੂ ਨੇ ਕਿਹਾ ਕਿ ਕੁਝ ਸਾਲ ਪਹਿਲਾਂ ਪਾਰਟੀ ਕੋਲ ਸਿਰਫ਼ ਕੁਝ ਸੌ ਮੈਂਬਰ ਸਨ, ਜੋ ਦਸੰਬਰ 2025 ਤੱਕ ਵੱਧ ਕੇ 7,000 ਹੋਏ ਅਤੇ ਹੁਣ ਇਹ ਅੰਕੜਾ 42,000 ਤੱਕ ਪਹੁੰਚ ਗਿਆ ਹੈ। ਇਸ ਦੇ ਨਾਲ ਹੀ ਬੀਸੀ ਕੰਜ਼ਰਵੇਟਿਵ ਪਾਰਟੀ ਬ੍ਰਿਟਿਸ਼ ਕੋਲੰਬੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਬਣ ਕੇ ਉੱਭਰੀ ਹੈ। ਇਸੀਡੋਰੂ ਅਨੁਸਾਰ ਇਹ ਵਾਧਾ ਆਮ ਨਾਗਰਿਕਾਂ ਦੀ ਬਦਲਾਅ ਪ੍ਰਤੀ ਇੱਛਾ ਨੂੰ ਦਰਸਾਉਂਦਾ ਹੈ।



ਪਾਰਟੀ ਨੇ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਲ ਸਾਰੇ ਪੰਜ ਉਮੀਦਵਾਰਾਂ ਦੀ ਮੌਜੂਦਗੀ ਦੀ ਵੀ ਪੁਸ਼ਟੀ ਕੀਤੀ ਹੈ। ਇਹਨਾਂ ਸਾਰੇ ਉਮੀਦਵਾਰਾਂ ਨੇ ਚੋਣ ਪ੍ਰਕਿਰਿਆ ਵਿੱਚ ਬਣੇ ਰਹਿਣ ਲਈ ਲੋੜੀਂਦੀ 60,000 ਡਾਲਰ ਦੀ ਫੀਸ ਜਮ੍ਹਾਂ ਕਰਵਾ ਦਿੱਤੀ ਹੈ। ਹੁਣ ਇਹ ਪੰਜੇ ਉਮੀਦਵਾਰ ਲੀਡਰਸ਼ਿਪ ਚੋਣ ਲਈ ਬੈਲਟ ਪੇਪਰ 'ਤੇ ਹੋਣਗੇ। ਉਮੀਦਵਾਰਾਂ ਦੀ ਸੂਚੀ ਵਿੱਚ ਮੌਜੂਦਾ ਵਿਧਾਇਕ ਪੀਟਰ ਮਿਲੋਬਾਰ, ਪ੍ਰਸਿੱਧ ਉੱਦਮੀ ਯੂਰੀ ਫੁਲਮਰ, ਰਾਜਨੀਤਿਕ ਟਿੱਪਣੀਕਾਰ ਕੈਰੋਲਿਨ ਇਲੀਅਟ, ਸਾਬਕਾ ਸੂਬਾਈ ਮੰਤਰੀ ਇਆਨ ਬਲੈਕ ਅਤੇ ਸਾਬਕਾ ਫੈਡਰਲ ਮੰਤਰੀ ਕੇਰੀ-ਲਿਨ ਫਿੰਡਲੇ ਦੇ ਨਾਮ ਸ਼ਾਮਲ ਹਨ। ਫਿਲਹਾਲ ਟ੍ਰੇਵਰ ਹਾਲਫੋਰਡ ਪਾਰਟੀ ਦੇ ਅੰਤਰਿਮ ਨੇਤਾ ਵਜੋਂ ਜ਼ਿੰਮੇਵਾਰੀ ਸੰਭਾਲ ਰਹੇ ਹਨ।

ਆਉਣ ਵਾਲੇ ਦਿਨਾਂ ਵਿੱਚ ਪਾਰਟੀ ਵੱਲੋਂ ਇਹਨਾਂ 42,000 ਮੈਂਬਰਾਂ ਦੀ ਦੂਜੇ ਪੜਾਅ ਦੀ ਤਸਦੀਕ ਕੀਤੀ ਜਾਵੇਗੀ। ਜੇਕਰ ਇਹ ਮੈਂਬਰ ਸਾਰੇ ਮਾਪਦੰਡਾਂ 'ਤੇ ਖਰੇ ਉਤਰਦੇ ਹਨ, ਤਾਂ ਉਹ ਆਪਣੇ ਮਨਪਸੰਦ ਆਗੂ ਨੂੰ ਚੁਣਨ ਲਈ ਵੋਟ ਪਾ ਸਕਣਗੇ। ਪਾਰਟੀ ਪ੍ਰਬੰਧਕਾਂ ਦਾ ਮੰਨਣਾ ਹੈ ਕਿ ਇਹ ਉਤਸ਼ਾਹ ਪਾਰਟੀ ਦੇ ਸੁਨੇਹੇ ਨੂੰ ਘਰ-ਘਰ ਪਹੁੰਚਾਉਣ ਵਿੱਚ ਸਹਾਈ ਹੋਵੇਗਾ। ਲੀਡਰਸ਼ਿਪ ਦੀ ਇਹ ਚੋਣ ਨਾ ਸਿਰਫ਼ ਪਾਰਟੀ ਦਾ ਭਵਿੱਖ ਤੈਅ ਕਰੇਗੀ, ਸਗੋਂ ਸੂਬੇ ਦੀ ਰਾਜਨੀਤੀ ਵਿੱਚ ਵੀ ਇੱਕ ਵੱਡਾ ਮੋੜ ਸਾਬਤ ਹੋ ਸਕਦੀ ਹੈ। This report was written by Ekjot Singh as part of the Local Journalism Initiative.

# ਕੈਨੇਡਾ ਸਰਕਾਰ ਵੱਲੋਂ ਗੈਸ ਟੈਕਸ ਤੋਂ ਛੋਟ ਲਾਗੂ ਹੋਣ 'ਤੇ ਲੋਕਾਂ ਨੂੰ ਮਿਲੀ ਕੁਝ ਰਾਹਤ

ਸਰੀ, (ਏਕਜੋਤ ਸਿੰਘ): ਕੈਨੇਡਾ ਸਰਕਾਰ ਵੱਲੋਂ ਗੈਸੋਲੀਨ ਅਤੇ ਡੀਜ਼ਲ ਉੱਤੇ ਐਕਸਾਈਜ਼ ਟੈਕਸ ਦੀ ਛੋਟ ਸੋਮਵਾਰ ਤੋਂ ਲਾਗੂ ਕਰ ਦਿੱਤੀ ਗਈ ਹੈ। ਇਰਾਨ ਯੁੱਧ ਅਤੇ ਸਟ੍ਰੇਟ ਆਫ ਹਾਰਮੁਜ਼ ਦੇ ਬੰਦ ਹੋਣ ਕਾਰਨ ਪੈਦਾ ਹੋਏ ਵਿਸ਼ਵਵਿਆਪੀ ਤੇਲ ਸੰਕਟ ਦੇ ਚੱਲਦਿਆਂ ਕੈਨੇਡੀਅਨਾਂ ਨੂੰ ਆਰਥਿਕ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਪਿਛਲੇ ਹਫਤੇ ਇਸ ਗੈਸ ਟੈਕਸ ਹਾਲੀਡੇਅ ਦਾ ਐਲਾਨ ਕੀਤਾ ਸੀ।

ਇਹ ਟੈਕਸ ਛੋਟ 7 ਸਤੰਬਰ ਤੱਕ, ਯਾਨੀ ਲੇਬਰ ਡੇਅ ਵੀਕੈਂਡ ਦੇ ਅੰਤ ਤੱਕ ਜਾਰੀ ਰਹੇਗੀ। ਇਸ ਛੋਟ ਤਹਿਤ ਗੈਸੋਲੀਨ ਉੱਤੇ 0.10 ਡਾਲਰ ਪ੍ਰਤੀ ਲੀਟਰ ਅਤੇ ਡੀਜ਼ਲ ਉੱਤੇ 0.04 ਡਾਲਰ ਪ੍ਰਤੀ ਲੀਟਰ ਦੀ ਕਟੌਤੀ ਕੀਤੀ ਜਾਵੇਗੀ, ਜਿਸ ਨਾਲ ਸਰਕਾਰ ਨੂੰ ਲਗਭਗ 2.4 ਬਿਲੀਅਨ ਡਾਲਰ ਦਾ ਖਰਚਾ ਆਵੇਗਾ। ਸੋਮਵਾਰ ਨੂੰ ਪੂਰੇ ਕੈਨੇਡਾ ਵਿੱਚ ਗੈਸ ਦੀਆਂ




ਔਸਤ ਕੀਮਤਾਂ 1.69 ਡਾਲਰ ਪ੍ਰਤੀ ਲੀਟਰ ਰਹੀਆਂ, ਜੋ ਕਿ ਪਿਛਲੇ ਹਫਤੇ ਦੀ 1.74 ਡਾਲਰ ਦੀ ਔਸਤ ਤੋਂ ਘੱਟ ਹਨ।

ਕੰਜ਼ਰਵੇਟਿਵ ਨੇਤਾ ਪੀਅਰ ਪੋਇਲੀਵਰ ਨੇ ਵੀ ਸਰਕਾਰ ਨੂੰ ਈਂਧਨ ਉੱਤੇ ਐਕਸਾਈਜ਼ ਟੈਕਸ ਹਟਾਉਣ ਦੀ ਅਪੀਲ ਕੀਤੀ ਸੀ। ਕਾਰਬਨ ਟੈਕਸ ਦੀ ਮੁਅੱਤਲੀ ਦੇ ਨਾਲ ਮਿਲ ਕੇ ਇਸ ਟੈਕਸ ਛੋਟ ਕਾਰਨ ਗੈਸ ਦੀਆਂ ਕੀਮਤਾਂ ਵਿੱਚ 0.28 ਡਾਲਰ ਪ੍ਰਤੀ ਲੀਟਰ ਤੱਕ ਦੀ ਕਮੀ ਆਵੇਗੀ। ਇਰਾਨ ਯੁੱਧ ਸ਼ੁਰੂ ਹੋਣ ਤੋਂ ਬਾਅਦ ਤਹਿਰਾਨ ਨੇ ਸਟ੍ਰੇਟ ਆਫ ਹਾਰਮੁਜ਼ ਨੂੰ ਬੰਦ ਕਰ ਦਿੱਤਾ ਹੈ, ਜਿੱਥੋਂ ਦੁਨੀਆ ਦਾ ਲਗਭਗ 20 ਫੀਸਦੀ ਤੇਲ ਵਪਾਰ ਹੁੰਦਾ ਹੈ। ਅਮਰੀਕਾ ਵੱਲੋਂ ਇਰਾਨੀ ਜਹਾਜ਼ ਨੂੰ ਜ਼ਬਤ ਕੀਤੇ ਜਾਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਜੰਗਬੰਦੀ ਨਾਜ਼ੁਕ ਦੌਰ ਵਿੱਚ ਹੈ। This report was written by Ekjot Singh as part of the Local Journalism Initiative.

# ਸਰੀ ਵਿਖੇ ਸਜਾਏ ਗਏ ਨਗਰ ਕੀਰਤਨ 'ਚ, 450,000 ਤੋਂ ਵੱਧ ਸੰਗਤਾਂ ਹੋਈਆਂ ਸ਼ਾਮਲ





ਸਰੀ, (ਏਕਜੋਤ ਸਿੰਘ): ਸਰੀ ਵਿੱਚ ਸਾਲਾਨਾ ਨਗਰ ਕੀਰਤਨ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਇਆ ਗਿਆ। ਪ੍ਰਬੰਧਕਾਂ ਅਨੁਸਾਰ ਇਸ ਸਾਲ ਸੰਗਤਾਂ ਦਾ ਵੱਡਾ ਇਕੱਠ ਦੇਖਣ ਨੂੰ ਮਿਲਿਆ ਅਤੇ ਲਗਭਗ 450,000 ਤੋਂ ਵੱਧ ਲੋਕਾਂ ਨੇ ਇਸ ਪਵਿੱਤਰ ਮੌਕੇ 'ਤੇ ਆਪਣੀ ਹਾਜ਼ਰੀ ਲਗਵਾਈ। ਇਹ ਨਗਰ ਕੀਰਤਨ ਦੁਨੀਆ ਭਰ ਵਿੱਚ ਸਿੱਖ ਭਾਈਚਾਰੇ ਦੇ ਸਭ ਤੋਂ ਵੱਡੇ ਇਕੱਠਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਵਿਸਾਖੀ ਦਾ ਦਿਹਾੜਾ 1699 ਵਿੱਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਾਜਨਾ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਇਹ ਦਿਨ ਨਾ ਸਿਰਫ਼ ਸਿੱਖ ਇਤਿਹਾਸ ਦਾ ਇੱਕ ਅਹਿਮ ਮੋੜ ਹੈ, ਸਗੋਂ ਇਹ ਨਵੇਂ ਸਾਲ ਦੀ ਆਮਦ ਅਤੇ ਫ਼ਸਲਾਂ ਦੀ ਕਟਾਈ ਦੇ ਜਸ਼ਨਾਂ ਦਾ ਵੀ ਪ੍ਰਤੀਕ ਹੈ। ਪ੍ਰਬੰਧਕਾਂ ਅਨੁਸਾਰ ਇਸ ਸਾਲ ਵੀ ਪੂਰੇ ਖੇਤਰ ਵਿੱਚੋਂ ਵੱਡੀ ਗਿਣਤੀ ਵਿੱਚ ਲੋਕ ਇਸ ਸਮਾਗਮ ਦਾ ਹਿੱਸਾ ਬਣੇ।

ਨਗਰ ਕੀਰਤਨ ਦੀ ਸ਼ੁਰੂਆਤ 85 ਐਵੇਨਿਊ ਸਥਿਤ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਤੋਂ ਹੋਈ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ 20 ਤੋਂ ਵੱਧ ਸੁੰਦਰ ਪਾਲਕੀਆਂ ਅਤੇ ਫਲੋਟ ਸਜਾਏ ਗਏ ਸਨ। ਨਗਰ ਕੀਰਤਨ ਦੇ ਪੂਰੇ ਰੂਟ ਦੌਰਾਨ ਸਿੱਖ ਮਾਰਸ਼ਲ ਆਰਟ 'ਗਤਕਾ' ਦੇ ਪ੍ਰਦਰਸ਼ਨਾਂ ਨੇ ਸਭ ਦਾ ਮਨ ਮੋਹ ਲਿਆ। ਸੰਗਤਾਂ ਵੱਲੋਂ ਕੀਰਤਨ ਅਤੇ ਧਾਰਮਿਕ ਸੰਗੀਤ ਰਾਹੀਂ ਖਾਲਸੇ ਦੀ ਮਹਿਮਾ ਦਾ ਗਾਇਨ ਕੀਤਾ ਗਿਆ। ਹਜ਼ਾਰਾਂ ਦੀ ਗਿਣਤੀ ਵਿੱਚ ਵਾਲੰਟੀਅਰਾਂ ਨੇ ਸੜਕਾਂ ਦੇ ਕਿਨਾਰੇ ਲੰਗਰ ਅਤੇ ਪਾਣੀ ਦੀ ਸੇਵਾ ਕਰਕੇ ਸਿੱਖ ਧਰਮ ਦੀ ਸੇਵਾ ਅਤੇ ਨਿਸ਼ਕਾਮਤਾ ਦੀ ਰਵਾਇਤ ਨੂੰ ਕਾਇਮ ਰੱਖਿਆ। ਸਰੀ ਦੀਆਂ ਸੜਕਾਂ 'ਤੇ ਹਰ ਪਾਸੇ ਸੇਵਾ ਅਤੇ ਸਿਮਰਨ ਦਾ ਅਨੋਖਾ ਸੰਗਮ ਦੇਖਣ ਨੂੰ ਮਿਲਿਆ।

ਨਗਰ ਕੀਰਤਨ ਦੇ ਬੁਲਾਰੇ ਮਨਿੰਦਰ ਸਿੰਘ ਨੇ ਦੱਸਿਆ ਕਿ ਲੰਗਰ ਵਰਤਾਉਣ ਦਾ ਮਕਸਦ ਲੋਕਾਂ ਨੂੰ ਇੱਕ-ਦੂਜੇ ਦੇ ਨੇੜੇ ਲਿਆਉਣਾ ਹੈ। ਉਹਨਾਂ ਅਨੁਸਾਰ ਭੋਜਨ ਇੱਕ ਅਜਿਹਾ ਜ਼ਰੀਆ ਹੈ ਜੋ ਗੱਲਬਾਤ ਦੀ ਸ਼ੁਰੂਆਤ ਕਰਦਾ ਹੈ ਅਤੇ ਸਮਾਜ ਵਿੱਚ ਇੱਕ-ਦੂਜੇ ਬਾਰੇ ਸਿੱਖਣ ਦਾ ਮੌਕਾ ਪ੍ਰਦਾਨ ਕਰਦਾ ਹੈ। ਆਕਾਸ਼ਦੀਪ ਸਿੰਘ, ਜੋ ਪਿਛਲੇ ਕਈ ਸਾਲਾਂ ਤੋਂ ਇਸ ਨਗਰ ਕੀਰਤਨ ਦੇ ਪ੍ਰਬੰਧਾਂ ਵਿੱਚ ਸੇਵਾ ਨਿਭਾ ਰਹੇ ਹਨ, ਨੇ ਕਿਹਾ ਕਿ ਇਹ ਸਮਾਗਮ ਸਥਾਨਕ ਸਿੱਖ ਭਾਈਚਾਰੇ ਨੂੰ ਆਪਣੀਆਂ ਅਮੀਰ ਪਰੰਪਰਾਵਾਂ ਨੂੰ ਦੁਨੀਆ ਦੇ ਸਾਹਮਣੇ ਪੇਸ਼ ਕਰਨ ਦਾ ਮੌਕਾ ਦਿੰਦਾ ਹੈ। ਉਹਨਾਂ ਅਨੁਸਾਰ ਸਿੱਖੀ ਦਾ ਅਸਲ ਮਤਲਬ ਹੀ ਹਰ ਕਿਸੇ ਦੀ ਸੇਵਾ ਵਿੱਚ ਹਾਜ਼ਰ ਰਹਿਣਾ ਹੈ।

ਸਾਲ 2026 ਦਾ ਇਹ ਨਗਰ ਕੀਰਤਨ ਪਿਛਲੇ ਕੁਝ ਸਾਲਾਂ ਵਾਂਗ ਸਰੀ ਦੇ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਸੀ। ਨਿੱਝਰ, ਜੋ ਖਾਲਿਸਤਾਨ ਦੇ ਸਮਰਥਕ ਸਨ, ਦਾ 2023 ਵਿੱਚ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਹੁਣ ਤੱਕ ਚਾਰ ਭਾਰਤੀ ਨਾਗਰਿਕਾਂ 'ਤੇ ਕਤਲ ਦੀ ਸਾਜ਼ਿਸ਼ ਦੇ ਦੋਸ਼ ਆਇਦ ਕੀਤੇ ਗਏ ਹਨ। ਇਸ ਮੌਕੇ ਖਾਲਿਸਤਾਨ ਦੀ ਘੋਸ਼ਣਾ ਦੇ 40 ਸਾਲ ਪੂਰੇ ਹੋਣ ਦਾ ਵਿਸ਼ਾ ਵੀ ਉਭਰ ਕੇ ਸਾਹਮਣੇ ਆਇਆ ਅਤੇ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਪੀਲੇ ਰੰਗ ਦੇ ਝੰਡੇ ਲਹਿਰਾਏ ਗਏ। ਮਨਿੰਦਰ ਸਿੰਘ ਨੇ ਕਿਹਾ ਕਿ ਭਾਈਚਾਰਾ ਅਜੇ ਵੀ ਇਸ ਘਟਨਾ ਦੇ ਦੁੱਖ ਵਿੱਚ ਹੈ ਅਤੇ ਨਿੱਝਰ ਦੇ ਯੋਗਦਾਨ ਨੂੰ ਕਦੇ ਵੀ ਨਹੀਂ ਭੁਲਾਇਆ ਜਾਵੇਗਾ।

ਸ਼ਹਿਰ ਵਿੱਚ ਵਧ ਰਹੇ ਫਿਰੌਤੀ ਦੇ ਮਾਮਲਿਆਂ ਕਾਰਨ ਇਸ ਵਾਰ ਨਗਰ ਕੀਰਤਨ ਦੌਰਾਨ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਸਰੀ ਪੁਲਿਸ ਸਰਵਿਸ ਅਨੁਸਾਰ ਸਾਲ 2026 ਵਿੱਚ ਹੁਣ ਤੱਕ ਫਿਰੌਤੀ ਦੇ 84 ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਸ ਕਾਰਨ ਦੱਖਣੀ ਏਸ਼ੀਆਈ ਭਾਈਚਾਰੇ ਵਿੱਚ ਚਿੰਤਾ ਦਾ ਮਾਹੌਲ ਹੈ। ਮੇਅਰ ਬਰੈਂਡਾ ਲੋਕ ਨੇ ਦੱਸਿਆ ਕਿ ਸ਼ਹਿਰ ਪ੍ਰਸ਼ਾਸਨ ਨੇ ਸਮਾਗਮ ਨੂੰ ਸੁਰੱਖਿਅਤ ਬਣਾਉਣ ਲਈ ਵਾਧੂ ਸਾਧਨ ਜੁਟਾਏ ਸਨ। ਪੁਲਿਸ ਅਧਿਕਾਰੀਆਂ ਅਨੁਸਾਰ ਅਜਿਹੇ ਵੱਡੇ ਸਮਾਗਮ ਦੀ ਵਿਉਂਤਬੰਦੀ ਲਗਭਗ ਇੱਕ ਸਾਲ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਜਾਂਦੀ ਹੈ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ। ਪੁਲਿਸ ਅਤੇ ਪ੍ਰਬੰਧਕਾਂ ਨੇ ਮਿਲ ਕੇ ਸੰਗਤਾਂ ਦੀ ਸੁਰੱਖਿਆ ਲਈ ਲਗਾਤਾਰ ਕੰਮ ਕੀਤਾ।

ਸਮਾਗਮ ਦੌਰਾਨ 72 ਐਵੇਨਿਊ ਤੋਂ 88 ਐਵੇਨਿਊ ਅਤੇ ਸਕੌਟ ਰੋਡ ਤੋਂ ਕਿੰਗ ਜਾਰਜ ਬੁਲੇਵਾਰਡ ਤੱਕ ਆਵਾਜਾਈ ਪੂਰੀ ਤਰ੍ਹਾਂ ਬੰਦ ਰਹੀ, ਜਿਸ ਕਾਰਨ ਲੋਕਾਂ ਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਪਰ ਨਗਰ ਕੀਰਤਨ ਦੀ ਸ਼ਾਨ ਅੱਗੇ ਸਭ ਕੁਝ ਫਿੱਕਾ ਨਜ਼ਰ ਆਇਆ। ਭਾਈਚਾਰੇ ਦੇ ਆਗੂਆਂ ਨੇ ਗੁਰਦੁਆਰਾ ਸਾਹਿਬਾਨ ਵਿੱਚ ਲਗਾਤਾਰ ਮੀਟਿੰਗਾਂ ਕਰਕੇ ਸੰਗਤਾਂ ਨੂੰ ਸੁਰੱਖਿਆ ਪ੍ਰਤੀ ਭਰੋਸਾ ਦਿਵਾਇਆ ਸੀ। ਸਟਾਫ਼ ਸਾਰਜੈਂਟ ਲਿੰਡਸੇ ਹਾਊਟਨ ਨੇ ਦੱਸਿਆ ਕਿ ਪੁਲਿਸ ਨੇ ਭਾਈਚਾਰੇ ਦੀਆਂ ਸੰਵੇਦਨਸ਼ੀਲਤਾਵਾਂ ਅਤੇ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀ ਤਿਆਰੀ ਕੀਤੀ ਸੀ। ਅੰਤ ਵਿੱਚ, ਇਹ ਨਗਰ ਕੀਰਤਨ ਨਾ ਸਿਰਫ਼ ਇੱਕ ਧਾਰਮਿਕ ਜਸ਼ਨ ਵਜੋਂ ਉੱਭਰਿਆ, ਸਗੋਂ ਇਸ ਨੇ ਸਰੀ ਵਿੱਚ ਰਹਿਣ ਵਾਲੇ ਸਿੱਖ ਭਾਈਚਾਰੇ ਦੀ ਏਕਤਾ ਅਤੇ ਸਮਰਪਣ ਦੀ ਭਾਵਨਾ ਨੂੰ ਵੀ ਦੁਨੀਆ ਭਰ ਵਿੱਚ ਉਜਾਗਰ ਕੀਤਾ।

# ਕੈਨੇਡਾ-ਅਮਰੀਕਾ ਆਰਥਿਕ ਸਬੰਧਾਂ ਲਈ ਨਵੀਂ ਸਲਾਹਕਾਰ ਕਮੇਟੀ ਦਾ ਗਠਨ




ਸਰੀ, (ਏਕਜੋਤ ਸਿੰਘ): ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਕੈਨੇਡਾ-ਅਮਰੀਕਾ ਆਰਥਿਕ ਸਬੰਧਾਂ ਬਾਰੇ ਨਵੀਂ ਬਣਾਈ ਗਈ ਸਲਾਹਕਾਰ ਕਮੇਟੀ ਦੇ ਮੈਂਬਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਸੂਚੀ ਵਿੱਚ ਟੈਰਿਫ ਨਾਲ ਪ੍ਰਭਾਵਿਤ ਖੇਤਰਾਂ ਦੀਆਂ ਚੋਟੀ ਦੀਆਂ ਉਦਯੋਗਿਕ ਹਸਤੀਆਂ ਦੇ ਨਾਲ-ਨਾਲ ਕਈ ਪ੍ਰਮੁੱਖ ਸਾਬਕਾ ਕੰਜ਼ਰਵੇਟਿਵ ਸੰਸਦ ਮੈਂਬਰਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇੱਕ ਪ੍ਰੈਸ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਇਹ ਕਮੇਟੀ ਕੈਨੇਡਾ-ਅਮਰੀਕਾ ਆਰਥਿਕ ਸਬੰਧਾਂ ਦੇ ਹਰ ਪਹਿਲੂ ਉੱਤੇ ਰਣਨੀਤੀ ਬਣਾਉਣ ਅਤੇ ਮਾਹਰ ਸਲਾਹ ਦੇਣ ਲਈ ਇੱਕ ਮੰਚ ਵਜੋਂ ਕੰਮ ਕਰੇਗੀ।

ਇਸ ਕੌਂਸਲ ਦੀ ਅਗਵਾਈ ਕੈਨੇਡਾ-ਅਮਰੀਕਾ ਵਪਾਰ ਮੰਤਰੀ ਡੋਮਿਨਿਕ ਲੇਬਲੈਂਕ ਵੱਲੋਂ ਕੀਤੀ ਜਾਵੇਗੀ। ਇਸ ਕਮੇਟੀ ਵਿੱਚ ਐਲੂਮੀਨੀਅਮ ਐਸੋਸੀਏਸ਼ਨ ਆਫ ਕੈਨੇਡਾ ਦੇ ਜੀਨ ਸਿਮਾਰਡ, ਕੈਨੇਡੀਅਨ ਚੈਂਬਰ ਆਫ ਕਾਮਰਸ ਦੀ ਕੈਂਡਿਸ ਲੇਂਗ, ਬੈਂਕ ਆਫ ਮਾਂਟਰੀਅਲ ਦੇ ਸੀਈਓ ਡੈਰਿਲ ਵ੍ਹਾਈਟ, ਸਾਬਕਾ ਕੰਜ਼ਰਵੇਟਿਵ ਸੰਸਦ ਮੈਂਬਰ ਲੀਜ਼ਾ ਰੇਟ ਅਤੇ ਕੈਨੇਡੀਅਨ ਨੈਸ਼ਨਲ ਰੇਲਵੇ ਦੀ ਟਰੇਸੀ ਰੌਬਿਨਸਨ ਸ਼ਾਮਲ ਹਨ। ਇਸ ਤੋਂ ਇਲਾਵਾ ਆਟੋਮੋਟਿਵ ਪਾਰਟਸ ਮੈਨੂਫੈਕਚਰਰਜ਼ ਐਸੋਸੀਏਸ਼ਨ ਦੇ ਫਲੇਵੀਓ ਵੋਲਪੇ, ਆਰਸੇਲਰ ਮਿੱਤਲ ਡੋਫਾਸਕੋ ਦੇ ਰੋਨ ਬੇਡਾਰਡ ਅਤੇ ਨਿਊਟਰੀਅਨ ਦੇ ਕੇਨ ਸੀਟਜ਼ ਨੂੰ ਵੀ ਥਾਂ ਦਿੱਤੀ ਗਈ ਹੈ।

ਕਮੇਟੀ ਦੇ ਹੋਰ ਮੈਂਬਰਾਂ ਵਿੱਚ ਡੈਨਿਸ ਡਾਰਬੀ, ਲਾਨਾ ਪੇਨ, ਫ੍ਰਾਂਸਵਾਇਸ ਪੋਇਰੀਅਰ, ਐਮਿਲ ਕੋਰਡੋ, ਲੂਕ ਥੇਰੀਅਲਟ, ਮਗਾਲੀ ਪਿਕਾਰਡ, ਜੋਨਾਥਨ ਪ੍ਰਾਈਸ, ਸੁਜ਼ਨ ਯੁਰਕੋਵਿਚ ਅਤੇ ਮਾਈਕਲ ਹਾਰਵੇ ਸ਼ਾਮਲ ਹਨ। ਇਸ ਦੇ ਨਾਲ ਹੀ ਤਬਾਥਾ ਬ੍ਰੂੱਲ, ਕੈਮਰੂਨ ਬੇਲੀ, ਵੈਲੇਰੀ ਬਿਊਡੋਇਨ, ਸਾਬਕਾ ਕੰਜ਼ਰਵੇਟਿਵ ਨੇਤਾ ਏਰਿਨ ਓਟੂਲ, ਸਾਬਕਾ ਪ੍ਰੀਮੀਅਰ ਜੀਨ ਚਾਰੇਸਟ, ਪੀ.ਜੇ. ਅਕੀਗੋਕ ਅਤੇ ਰਾਲਫ਼ ਗੁਡੇਲ ਵੀ ਇਸ ਕਮੇਟੀ ਦਾ ਅਹਿਮ ਹਿੱਸਾ ਹੋਣਗੇ। This report was written by Ekjot Singh as part of the Local Journalism Initiative.


fruiticana hee jaana!
It's Rajan Mango Season!
Rajan Mango ਰਾਜਨ
WHOLESALE PRICES AT RETAIL STORE
UNBEATABLE SPECIAL
Rajan Haden Mangoes 4 kg
ਰਾਜਨ ਹੇਡਨ ਅੰਬ
$17.98 box
UNBEATABLE SUPER SUPER SPECIAL
Yellow Onions 50 lb or Red Onions 25 lb
ਪੀਲੇ ਗੰਢੇ ਲਾਲ ਗੰਢੇ
YELLOW ONIONS
RED ONIONS
$16.98 bag
SUPER SPECIAL
Cilantro
ਧਣੀਆ
2 bunches for / 99¢
Oranges Seedless
ਸੰਗਤਰੇ ( ਬਿਨਾ ਬੀਜ ਤੋਂ )
99¢ lb
SUPER SPECIAL
Indian Style Carrots
ਇੰਡੀਅਨ ਗਾਜਰਾਂ
98¢ lb
SUPER SPECIAL
Jumbo Carrots
ਜੰਬੋ ਗਾਜਰਾਂ
68¢ lb
Indican Punjabi Biscuits 2.2 lb
ਇੰਡੀਕੇਨ ਪੰਜਾਬੀ ਕੁਕੀਜ਼
$5.98 pkg.
Frooti Mango Juice 1L
ਫਰੂਟੀ ਅੰਬ ਜੂਸ
$1.99 bottle+deposit
SUPER SPECIAL
DAALS, Chickpeas, Chana Daal, Black Chana, Red Lentil Split & Whole
ਸਫੈਦ ਛੋਲੇ, ਛੋਲਿਆਂ ਦੀ ਦਾਲ, ਕਾਲੇ ਛੋਲੇ, ਮਸਰਾਂ ਦੀ ਦਾਲ, ਅਤੇ ਸਾਬਤ ਮਸਰ
98¢ lb
SUPER SPECIAL
Fresh ginger & Fresh Garlic
ਤਾਜ਼ਾ ਲਸਣ ਤਾਜ਼ਾ ਅਦੱਰਕ
99¢ lb
Fine Cane Sugar (Indican) 8 lb
ਗੰਨੇ ਦੀ ਖੰਡ 8lb ਇੰਡੀਕੇਨ
$5.99 bag
Raw Almonds #1 Large Size
ਵੱਡੇ ਬਦਾਮ
$5.98 lb
SUPER SPECIAL
Indian Eggplants
ਦੇਸੀ ਬਤਾਊਂ
99¢ lb
SUPER SPECIAL
Plain Gur 2 lb
ਸਾਦਾ ਗੁੜ
$2.98 shell
Ahmed Mix or Mango Pickle (Achar) 1 kg
ਅਹਿਮਦ ਮਿਕਸ ਜਾਂ ਆਮ ਦਾ ਅਚਾਰ
$3.98 ea.
Roasted Peanuts in Shell
ਭੁੰਨੀ ਮੂੰਗਫਲੀ
$1.99 lb
Daikon (Moli)
ਮੂਲੀ
99¢ lb
Red Lentil Whole, Split & Chickpeas 4 lb Indican
ਇੰਡੀਕੇਨ ਚਿੱਟੇ ਛੋਲੇ ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ 4 lbs
$3.98 bag
Indican Basmati Rice 8 lb
ਇੰਡੀਕੇਨ ਬਾਸਮਤੀ ਚੌਲ
$6.99 bag
Indican Tea 216's
ਇੰਡੀਕੇਨ ਚਾਹ
$5.99 pkg.
Rapini (Sarson da Saag)
ਸਰਸੋਂ ਦਾ ਸਾਗ
$1.99 bunch
Russet Potatoes Snoboy 10 lb
ਆਲੂ ਰਸਟ ਸਨੋਬੁਆਏ
$3.98 bag
Frozen Cut Okra (Indican) 908 g
ਇੰਡੀਕੇਨ ਕੱਟੀ ਭਿੰਡੀ 908 g
$4.99 pkg.
Product images may differ from the actual produc..
Fri Apr 24, 2026 - Wed Apr 29, 2026
We reserve the right to limit the quantities while they last
Specials valid for Lower Mainland only
24 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 9 PM 7 DAYS A WEEK
Disclaimer: We reserve the right to add restrictions on products with a minimum purchase
FRUITICANA KING GEORGE LOCATION NOW OPEN #101-10241 KING GEORGE BLVD, SURREY. 604-503-1149
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 10241 King George Blvd ----- 604-503-1149
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
Surrey ----------- 101-1812 152St. ------------- 604-539-5736
New Westminster 101-331 6th St. ------------- 604-395-3595
Abbotsford ------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond -------- 4101 No.5 Rd. --------------- 604-244-9520